**Golden State Realty** — JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।



Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 27, Issue 09; February 28, 2026
20451 N. Plum Grove Rd., Palatine, IL 60074
Ph:847-359-0746, Fax:847-705-9388


## ਪੰਜਾਬ ਦੀ ਸਿਆਸਤ 'ਚ ਮੁੜ ਭਖਿਆ ਪਾਣੀਆਂ ਦਾ ਮੁੱਦਾ

### ਰਾਜਸਥਾਨ ਨੂੰ ਜਾਂਦੇ ਪਾਣੀ 'ਤੇ ਰੋਕ ਦੇ ਐਲਾਨ ਤੋਂ ਬਾਅਦ ਤਪਿਆ ਸਿਆਸੀ ਮਾਹੌਲ



**ਚੰਡੀਗੜ੍ਹ:** ਪੰਜਾਬ ਦੀ ਸਿਆਸਤ 'ਚ ਪਾਣੀਆਂ ਦਾ ਮੁੱਦਾ ਇਕ ਵਾਰ ਫ਼ਿਰ ਚਰਚਾ 'ਚ ਹੈ। ਪੰਜਾਬ-ਹਰਿਆਣਾ ਵਿਚਕਾਰ ਸਤਲੁਜ-ਯਮੁਨਾ (ਐਸ. ਵਾਈ. ਐਲ.) ਨਹਿਰ ਸੰਬੰਧੀ ਵਿਵਾਦ ਅਜੇ ਤੱਕ ਸੁਲਝਿਆ ਨਹੀਂ ਕਿ ਹੁਣ ਰਾਜਸਥਾਨ ਨੂੰ ਜਾਂਦੇ ਪਾਣੀ 'ਤੇ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਰੈਲੀ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਐਲਾਨ ਕੀਤਾ ਗਿਆ ਕਿ ਜੇਕਰ ਸੂਬੇ 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਪੰਜਾਬ ਤੋਂ ਰਾਜਸਥਾਨ ਨੂੰ ਜਾਂਦਾ ਪਾਣੀ ਰੋਕ ਦਿੱਤਾ ਜਾਵੇਗਾ। ਇਸ ਬਿਆਨ ਨਾਲ ਸਿਆਸੀ ਗਲਿਆਰਿਆਂ 'ਚ ਚਰਚਾ ਤੇਜ਼ ਹੋ ਗਈ ਹੈ ਅਤੇ ਕਈ ਕਾਨੂੰਨੀ ਤੇ ਰਾਜਨੀਤਿਕ ਸਵਾਲ ਖੜੇ ਹੋ ਗਏ ਹਨ। ਜ਼ੀਰਾ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਗਾਇਆ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਕਾਂਗਰਸ ਦੇ ਦੌਰ 'ਚ ਸਮਝੌਤਿਆਂ ਰਾਹੀਂ ਰਾਜਸਥਾਨ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਬਣਦੇ ਹੀ ਇਸ ਸਪਲਾਈ 'ਤੇ ਰੋਕ ਲਗਾਈ ਜਾਵੇਗੀ।

#### ਹਰੀਕੇ ਬੈਰਾਜ ਤੋਂ ਇੰਦਰਾ ਗਾਂਧੀ ਨਹਿਰ ਰਾਹੀਂ ਸਪਲਾਈ

ਸਰਕਾਰੀ ਸੂਤਰਾਂ ਮੁਤਾਬਕ ਰਾਜਸਥਾਨ ਨੂੰ ਜਾਣ ਵਾਲਾ ਪਾਣੀ ਮੁੱਖ ਤੌਰ 'ਤੇ ਹਰੀਕੇ ਬੈਰਾਜ ਤੋਂ ਛੱਡਿਆ ਜਾਂਦਾ ਹੈ, ਜਿਥੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀ ਆਪਸ 'ਚ ਮਿਲਦਾ ਹੈ। ਇਥੋਂ ਇਹ ਪਾਣੀ ਇੰਦਰਾ ਗਾਂਧੀ ਕੈਨਾਲ ਰਾਹੀਂ ਉੱਤਰ-ਪੱਛਮੀ ਰਾਜਸਥਾਨ ਦੇ ਸ੍ਰੀ ਗੰਗਾਨਗਰ, ਬੀਕਾਨੇਰ ਅਤੇ

(ਬਾਕੀ ਸਫ਼ਾ 6 'ਤੇ)

#### ਕੀ ਕਹਿੰਦਾ ਹੈ ਕਾਨੂੰਨੀ ਪੱਖ?

ਪੰਜਾਬ-ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਚਰਨਪਾਲ ਸਿੰਘ ਬਾਗੜੀ ਨੇ ਦੱਸਿਆ ਕਿ ਕਾਨੂੰਨ ਮੁਤਾਬਕ ਗੈਰ-ਦਰਿਆਈ ਸੂਬਿਆਂ ਦਾ ਪੰਜਾਬ ਦੇ ਦਰਿਆਈ ਪਾਣੀ 'ਤੇ ਕੋਈ ਅਧਿਕਾਰ ਨਹੀਂ ਬਣਦਾ ਹੈ, ਪ੍ਰੰਤੂ ਫਿਰ ਵੀ ਉਸ ਕਾਨੂੰਨ ਨੂੰ ਦਰਕਿਨਾਰ ਕਰ ਆਪਸੀ ਸਮਝੌਤੇ ਕੀਤੇ ਗਏ। ਉਸ ਸਮੇਂ ਦੀ ਕੇਂਦਰ ਸਰਕਾਰ ਵਲੋਂ ਨੋਟਿਫਿਕੇਸ਼ਨਾਂ ਰਾਹੀਂ ਟ੍ਰਿਬਿਊਨਲ ਬਣਾਇਆ ਗਿਆ ਅਤੇ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦਿੱਤੇ ਜਾਣ 'ਤੇ ਸਹਿਮਤੀ ਕਰਾਈ ਗਈ। ਉਨ੍ਹਾਂ ਕਿਹਾ ਕਿ ਜੇਕਰ ਇਹ ਮਸਲਾ ਹਿਮਾਚਲ ਤੇ ਪੰਜਾਬ ਵਿਚਕਾਰ ਹੁੰਦਾ ਤਾਂ ਕੇਂਦਰ ਦਾ ਦਖ਼ਲ ਦੇਣਾ ਜਾਇਜ਼ ਸੀ ਪਰ ਹਰਿਆਣਾ ਤੇ ਰਾਜਸਥਾਨ ਨੂੰ ਪੰਜਾਬ ਦੇ ਦਰਿਆਈ ਪਾਣੀ ਦੇ ਮਸਲੇ 'ਤੇ ਕੇਂਦਰ ਦਾ ਦਖ਼ਲ ਜਾਇਜ਼ ਨਹੀਂ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਸੰਵਿਧਾਨ ਦਾ ਆਰਟੀਕਲ 262 ਅੰਤਰਰਾਜੀ ਦਰਿਆਈ ਵਿਵਾਦਾਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰ ਨੂੰ ਦਿੰਦਾ ਹੈ ਅਤੇ ਅੰਤਰਰਾਜੀ ਦਰਿਆ ਪਾਣੀ ਵਿਵਾਦ ਕਾਨੂੰਨ, 1956 ਤਹਿਤ ਟ੍ਰਿਬਿਊਨਲ ਬਣ ਸਕਦਾ ਹੈ, ਜਿਸ ਦਾ ਫੈਸਲਾ

(ਬਾਕੀ ਸਫ਼ਾ 6 'ਤੇ)

## 15% ਟੈਰਿਫ ਤੋਂ ਬਾਅਦ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ 'ਗ੍ਰਹਿਣ'

### ਦੋਵਾਂ ਦੇਸ਼ਾਂ 'ਚ ਹੋਣ ਵਾਲੀ ਗੱਲਬਾਤ ਟਲੀ

**ਨਵੀਂ ਦਿੱਲੀ:** ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਦੇ ਟੈਰਿਫ ਬਾਰੇ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ ਤੋਂ ਬਾਅਦ ਭਾਰਤ ਤੇ ਅਮਰੀਕਾ ਵਿਚਾਲੇ ਤਜਵੀਜ਼ਸ਼ੁਦਾ ਵਪਾਰ ਸਮਝੌਤੇ ਦੇ ਕਾਨੂੰਨੀ ਦਸਤਾਵੇਜ਼ ਨੂੰ ਅੰਤਮ ਰੂਪ ਦੇਣ ਦੀ ਪ੍ਰਕਿਰਿਆ ਫ਼ਿਲਹਾਲ ਟਾਲ ਦਿੱਤੀ ਗਈ ਹੈ। ਵਣਜ ਮੰਤਰਾਲੇ ਦੇ ਅਧਿਕਾਰੀਆਂ ਦੀ ਟੀਮ ਇਸ ਹਫ਼ਤੇ ਅਮਰੀਕੀ ਵਣਜ ਵਿਭਾਗ ਨਾਲ ਖਰੜੇ ਨੂੰ ਅੰਤਮ ਰੂਪ ਦੇਣ ਵਾਲੀ ਸੀ ਪਰ ਬਦਲੇ ਹਾਲਾਤ ਦੇ ਮੱਦੇਨਜ਼ਰ ਇਸ ਨੂੰ ਅਗਲੀ ਤਰੀਕ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।




ਪਹਿਲਾਂ ਤੈਅ ਪ੍ਰੋਗਰਾਮ ਮੁਤਾਬਕ ਦੋਵੇਂ ਦੇਸ਼ ਮਾਰਚ ਵਿਚ ਸਮਝੌਤੇ 'ਤੇ ਦਸਤਖ਼ਤ ਕਰਨ ਦੀ ਤਿਆਰੀ ਵਿਚ ਸਨ। ਮੰਤਰਾਲੇ ਦੇ ਸੂਤਰਾਂ ਮੁਤਾਬਕ, ਅਮਰੀਕਾ ਵਿਚ ਟੈਰਿਫ ਵਿਵਸਥਾ ਸਬੰਧੀ ਜਾਰੀ ਕਾਨੂੰਨੀ ਬੇਭਰੋਸਗੀ ਕਾਰਨ ਡਿਸਕਝ7ਝਸ ਦਸਤਾਵੇਜ਼ੀ ਪ੍ਰਕਿਰਿਆ ਨੂੰ ਰੋਕਣਾ ਵਿਹਾਰਕ ਸਮਝਿਆ ਗਿਆ।

ਅਮਰੀਕੀ ਸੁਪਰੀਮ ਕੋਰਟ ਨੇ ਪਿਛਲੇ ਸਾਲ ਅਪ੍ਰੈਲ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਵੱਖ-ਵੱਖ ਦੇਸ਼ਾਂ 'ਤੇ ਲਗਾਏ ਗਏ ਵਿਆਪਕ ਦਰਾਮਦ ਟੈਰਿਫ ਨੂੰ ਨਾਜਾਇਜ਼ ਐਲਾਨ ਦਿੱਤਾ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਸਾਰੇ ਦੇਸ਼ਾਂ 'ਤੇ 10 ਫ਼ੀਸਦੀ ਦਾ ਆਲਮੀ ਟੈਰਿਫ ਐਲਾਨਿਆ ਅਤੇ ਬਾਅਦ ਵਿਚ ਇਸ ਨੂੰ ਵਧਾ ਕੇ 15 ਫ਼ੀਸਦੀ ਕਰ ਦਿੱਤਾ।

ਪਹਿਲਾਂ ਤਜਵੀਜ਼ਸ਼ੁਦਾ ਦੁਵੱਲੀ ਵਿਵਸਥਾ ਮੁਤਾਬਕ ਭਾਰਤ 'ਤੇ ਪ੍ਰਭਾਵੀ ਟੈਰਿਫ 25 ਫ਼ੀਸਦੀ ਤੋਂ ਘੱਟ ਕੇ 18 ਫੀਸਦੀ ਹੋਣ ਦੀ ਸੰਭਾਵਨਾ ਸੀ। ਹਾਲਾਂਕਿ ਨਵੇਂ 15 ਫ਼ੀਸਦੀ ਆਲਮੀ ਟੈਰਿਫ ਦੇ ਲਾਗੂ ਹੋਣ ਤੋਂ ਬਾਅਦ ਸਥਿਤੀ ਬਦਲ ਗਈ ਹੈ।. ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਰੋਕ ਦਾ ਭਾਰਤ ਨੂੰ ਤੁਰੰਤ ਕੋਈ ਨੁਕਸਾਨ ਨਹੀਂ ਹੈ ਕਿਉਂਕਿ ਹੁਣ ਸਾਰੇ ਦੇਸ਼ਾਂ 'ਤੇ ਇੱਕ ਜਿੰਨਾ 15 ਫ਼ੀਸਦੀ ਟੈਰਿਫ ਲਾਗੂ ਹੈ, ਨਾਲ ਹੀ ਅਪ੍ਰੈਲ 2025 ਤੋਂ ਪਹਿਲਾਂ ਲਾਗੂ ਰਵਾਇਤੀ ਦਰਾਂ ਵੀ ਲਾਗੂ ਰਹਿਣਗੀਆਂ।

ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਬਰਾਮਦੀ ਬਾਜ਼ਾਰ ਹੈ ਜਿੱਥੋਂ ਸਾਲ 2023-24 ਵਿਚ ਲਗਪਗ 86 ਅਰਬ ਡਾਲਰ ਦੀ ਬਰਾਮਦ ਹੋਈ। ਅਮਰੀਕੀ ਵਪਾਰ ਨੀਤੀ ਵਿਚ ਬੇਭਰੋਸਗੀ ਨੂੰ ਦੇਖਦਿਆਂ ਭਾਰਤ ਬਰਾਮਦ ਬਾਜ਼ਾਰਾਂ ਦੀ ਵਿਭਿੰਨਤਾ ਦੀ ਰਣਨੀਤੀ 'ਤੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਭਾਰਤ ਇਸ ਸਾਲ ਕੈਨੇਡਾ,

(ਬਾਕੀ ਸਫ਼ਾ 6 'ਤੇ)


GOLDEN STATE REALITY
"Realtor You Can Trust"
CRE Group Inc.



* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience
Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਪੌਣੇ ਪੰਜ ਕਿੱਲੋ ਹੈਰੋਇਨ, ਪਿਸਟਲ ਤੇ 'ਡਰੱਗੀ ਮਨੀ' ਸਮੇਤ 6 ਕਾਬੂ

**ਫ਼ਰੀਦਕੋਟ:** ਫ਼ਰੀਦਕੋਟ ਪੁਲਿਸ ਨੇ 2 ਔਰਤਾਂ ਸਮੇਤ 6 ਨਸ਼ਾ ਤਸਕਰਾਂ ਨੂੰ ਹੈਰੋਇਨ ਅਤੇ ਅਸਲ੍ਹੇ ਨਾਲ ਗ੍ਰਿਫ਼ਤਾਰ ਕਰਕੇ ਪਾਕਿਸਤਾਨ ਅਧਾਰਿਤ ਤਸਕਰਾਂ ਵਲੋਂ ਚਲਾਏ ਜਾ ਰਹੇ ਅੰਤਰਰਾਸ਼ਟਰੀ ਗ੍ਰੋਹ ਦਾ ਪਰਦਾਫ਼ਾਸ਼ ਕੀਤਾ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਐਸ.ਐਸ.ਪੀ.ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਤਸਕਰਾਂ ਵਿਚ ਅਮਰਦੀਪ ਸਿੰਘ ਉਰਫ਼ ਬੌਕਸਰ ਅਤੇ ਡਿੰਪਲ ਰਾਣੀ ਵਾਸੀ ਫ਼ਿਰੋਜ਼ਪੁਰ, ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ਼ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਅਭੀਜੋਤ ਵਾਸੀ ਮੋਗਾ, ਜਰਨੈਲ ਸਿੰਘ ਉਰਫ਼ ਗੋਲਡੀ ਵਾਸੀ ਲੁਧਿਆਣਾ ਦੇ ਰਹਿਣ ਵਾਲੇ ਹਨ।


ਪੁਲਿਸ ਪਾਰਟੀ ਵਲੋਂ ਦੋਸ਼ੀਆਂ ਪਾਸੋਂ 4 ਕਿੱਲੋ 804 ਗ੍ਰਾਮ ਹੈਰੋਇਨ, 1 ਪਿਸਟਲ .30 ਬੋਰ ਸਮੇਤ 3 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਦੋਸ਼ੀਆਂ ਵਲੋਂ ਨਸ਼ੇ ਦੀ ਤਸਕਰੀ ਦੌਰਾਨ ਵਰਤੀ ਜਾ ਰਹੀ ਕਾਰ ਵੀ ਕਬਜ਼ੇ ਵਿਚ ਲਈ ਗਈ ਹੈ। ਐਸ.ਐਸ.ਪੀ. ਨੇ ਦੱਸਿਆ। ਕਿ 20-21 ਫ਼ਰਵਰੀ ਦੀ ਦਰਮਿਆਨੀ ਰਾਤ ਨੂੰ ਸੀ.ਆਈ.ਏ. ਸਟਾਫ਼ ਫ਼ਰੀਦਕੋਟ ਦੀਆਂ ਟੀਮਾਂ ਨੇ ਗਰੀਨ ਐਵੀਨਿਊ ਨੂੰ ਜਾਣ ਵਾਲੀ ਸੜਕ 'ਤੇ ਖੜੀ ਇਕ ਥਾਰ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਗੱਡੀ ਵਿਚ ਸਵਾਰ ਜਰਨੈਲ ਸਿੰਘ ਉਰਫ਼ ਗੋਲਡੀ, ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ਼ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਅਭੀਜੋਤ ਦੀ ਡੀ. ਐਸ. ਪੀ (ਫ਼ਰੀਦਕੋਟ) ਤਰਲੋਚਨ ਸਿੰਘ ਦੀ ਨਿਗਰਾਨੀ ਹੇਠ ਤਲਾਸ਼ੀ ਲਈ ਗਈ।

ਤਲਾਸ਼ੀ ਦੌਰਾਨ ਗੱਡੀ ਦੀ ਅਗਲੀ ਕੰਡਕਟਰ ਸੀਟ ਦੇ ਪੈਰਾਂ ਸੀ ਵਾਲੇ ਹਿੱਸੇ 'ਚ ਪਏ ਇਕ ਕਿੱਟ ਬੈਗ ਵਿਚੋਂ 11 ਕਿੱਲੋ 8 ਗ੍ਰਾਮ ਹੈਰੋਇਨ ਅਤੇ 30,000 ਰੁਪਏ ਡਰੱਗ ਮਨੀ ਬਰਾਮਦ ਹੋਈ।


ਉਕਤ ਗ੍ਰਿਫ਼ਤਾਰ ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਨਸ਼ੇ ਦੀ ਖੇਪ ਅਮਰਦੀਪ ਸਿੰਘ ਉਰਫ਼ ਬੌਕਸਰ ਵਲੋਂ ਆਪਣੀ ਐਕਸ.ਯੂ.ਵੀ.-500 ਗੱਡੀ ਰਾਹੀਂ ਮੁਹੱਈਆ । ਕਰਵਾਈ ਗਈ ਸੀ, ਜਿਸ ਦੇ ਬਦਲੇ 2 ਲੱਖ 60 7 ਹਜ਼ਾਰ ਰੁਪਏ ਅਦਾ ਕੀਤੇ ਗਏ ਸਨ, ਜਿਸ ਤੋਂ ਬਾਅਦ ਅਮਰਦੀਪ ਸਿੰਘ ਉਰਫ਼ ਬੌਕਸਰ ਨੂੰ ਮੁਕੱਦਮੇ ਵਿਚ ਨਾਮਜ਼ਦ ਕਰਕੇ ਉਸ ਦੀ ਭਾਲ ਸ਼ੁਰੂ ਕੀਤੀ ਗਈ। ਇਸ ਦੌਰਾਨ ਇੰਸਪੈਕਟਰ ਅਮਰਿੰਦਰ ਸਿੰਘ ਇੰਚਾਰਜ ਸੀ.ਆਈ.ਏ. 6 ਸਟਾਫ ਫ਼ਰੀਦਕੋਟ ਨੇ ਪੁਲਿਸ ਪਾਰਟੀ ਸਮੇਤ 1. ਦੋਸ਼ੀ ਦਾ ਪਿੱਛਾ ਕਰਦੇ ਹੋਏ ਪਿੰਡ ਗੋਲੇਵਾਲਾ ਸੇਮਨਾਲਾ ਨੇੜੇ ਉਸ ਨੂੰ ਉਸ ਦੀ ਕਾਰ ਅਤੇ ਡਿੰਪਲ ਰਾਣੀ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 3 ਕਿੱਲੋ 796 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਦੇ ਨਾਲ ਹੀ 30 ਬੋਰ ਦਾ ਇਕ ਪਿਸਟਲ ਅਤੇ 3 ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

TBF
THE BAINS FIRM

Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ‘ਨਿੱਕ’ ਸਹੋਤਾ ਵੱਲੋਂ ਡਿਸਟ੍ਰਿਕਟ 4 ਲਈ ਚੋਣ ਲੜਨ ਦਾ ਐਲਾਨ



**ਸੈਲਮਾਂ:** ਨਰਿੰਦਰ ਸਿੰਘ ਸਹੋਤਾ, ਜਿਨ੍ਹਾਂ ਨੂੰ ਸਮੁੱਚੇ ਭਾਈਚਾਰੇ ਵਿਚ ‘ਨਿੱਕ’ ਸਹੋਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜੋ ਸਥਾਨਕ ਕਿਸਾਨ, ਕਾਰੋਬਾਰੀ ਅਤੇ ਸੈਲਮਾਂ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਟਰੱਸਟੀ ਹਨ, ਨੇ ਜੂਨ 2026 ਦੀ ਪ੍ਰਾਇਮਰੀ ਚੋਣ ਵਿਚ ਫਰਿਜ਼ਨੋ ਕਾਉਂਟੀ ਬੋਰਡ ਆਫ ਸੁਪਰਵਾਈਜ਼ਰਜ਼, ਡਿਸਟ੍ਰਿਕਟ 4 ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਚੋਣ ਇਸ ਲਈ ਲੜ ਰਹੇ ਹਨ ਤਾਂ ਜੋ ਡਿਸਟ੍ਰਿਕਟ 4 ਦੇ ਭਾਈਚਾਰਿਆਂ ਲਈ ਵਧੀਆ ਲੀਡਰਸ਼ਿਪ ਅਤੇ ਮਜ਼ਬੂਤ ਨੁਮਾਇੰਦਗੀ ਦੇ ਸਕਣ।

ਨਰਿੰਦਰ ਸਿੰਘ ਸਹੋਤਾ ਨੇ ਆਖਿਆ ਕਿ ‘ਇੱਕ ਕਿਸਾਨ, ਕਾਰੋਬਾਰੀ, ਸਕੂਲ ਬੋਰਡ ਮੈਂਬਰ ਅਤੇ ਕਮਿਊਨਿਟੀ ਦਾ ਮੈਂਬਰ ਹੋਣ ਦੇ ਨਾਤੇ ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਮਿਹਨਤੀ ਪਰਿਵਾਰਾਂ ਅਤੇ ਸਥਾਨਕ ਕਾਰੋਬਾਰਾਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਪਾਣੀ ਅਤੇ ਖੇਤੀ ਦੀ ਰੱਖਿਆ ਕਰਨ, ਪਬਲਿਕ ਸੇਫਟੀ ਨੂੰ ਹੋਰ ਮਜ਼ਬੂਤ ਕਰਨ, ਸਸਤੇ ਘਰਾਂ ਦੇ ਮੌਕੇ ਵਧਾਉਣ, ਅਤੇ ਸਾਰੀਆਂ ਸਹੂਲਤਾਂ ਲੋਕਾਂ ਤੱਕ ਪਹੁੰਚਾਉਣ ਲਈ ਚੋਣ ਲੜ ਰਿਹਾ ਹਾਂ।’ ਉਨ੍ਹਾਂ ਦੱਸਿਆ ਕਿ ਇਹ ਫੈਸਲਾ ਉਨ੍ਹਾਂ ਨੇ ਕਮਿਊਨਿਟੀ ਦੇ ਮੈਂਬਰਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਦੀ ਹੌਸਲਾ ਅਫਜ਼ਾਈ ਨਾਲ ਲਿਆ ਹੈ। ਉਨ੍ਹਾਂ ਅੱਗੇ ਕਿਹਾ, “ਸਾਡੀ ਕਮਿਊਨਿਟੀ ਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜੋ ਫਰਿਜ਼ਨੋ ਕਾਉਂਟੀ ਦੀ ਅਸਲੀ ਤਾਕਤ ਨੂੰ ਸਮਝੇ।”

ਸਹੋਤਾ ਇਸੇ ਇਲਾਕੇ ਵਿਚ ਵੱਡੇ ਹੋਏ ਹਨ ਤੇ ਉਨ੍ਹਾਂ ਨੇ ਸੈਲਮਾ ਹਾਈ ਸਕੂਲ ਤੋਂ ਪੜ੍ਹਾਈ ਕੀਤੀ, ਫਿਰ ਰੀਡਲੀ ਕਾਲਜ ਵਿੱਚ ਪੜ੍ਹੇ, ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਤੋਂ ਇੰਜੀਨੀਅਰਿੰਗ ਵਿਚ ਡਿਗਰੀ ਹਾਸਲ ਕੀਤੀ। 2008 ਤੋਂ ਉਹ ਆਪਣੀ ਕੰਪਨੀ ਸੈਂਟਰਲ ਵੈਲੀ ਇੰਜੀਨੀਅਰਿੰਗ ਐਂਡ ਸਰਵੇਇੰਗ ਚਲਾ ਰਹੇ ਹਨ, ਜਿੱਥੇ ਉਨ੍ਹਾਂ ਨੇ ਸ਼ਹਿਰਾਂ, ਡਿਵੈਲਪਰਾਂ ਅਤੇ ਸਥਾਨਕ ਲੋਕਾਂ ਨਾਲ ਮਿਲ ਕੇ ਕਈ ਇਨਫਰਾਸਟਰਕਚਰ ਅਤੇ ਡਿਵੈਲਪਮੈਂਟ ਪ੍ਰੋਜੈਕਟਾਂ ‘ਤੇ ਕੰਮ ਕੀਤਾ ਹੈ।

ਉਹ ਸੈਲਮਾਂ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਬੋਰਡ ਵਿਚ ਛੇ ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਹਨ, ਜਿਨ੍ਹਾਂ ਵਿਚੋਂ ਦੋ ਸਾਲ ਉਹ ਬੋਰਡ ਪ੍ਰੈਜ਼ੀਡੈਂਟ ਵੀ ਰਹੇ। ਉਨ੍ਹਾਂ ਦੇ ਸਮੇਂ ਦੌਰਾਨ ਸਕੂਲਾਂ ਵਿਚ ਮਿਲੀਅਨ ਡਾਲਰ ਦੇ ਸੁਧਾਰ ਹੋਏ, ਅਕਾਦਮਿਕ ਪ੍ਰੋਗਰਾਮ ਮਜ਼ਬੂਤ ਹੋਏ, ਅਤੇ ਲੰਬੇ ਸਮੇਂ ਵਾਲੇ ਲੇਬਰ ਸਮਝੌਤੇ ਵੀ ਸਫਲਤਾਪੂਰਵਕ ਵਿੱਤੀ ਜ਼ਿੰਮੇਵਾਰੀ ਨਾਲ ਕੀਤੇ ਗਏ।

ਸਹੋਤਾ ਸੈਲਮਾਂ ਚੈਂਬਰ ਆਫ ਕਾਮਰਸ ਦੇ ਪ੍ਰੈਜ਼ੀਡੈਂਟ, ਸੈਲਮਾ ਰੋਟਰੀ ਕਲੱਬ ਦੇ ਪਿਛਲੇ ਪ੍ਰੈਜ਼ੀਡੈਂਟ, ਬਿਜ਼ਨਸ ਇੰਪਰੂਵਮੈਂਟ ਡਿਸਟ੍ਰਿਕਟ ਦੇ ਬੋਰਡ ਮੈਂਬਰ, ਸਿੱਖ ਹਿਸਟੋਰੀਕਲ ਸੋਸਾਇਟੀ ਦੇ ਡਾਇਰੈਕਟਰ, ਅਤੇ ਫਰਿਜ਼ਨੋ ਕਾਉਂਟੀ ਹਾਊਸਿੰਗ ਅਤੇ ਕਮਿਊਨਿਟੀ ਡਿਵੈਲਪਮੈਂਟ ਕਮੇਟੀ ਦੇ ਮੈਂਬਰ ਰਹਿ ਚੁੱਕੇ ਹਨ। ਜੇ ਉਹ ਚੁਣੇ ਜਾਂਦੇ ਹਨ, ਤਾਂ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿਚ ਪਾਣੀ ਦੀ ਪੱਕੀ ਉਪਲਬਧਤਾ ਅਤੇ ਸਟੋਰੇਜ, ਖੇਤੀਬਾੜੀ ਅਤੇ ਰੋਜ਼ਗਾਰ ਦਾ ਸਮਰਥਨ, ਕਾਉਂਟੀ ਦੀਆਂ ਸੜਕਾਂ ਦਾ ਸੁਧਾਰ, ਘਰਾਂ ਦੇ ਮੌਕੇ ਵਧਾਉਣਾ, ਅਤੇ ਪਿੰਡਾਂ ਅਤੇ ਵਧ ਰਹੇ ਸ਼ਹਿਰਾਂ ਵਿਚ ਮਜ਼ਬੂਤ ਪਬਲਿਕ ਸੇਫਟੀ ਬਣਾਈ ਰੱਖਣਾ ਸ਼ਾਮਲ ਹੋਵੇਗਾ।

ਸਹੋਤਾ ਨੇ ਜੂਨ 2026 ਦੀ ਪ੍ਰਾਇਮਰੀ ਚੋਣ ਵਿਚ ਵੋਟਰਾਂ ਤੋਂ ਸਮਰਥਨ ਮੰਗਿਆ ਹੈ। ਉਨ੍ਹਾਂ ਦੱਸਿਆ ਕਿ ਫੰਡਰੇਜ਼ਰ ਅਤੇ ਕਮਿਊਨਿਟੀ ਮਿਲਣ ਦੇ ਦਿਨ ਜਲਦੀ ਐਲਾਨ ਕੀਤੇ ਜਾਣਗੇ। ਹੋਰ ਜਾਣਕਾਰੀ ਲਈ, ਵਾਲੰਟੀਅਰ ਬਣਨ ਲਈ ਜਾਂ ਕੈਂਪੇਨ ਦਾ ਸਮਰਥਨ ਕਰਨ ਲਈ: Nick Sahota for Fresno County Supervisor – District 4, ਫੋਨ: 559-492-6402 ਈਮੇਲ: Vote4sahota@ yahoo.com ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

*–ਕੁਲਵੰਤ ਧਾਲੀਆਂ/ਨੀਟਾ ਮਾਛੀਕੇ*

# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible US citizen match for their daughter, age 27, height 5’ 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

Tonk Kshatri family is looking for a Gursikh, vegetarian match based in the US with comparable qualifications for their H1B visa holder Corporate Attorney daughter, age 29, height 5’ 3". She is working as a corporate Attorney in Wilmington, Delaware). Parents retired from Education Department, Punjab, brother is an immigration Attorney in New York. Caste no bar. Please contact us at +91 98763 00624

Jat Sikh Grewal family looking for a compatible match for their US born and raised sweet, homely MD working daughter, age 31, height 5’ 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh Family is looking for a vegetarian amritdhari, family oriented GURSIKH singhnee who wears Keski (or is willing to do so) and is open to relocating to San Francisco Bay Area, USA. SINGH is 5’11', Amritdhari, 38 years old, well educated and is WELL SETTLED in the USA since 2009. Currently working as SENIOR software product leader in CALIFORNIA, USA. Singh is an innocent issueless divorcee(short marriage) and is looking for a fresh start. PREFERENCE will be given to North American match, but also open to sponsorship for the right match from other countries. For more details, DIAL us at +1 (510) 558-5650 or what’s app at +91 98993 79442 or email at: singhmat001@gmail.com

5-8

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5’6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

Restaurant Help Wanted

Immediately hiring Chef and Tandoori Chef for Indian restaurant in Murfreesboro, TN.
*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
Direct call or What’s up call 615-482-5158

ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ
ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ
ਫੋਨ: 515-291-1961

SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*

*Etihad, Air India, KLM, Lufthansa, Delta, Qatar Airlines.*
For Emergency Call anytime at 847-436-9010
*EARLY BIRD SALE!!!!*
Domestic fares available


UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਅਮਰੀਕੀ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਟਰੰਪ ਦੇ ਟੈਰਿਫ ਬੰਦ

**ਵਾਸ਼ਿੰਗਟਨ:** ਸੁਪਰੀਮ ਕੋਰਟ ਵਲੋਂ ਡਿਊਟੀਆਂ ਨੂੰ ਗੈਰ- ਕਾਨੂੰਨੀ ਕਰਾਰ ਦੇਣ ਤੋਂ ਬਾਅਦ, ਅਮਰੀਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਆਯਾਤ ਟੈਰਿਫਾਂ ਨੂੰ ਬੰਦ ਕਰ ਦੇਵੇਗਾ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਨੇ ਕਿਹਾ ਕਿ 1977 ਦੇ ਸਮੇਂ ਦੇ ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰ ਐਕਟ (ਆਈ. ਈ. ਈ. ਪੀ. ਏ.) ਦੇ ਤਹਿਤ ਟੈਰਿਫ ਇਕੱਠਾ ਕਰਨਾ ਮੰਗਲਵਾਰ ਨੂੰ ਸਥਾਨਕ ਅਮਰੀਕੀ ਸਮੇਂ ਅਨੁਸਾਰ 12.01 ਵਜੇ ਬੰਦ ਕਰਨਦੇ ਹੁਕਮ ਸਨ, ਜਿਸ ਨਾਲ ਆਯਾਤਕਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਕਾਰਗੋ ਪ੍ਰਣਾਲੀਆਂ ਵਿਚ ਸਾਰੇ ਸੰਬੰਧਿਤ ਟੈਰਿਫ ਕੋਡ ਰੱਦ ਕਰ ਦਿੱਤੇ ਜਾਣ। ਇਹ ਸਸਪੈਨਸ਼ਨ ਸਿਰਫ ਆਈ. ਈ. ਈ. ਪੀ.ਏ. ਦੇ ਤਹਿਤ ਲਗਾਏ ਗਏ ਟੈਰਿਫਾਂ 'ਤੇ ਲਾਗੂ ਹੁੰਦੀ ਹੈ. ਅਤੇ ਧਾਰਾ 232 ਰਾਸ਼ਟਰੀ-ਸੁਰੱਖਿਆ ਸਕਤੀਆਂ ਅਤੇ ਧਾਰਾ 301 ਅਨੁਚਿਤ ਵਪਾਰ ਕਾਨੂੰਨਾਂ ਦੇ ਅਧੀਨ ਹੋਰ ਟਰੰਪ ਦੇ ਕਾਰਜਕਾਲ ਦੌਰਾਨ ਲਗਾਏ ਟੈਕਸਾਂ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ। ਏਜੰਸੀ ਨੇ ਕਿਹਾ। ਸੀ. ਬੀ. ਪੀ. ਉਚਿਤ ਤੌਰ 'ਤੇ ਸੀ. ਐਸ. ਐਮ. ਐਸ. ਮੈਸਿਜ ਰਾਹੀਂ ਵਪਾਰਕ ਭਾਈਚਾਰੇ ਨੂੰ ਵਾਧੂ ਮਾਰਗਦਰਸ਼ਨ ਪ੍ਰਦਾਨ ਕਰੇਗਾ। ਇਹ ਕਦਮ ਟਰੰਪ ਵਲੋਂ ਕੱਟੀਆਂ ਗਈਆਂ ਡਿਊਟੀਆਂ ਦੀ ਥਾਂ ਇੱਕ ਵੱਖਰੇ ਕਾਨੂੰਨੀ ਅਥਾਰਟੀ ਦੇ ਤਹਿਤ 15 ਫੀਸਦੀ ਦੇ ਨਵੇਂ ਗਲੋਬਲ ਟੈਰਿਫ ਨੂੰ ਲਾਗੂ ਕਰਨ ਦੇ ਨਾਲ ਮੇਲ ਖਾਂਦਾ ਹੈ। ਇਹ ਯੂ.ਐਸ. ਟਰੇਡ ਪਾਲਿਸੀ 'ਚ ਤੇਜ਼ੀ ਨਾਲ ਬਦਲਾਅ ਦੇ ਸੰਕੇਤ. ਹਨ, ਜਦਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਕਾਨੂੰਨੀ ਅਤੇ ਵਿੱਤੀ ਨਤੀਜੇ ਜਾਰੀ ਹਨ। ਅਰਥਸ਼ਾਸਤਰੀਆਂ ਦਾ ਅਨੁਮਾਨ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਅਮਰੀਕੀ ਟੈਰਿਫ ਮਾਲੀਏ ਵਿਚ 175 ਬਿਲੀਅਨ ਡਾਲਰ ਤੋਂ



ਵੱਧ ਦੇ ਰਿਫੰਡ ਦਾ ਖਤਰਾ ਹੋ ਸਕਦਾ ਹੈ।

ਕਿਉਂਕਿ ਹੁਣ ਆਈ. ਈ. ਈ. ਪੀ. ਏ. ਡਿਊਟੀ ਤੋਂ ਰੋਜ਼ਾਨਾ 500 ਮਿਲੀਅਨ ਡਾਲਰ ਤੋਂ ਵੱਧ ਆ ਰਹੇ ਸਨ। ਸੁਪਰੀਮ ਕੋਰਟ ਨੇ ਹੇਠਲੀ ਅਦਾਲਤ ਦੇ ਨਤੀਜਿਆਂ ਦੀ ਪੁਸ਼ਟੀ ਕੀਤੀ ਕਿ ਡੋਨਾਲਡ ਟਰੰਪ ਨੇ ਆਈ.ਈ.ਈ. ਪੀ. ਏ. ਦੀ ਵਰਤੋਂ ਕਰਕੇ ਵੱਡੇ ਆਯਾਤ ਟੈਰਿਫ ਲਗਾ ਕੇ ਆਪਣੇ ਅਧਿਕਾਰ ਦੀ ਉਲੰਘਣਾ ਕੀਤੀ। ਇਹ ਮੰਨਦੇ ਹੋਏ ਕਿ ਕਾਨੂੰਨ ਨੇ ਉਹ ਸ਼ਕਤੀਆਂ ਨਹੀਂ ਦਿੱਤੀਆਂ ਜਿਹੜੀਆਂ ਉਸ ਨੇ ਦਾਅਵਾ ਕੀਤੀਆਂ ਸਨ। ਕੁਝ ਘੰਟਿਆਂ 'ਚ ਟਰੰਪ ਨੇ ਮੰਗਲਵਾਰ ਤੋਂ ਸ਼ੁਰੂ ਹੋਣ ਵਾਲੇ ਸਾਰੇ ਦੇਸ਼ਾਂ ਤੋਂ ਅਮਰੀਕੀ ਆਯਾਤ 'ਤੇ ਇੱਕ ਸੰਪੂਰਨ ਟੈਰਿਫ ਲਗਾਉਣ ਦਾ ਐਲਾਨ ਕੀਤਾ, ਜਿਸਨੂੰ ਸ਼ੁਰੂ ਵਿਚ 10 ਫੀਸਦੀ ਸੈੱਟ ਕੀਤਾ ਗਿਆ ਸੀ ਅਤੇ ਫਿਰ ਅਚਾਨਕ 15 ਫੀਸਦੀ ਤੱਕ ਵਧਾ ਦਿੱਤਾ ਗਿਆ। ਇਹ ਇਕ ਅਜਿਹੀ ਤਬਦੀਲੀ ਸੀ ਜਿਸਨੇ ਕੁਝ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ। ਨਵੀਆਂ ਡਿਊਟੀਆਂ ਅਮਰੀਕੀ ਵਪਾਰ ਕਾਨੂੰਨ ਦੀ ਧਾਰਾ 122 'ਤੇ ਨਿਰਭਰ ਕਰਦੀਆਂ ਹਨ ਪਰ ਇਹ ਇੱਕ ਅਜਿਹਾ ਨਿਯਮ ਹੈ ਜਿਸਨੂੰ ਕਦੇ ਪਰਖਿਆ ਨਹੀਂ ਗਿਆ। ਇਹ ਨਿਯਮ 15 ਫੀਸਦੀ ਤੱਕ ਟੈਰਿਫ ਲਗਾਉਣ ਦੀ ਆਗਿਆ ਦਿੰਦਾ ਹੈ ਪਰ ਜੇਕਰ 150 ਦਿਨਾਂ ਤੋਂ ਵੱਧ ਸਮੇਂ ਲਈ ਰੱਖਿਆ ਜਾਂਦਾ ਹੈ ਤਾਂ ਕਾਂਗਰਸ ਦੀ ਪ੍ਰਵਾਨਗੀ ਦੀ ਲੋੜ ਪਵੇਗੀ। ਪਹਿਲਾਂ ਕਿਸੇ ਵੀ ਰਾਸ਼ਟਰਪਤੀ ਨੇ ਧਾਰਾ 122 ਦੀ ਵਰਤੋਂ ਨਹੀਂ ਕੀਤੀ ਹੈ। ਅਦਾਲਤ ਦੇ ਫੈਸਲੇ ਨੇ ਚੀਨ, ਦੱਖਣੀ ਕੋਰੀਆ, ਜਾਪਾਨ ਅਤੇ ਤਾਈਵਾਨ ਸਮੇਤ ਪ੍ਰਮੁੱਖ ਏਸ਼ੀਆਈ ਨਿਰਯਾਤ ਅਰਥਵਿਵਸਥਾਵਾਂ 'ਤੇ ਟਰੰਪ ਦੇ ਕਾਰਜਕਾਲ ਦੌਰਾਨ ਲਗਾਏ ਟੈਰਿਫਾਂ ਨੂੰ ਰੱਦ ਕਰ ਦਿੱਤਾ ਹੈ।

# ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਦੋ ਵਿਅਕਤੀ ਕਾਬੂ

**ਅੰਮ੍ਰਿਤਸਰ:** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਜ਼ਿਲ੍ਹਾ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗ਼ੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਿਲ ਰਾਕਟ ਦਾ ਪਰਦਾਫਾਸ਼ ਕੀਤਾ ਹੈ। ਇਸ ਸੰਬੰਧੀ ਜ਼ਿਲ੍ਹਾ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਗੁਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸ਼ੇਰਾ ਸਿੰਘ (26) ਭਿੰਡੀ ਸੈਦਾਂ ਅੰਮ੍ਰਿਤਸਰ ਅਤੇ ਜਗਰੂਪ ਸਿੰਘ ਉਰਫ਼ ਜੂਪਾ (21) ਪਿੰਡ ਤੂਰ ਅੰਮ੍ਰਿਤਸਰ ਵਜੋਂ ਹੋਈ ਹੈ, ਜਿਨ੍ਹਾਂ ਕੋਲੋਂ ਇਕ .30 ਬੋਰ ਪੀਐਕਸ 5 ਸਟੌਰਮ ਪਿਸਤੌਲ, ਇਕ 9 ਐੱਮ. ਐੱਮ. ਆਸਟੀਆ-ਮੇਡ ਗਲੌਕ, ਦੋ .30 ਬੋਰ ਚੀਨੀ ਨੋਰਿੰਕੋ ਪਿਸਤੌਲ, ਇਕ .32 ਬੋਰ ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਸ਼ਾਮਿਲ ਹਨ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਵਿਅਕਤੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਿਤ ਤਸਕਰਾਂ ਦੇ ਸੰਪਰਕ ਵਿਚ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਖੇਪ ਹਾਸਿਲ ਕਰਕੇ ਇਸਨੂੰ ਅੱਗੇ ਅਪਰਾਧਕ ਤੱਤਾਂ ਨੂੰ ਸਪਲਾਈ ਕਰਦੇ ਸਨ । ਪੁਲਿਸ ਕਮਿਸ਼ਨਰ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ



ਪੁਲਿਸ ਟੀਮਾਂ ਨੇ ਬਾਈਪਾਸ ਰੋਡ 'ਤੇ ਸਾਡਾ ਪਿੰਡ ਨੇੜੇ ਸੁਚੱਜੇ ਤਾਲਮੇਲ ਨਾਲ ਆਪ੍ਰੇਸ਼ਨ ਚਲਾਇਆ ਅਤੇ ਸ਼ੇਰਾ ਸਿੰਘ ਤੇ ਜਗਰੂਪ ਸਿੰਘ ਉਰਫ਼ ਜੂਪਾ ਨੂੰ ਇਕ ਗਲੌਕ ਪਿਸਤੌਲ ਅਤੇ ਇਕ. 30 ਬੋਰ ਪੀਐਕਸ5 ਸਟੌਰਮ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਪੁਲਿਸ ਨੂੰ ਦੋਵੇਂ ਗ੍ਰਿਫ਼ਤਾਰ ਮੁਲਜ਼ਮਾਂ ਵਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਤਿੰਨ ਹੋਰ ਪਿਸਤੌਲ ਬਰਾਮਦ ਹੋਏ। ਉਨ੍ਹਾਂ ਕਿਹਾ ਕਿ ਸ਼ੇਰਾ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ, ਜਿਸ 'ਤੇ ਲੜਕੀ ਨਾਲ ਜਬਰ ਜਨਾਹ ਕਰਕੇ ਅਤੇ ਉਸ ਨੂੰ ਕਤਲ ਕਰਕੇ ਅੱਗ ਲਾਉਣ ਸਮੇਤ ਹੋਰ ਘਿਨਾਉਣੇ ਅਪਰਾਧ ਦਰਜ ਹਨ। ਇਸ ਮੌਕੇ ਡੀ. ਸੀ. ਪੀ. ਲਾਅ ਐਂਡ ਆਰਡਰ ਵਿਜੈ ਆਲਮ ਸਿੰਘ, ਏ. ਡੀ. ਸੀ. ਪੀ. ਸਰੀਵਨੇਲਾ, ਏ. ਸੀ. ਪੀ. ਹਰਮਿੰਦਰ ਸਿੰਘ, ਇੰਸ. ਅਮਨ ਰੰਧਾਵਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਲਾਰੈਂਸ ਦਾ ਗੁਰਗਾ ਬਣ ਕੇ ਵਪਾਰੀ ਤੋਂ 10 ਕਰੋੜ ਮੰਗੇ

**ਠਾਣੇ:** ਕੁਝ ਅਣਪਛਾਤੇ ਲੋਕਾਂ ਨੇ ਖ਼ੁਦ ਨੂੰ ਲਾਰੈਂਸ ਬਿਸ਼ਨੋਈ ਗਿਰੋਹ ਦਾ ਗੁਰਗਾ ਦੱਸ ਕੇ ਠਾਣੇ ਦੇ ਇਕ ਵਪਾਰੀ ਕੋਲੋਂ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਇਸ ਮਾਮਲੇ ਵਿਚ ਪੁਲਿਸ ਨੇ ਮੁਕੱਦਮਾ ਦਰਜ ਕਰ ਲਿਆ ਹੈ। ਨੌਪਾੜਾ ਪੁਲਿਸ ਸਟੇਸ਼ਨ ਵਿਚ 60 ਸਾਲਾ ਵਪਾਰੀ ਨੇ ਸ਼ਿਕਾਇਤ ਦਿੱਤੀ ਹੈ ਕਿ ਉਹ 11 ਫਰਵਰੀ ਨੂੰ ਧਾਰਮਿਕ ਸਮਾਗਮ ਵਿਚ ਹਿੱਸਾ ਲੈਣ ਮੱਧ ਪ੍ਰਦੇਸ਼ ਗਿਆ ਹੋਇਆ ਸੀ। ਉਸ ਨੂੰ ਉਥੇ ਬੈਠੇ ਨੂੰ ਵਟਸਐਪ ਕਾਲ ਆਈ ਸੀ।



ਕਾਲ ਕਰਨ ਵਾਲੇ ਨੇ ਉਸ ਕੋਲੋਂ 10 ਕਰੋੜ ਦੀ ਫ਼ਿਰੌਤੀ ਮੰਗੀ ਤੇ ਬਦਮਾਸ਼ ਖ਼ੁਦ ਨੂੰ ਖ਼ਤਨਾਰਕ ਗੈਂਗਸਟਰ ਲਾਰੈਂਸ ਬਿਸ਼ਨੋਈ ਗਿਰੋਹ ਦਾ ਗੁਰਗਾ ਦੱਸ ਰਿਹਾ ਸੀ। ਇਸ ਮਗਰੋਂ 20 ਫਰਵਰੀ ਨੂੰ ਵੀ ਵਟਸਐਪ ਕਾਲਾਂ ਆਈਆਂ ਜੋ ਕਿ ਕੌਮਾਂਤਰੀ ਨੰਬਰਾਂ ਤੋਂ ਸਨ। ਪੁਲਿਸ ਮੁਤਾਬਕ ਹਾਲੇ ਜਾਂਚ ਜਾਰੀ ਹੈ ਤੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਜਲਦੀ ਨਵੇਂ ਖੁਲਾਸੇ ਹੋ ਸਕਦੇ ਹਨ।

# ਬਰਮਿੰਘਮ ਯੂਨੀਵਰਸਿਟੀ ਨੇ ਪੰਜਾਬ ਤੇ ਹਰਿਆਣਾ ਦੇ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ 'ਤੇ ਲਾਈ ਪਾਬੰਦੀ

**ਲੰਡਨ:** ਇੰਗਲੈਂਡ ਦੀ ਬਰਮਿੰਘਮ ਯੂਨੀਵਰਸਿਟੀ ਨੇ ਭਾਰਤ ਦੇ ਪੰਜਾਬ ਅਤੇ ਹਰਿਆਣਾ, ਬੰਗਲਾਦੇਸ਼ ਅਤੇ ਪਾਕਿਸਤਾਨ (ਕੁਝ ਕੋਰਸਾਂ ਲਈ) ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੇ ਆਰਜ਼ੀ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਵਿਦਿਆਰਥੀਆਂ ਲਈ ਚਿੰਤਾ ਦਾ ਵਿਸ਼ਾ ਬਣ ਗਇਆ ਹੈ। ਇਸ ਸਖ਼ਤ ਫ਼ੈਸਲੇ ਨੇ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ ਜੋ ਪੜ੍ਹਾਈ ਲਈ ਬਰਤਾਨੀਆ ਜਾਣ ਦੀ ਤਿਆਰੀ ਕਰ ਰਹੇ ਸਨ। ਯੂਨੀਵਰਸਿਟੀ ਕਾਲਜ ਬਰਮਿੰਘਮ ਵਲੋਂ ਜਾਰੀ ਪੱਤਰ 'ਚ ਸਪੱਸ਼ਟ ਕੀਤਾ ਹੈ ਕਿ ਜਿਹੜੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਪੇਸ਼ਕਸ਼ (ਆਫ਼ਰ ਲੈਟਰ) ਕੀਤੀ ਜਾ ਚੁੱਕੀ ਹੈ ਉਨ੍ਹਾਂ ਦੀਆਂ ਪੂਰੀਆਂ ਫ਼ੀਸਾਂ ਵੀ ਵਾਪਸ ਕੀਤੀਆਂ ਜਾਣਗੀਆਂ।



ਰਿਪੋਰਟਾਂ ਅਨੁਸਾਰ ਯੂ.ਕੇ ਦੀਆਂ ਯੂਨੀਵਰਸਿਟੀਆਂ ਪਹਿਲਾਂ ਹੀ, ਸਖ਼ਤ ਰੁਖ ਅਖ਼ਤਿਆਰ ਕਰ ਚੁੱਕੀਆਂ ਹਨ। ਇਸ ਦਾ ਮੁੱਖ ਕਾਰਨ ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਵਿਦਿਆਰਥੀ ਵੀਜ਼ਾ ਲੈ ਕੇ ਯੂ.ਕੇ. ਪਹੁੰਚਣ ਤੋਂ ਬਾਅਦ ਪੜ੍ਹਾਈ ਵਿਚ ਦਿਲਚਸਪੀ ਨਹੀਂ ਲੈਂਦੇ ਅਤੇ ਕੋਰਸ ਅੱਧ ਵਿਚਾਲੇ ਛੱਡ ਕੇ ਕੰਮ ਕਰਨ ਲੱਗ ਜਾਂਦੇ ਹਨ। ਇਸ ਨਾਲ ਯੂਨੀਵਰਸਿਟੀਆਂ ਦੀ 'ਵੀਜ਼ਾ ਕੰਪਲਾਇੰਸ' ਰੇਟਿੰਗ ਖ਼ਰਾਬ ਹੁੰਦੀ ਹੈ। ਸੂਤਰਾਂ ਅਨੁਸਾਰ ਇਹ ਵੀ ਸਾਹਮਣੇ ਆਇਆ ਹੈ ਕਿ ਕਈ ਵਿਦਿਆਰਥੀ ਏਜੰਟਾਂ ਰਾਹੀਂ ਫ਼ਰਜ਼ੀ ਪੜ੍ਹਾਈ ਦੇ ਸਰਟੀਫਿਕੇਟ ਅਤੇਗਲਤ ਬੈਂਕ ਸਟੇਟਮੈਂਟਾਂ ਦੀ ਵੀ ਵਰਤੋਂ ਕਰ ਰਹੇ ਸਨ। ਇਸ ਧੋਖਾਧੜੀ ਕਾਰਨ ਵੀ ਯੂਨੀਵਰਸਿਟੀਆਂ ਨੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਇਹ ਪਾਬੰਦੀ ਉਨ੍ਹਾਂ ਵਿਦਿਆਰਥੀਆਂ 'ਤੇ ਲਗਾਈ ਗਈ ਹੈ ਜੋ 'ਹਾਈ ਰਿਸਕ' ਪ੍ਰੋਫਾਈਲ ਵਿਚ ਆਉਂਦੇ ਹਨ। ਜਿਸ ਵਿਚ ਜ਼ਿਆਦਾਤਰ ਹਰਿਆਣਾ ਅਤੇ ਪੰਜਾਬ ਦੇ ਨੌਜਵਾਨ ਹਨ।

ਬਰਮਿੰਘਮ ਯੂਨੀਵਰਸਿਟੀ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਇਨ੍ਹਾਂ ਸੂਬਿਆਂ ਤੋਂ ਅਰਜ਼ੀਆਂ ਨਾ ਭੇਜੀਆਂ ਜਾਣ। ਜ਼ਿਕਰਯੋਗ ਹੈ ਕਿ ਇਹ ਪਾਬੰਦੀ ਯੂ.ਕੇ. ਸਰਕਾਰ ਵਲੋਂ ਨਹੀਂ ਲਗਾਈ ਹੈ, ਸਗੋਂ ਯੂਨੀਵਰਸਿਟੀ ਨੇ ਆਪਣੇ ਪੱਧਰ 'ਤੇ ਇਹ ਕਦਮ ਚੁੱਕਿਆ ਹੈ ਤਾਂ ਜੋ ਉਨ੍ਹਾਂ ਦੇ ਲਾਇਸੈਂਸ ਨੂੰ ਖ਼ਤਰਾ ਨਾ ਪੈਦਾ ਹੋਵੇ। ਇਸ ਸੰਬੰਧੀ ਇਮੀਗ੍ਰੇਸ਼ਨ ਵਕੀਲ ਗੁਰਪਾਲ ਸਿੰਘ ਉੱਪਲ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਸੱਚਮੁੱਚ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਨੂੰ ਹੁਣ ਬਹੁਤ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੋਵੇਗੀ। ਉਹ ਸਿਰਫ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਵਿਚ ਹੀ ਅਰਜ਼ੀ ਦੇ ਸਕਦੇ ਹਨ ਅਤੇ ਆਪਣੇ ਸਾਰੇ ਦਸਤਾਵੇਜ਼ ਅਸਲੀ ਰੱਖਣ ਦੀ ਲੋੜ ਹੈ।

# ਫਿਰ ਅਗਲਾ ਨੰਬਰ ਪੱਕਾ ਤੁਹਾਡਾ ਹੈ

ਅਸੀਂ ਜਦੋਂ ਸੋਸ਼ਲ ਮੀਡੀਆ 'ਤੇ ਆਦਿਵਾਸੀਆਂ ਬਾਰੇ ਲਿਖਦੇ ਹਾਂ ਤਾਂ ਜ਼ਿਆਦਾਤਰ ਲੋਕ ਉਸ ਵਿਚਾਰ-ਚਰਚਾ ਵਿਚ ਸ਼ਾਮਲ ਹੋਣ ਤੋਂ ਬਚਦੇ ਹਨ, ਉਸ ਗੱਲਬਾਤ ਵਿਚ ਆਪਣੀ ਰਾਇ ਵੀ ਨਹੀਂ ਦਿੰਦੇ।



ਯਾਦ ਰੱਖੋ ਇਸ ਦੇਸ਼ ਵਿਚ ਸਿਰਫ਼ ਆਦਿਵਾਸੀ ਹੀ ਪੀੜਤ ਨਹੀਂ ਹਨ। ਮੁਸਲਮਾਨ ਰਾਜ ਸੱਤਾ ਦੇ ਭਿਆਨਕ ਹਮਲਿਆਂ ਦਾ ਨਿਸ਼ਾਨਾ ਹਨ। ਦਲਿਤ ਅਤੇ ਓਬੀਸੀ ਵੀ ਨਿਸ਼ਾਨੇ 'ਤੇ ਹਨ, ਮਜ਼ਦੂਰ, ਕਿਸਾਨ, ਔਰਤਾਂ, ਵਿਦਿਆਰਥੀ, ਆਂਗਣਵਾੜੀ ਕਰਮਚਾਰੀ ਸਭ ਨਿਸ਼ਾਨੇ 'ਤੇ ਹਨ।

**ਹਿਮਾਂਸ਼ੂ ਕੁਮਾਰ,**
**ਗਾਂਧੀਵਾਦੀ ਕਾਰਕੁਨ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਜੇ ਤੁਸੀਂ ਦੂਜੇ ਦੀ ਤਕਲੀਫ਼ ਸਮਝਣ ਲਈ ਵੀ ਤਿਆਰ ਨਹੀਂ ਹੋ ਤਾਂ ਤੁਹਾਡੀ ਤਕਲੀਫ਼ ਨੂੰ ਦੂਜੇ ਲੋਕ ਕਿਉਂ ਸਮਝਣਗੇ?

ਸਾਰੇ ਪੀੜਤ ਇਕੱਠੇ ਹੋ ਕੇ ਲੜਣਗੇ, ਇਕ ਦੂਜੇ ਦੀ ਆਵਾਜ਼ ਦੀ ਹਮਾਇਤ ਕਰਨਗੇ ਤਾਂ ਜਿੱਤ ਦੀ ਸੰਭਾਵਨਾ ਵਧ ਜਾਵੇਗੀ।

ਭਾਰਤ ਵਿਚ ਆਦਿਵਾਸੀ 10 ਕਰੋੜ ਤੋਂ ਵੱਧ ਹਨ। ਉਨ੍ਹਾਂ ਨੂੰ ਚੁੱਪਚਾਪ ਜੰਗਲਾਂ ਵਿਚ ਕਤਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਜੰਗਲ, ਜ਼ਮੀਨ, ਖਣਿਜ, ਦਰਿਆ ਅਤੇ ਪਹਾੜਾਂ 'ਤੇ ਕਬਜ਼ਾ ਕਰਨ



ਲਈ ਸਰਮਾਏਦਾਰਾਂ ਨੇ ਵੱਡੇ ਪੱਧਰ 'ਤੇ ਫ਼ੌਜੀ ਲਸ਼ਕਰ ਉੱਥੇ ਭੇਜ ਦਿੱਤੇ ਹਨ।

ਭਾਰਤ ਦੇ ਆਦਿਵਾਸੀ ਇਲਾਕਿਆਂ ਵਿਚ ਲੁਕਿਆ ਹੋਇਆ ਯੁੱਧ ਚੱਲ ਰਿਹਾ ਹੈ। ਜੇ ਤੁਸੀਂ ਇਸ ਨੂੰ ਦੇਖਣਾ ਵੀ ਨਹੀਂ ਚਾਹੁੰਦੇ, ਤਾਂ ਯਾਦ ਰੱਖੋ 10 ਕਰੋੜ ਲੋਕਾਂ ਨੂੰ ਕੁਚਲਣ ਤੋਂ ਬਾਅਦ ਲਹੂ ਨਾਲ ਰੰਗੇ ਦੰਦ ਅਤੇ ਪੰਜੇ ਲੈ ਕੇ ਇਹ ਸਰਕਾਰ, ਜੋ ਪਹਿਲਾਂ ਹੀ ਅਦਾਲਤਾਂ, ਨਿਆਂ ਪ੍ਰਣਾਲੀ ਅਤੇ ਮਨੁੱਖੀ ਅਧਿਕਾਰਾਂ ਦਾ ਕਤਲ ਕਰ ਚੁੱਕੀ ਹੋਵੇਗੀ, ਉਹ ਤੁਹਾਨੂੰ ਵੀ ਨਹੀਂ ਬਖ਼ਸ਼ੇਗੀ।

ਜੇ ਤੁਸੀਂ ਆਪਣੇ ਮੁਲਕ ਦੇ ਇਕ ਵੀ ਇਨਸਾਨ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਉੱਤੇ ਚੁੱਪ ਰਹਿੰਦੇ ਹੋ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਹਰ ਇਕ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਸਵੀਕਾਰ ਕਰ ਰਹੇ ਹੋ।

ਫਿਰ ਅਗਲਾ ਨੰਬਰ ਪੱਕਾ ਤੁਹਾਡਾ ਹੈ।

# ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਕੀਰਤਨ ਸਮਾਗਮ

**ਫਰਿਜ਼ਨੋ:** ਬਾਬਾ ਨੰਦ ਸਿੰਘ ਜੀ ਅਤੇ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੀ ਨਿੱਘੀ ਯਾਦ 'ਚ ਵਰੋਸਾਏ ਗੁਰਦੁਆਰਾ ਨਾਨਕਸਰ ਫਰਿਜ਼ਨੋ, ਕੈਲੇਫੋਰਨੀਆ ਵਿਖੇ ਲਗਾਤਾਰ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਦੌਰਾਨ



ਸਾਲਾਨਾ ਮਹਾਨ ਗੁਰਮਤਿ ਕੀਰਤਨ ਸਮਾਗਮ ਕਰਵਾਏ ਗਏ। ਇਸ ਦੌਰਾਨ ਗੁਰੂਘਰ ਦੇ ਹਜ਼ੂਰੀ ਕੀਰਤਨੀ ਜਥੇ ਵਿਚ ਭਾਈ ਹਰਭਜਨ ਸਿੰਘ ਜੀ ਅਤੇ ਹੋਰ ਕੀਰਤਨੀ ਜਥਿਆਂ ਅਤੇ ਪ੍ਰਚਾਰਕਾਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਬੱਚਿਆਂ ਦੁਆਰਾ ਸ਼ਬਦ ਗਾਇਨ ਕੀਤੇ ਗਏ।

ਸਮਾਗਮ ਦੀ ਖ਼ਾਸ ਗੱਲ ਇਹ ਰਹੀ ਕਿ ਖਾਸ ਤੌਰ 'ਤੇ ਭਾਈ ਹਰਭਜਨ ਸਿੰਘ ਯੋਗੀ ਦੁਆਰਾ ਵਰੋਸਾਏ ਗੋਰਿਆਂ ਦੇ ਕੀਰਤਨੀ ਜਥੇ ਨੇ ਨਿਰੋਲ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚੇ ਭਾਈ ਦਵਿੰਦਰ ਸਿੰਘ ਸੋਢੀ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ। ਇਸ ਸਮੇਂ ਦਾ ਮਾਹੌਲ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਗੁਰੂ ਦੇ ਲੰਗਰਾਂ ਵਿਚ ਮਠਿਆਈਆਂ, ਜਲੇਬੀਆਂ, ਸਮੋਸੇ, ਪਕੌੜੇ, ਜੂਸ ਅਤੇ ਸੰਤਰੇ ਦੇ ਤਾਜ਼ੇ ਜੂਸ ਆਦਿਕ ਅਤੁੱਟ ਵਰਤ ਰਹੇ ਸਨ। ਇਸ ਅਖੰਡ ਪਾਠਾਂ ਦੀ ਲੜੀ ਵਿਚ ਸਮੁੱਚੇ ਇਲਾਕੇ ਦੀਆ ਸੰਗਤਾਂ ਨੇ ਮਨ, ਤਨ ਅਤੇ ਧਨ ਨਾਲ ਸੇਵਾਵਾਂ ਨਿਭਾਈਆਂ।

ਵਰਣਨਯੋਗ ਹੈ ਕਿ ਪਾਠਾਂ ਦੀ ਲੜੀ ਪਿਛਲੇ ਤਿੰਨ ਮਹੀਨਿਆਂ ਤੋਂ ਲਗਾਤਾਰ ਚੱਲ ਰਹੀ ਸੀ। ਜਿਸ ਵਿਚ ਰੋਜ਼ਾਨਾ ਸਿੱਖ ਕੌਮ ਦੇ ਮਹਾਨ ਕੀਰਤਨੀਏ ਅਤੇ ਪ੍ਰਚਾਰਕ ਸੰਗਤਾਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰਦੇ ਸਨ। ਸਮੁੱਚੇ ਸਮਾਗਮ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਹਾਜ਼ਰੀਆਂ ਭਰੀਆਂ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ, ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆ ਇਹ ਸਮਾਗਮ ਸ਼ਰਧਾ ਭਾਵਨਾ ਨਾਲ ਯਾਦਗਾਰੀ ਹੋ ਨਿਬੜਿਆ।

*-ਕੁਲਵੰਤ ਧਾਲੀਆਂ/ਨੀਟਾ ਮਾਛੀਕੇ*








# ਜੀ.ਐਚ.ਜੀ. ਅਕੈਡਮੀ ਦੇ ਕਲਾ ਪ੍ਰਦਰਸ਼ਨ ਪ੍ਰੋਗਰਾਮ ਵਿਚ ਲੱਗਣਗੀਆਂ ਗਿੱਧੇ ਅਤੇ ਭੰਗੜੇ ਦੀਆਂ ਰੌਣਕਾਂ

**ਫਰਿਜ਼ਨੋ:** ਜੀ.ਐਚ.ਜੀ. ਅਕੈਡਮੀ ਵਲੋਂ ਪਹਿਲੀ ਵਾਰ ਸਿਰਫ ਅਕੈਡਮੀ ਵਿਚ ਸਿਖਲਾਈ ਪ੍ਰਾਪਤ ਬੱਚਿਆਂ ਦੇ ਕਲਾ ਪ੍ਰਦਰਸ਼ਨ ਲਈ 28 ਫ਼ਰਵਰੀ ਨੂੰ ਸੈਂਟਰਲ ਹਾਈ ਸਕੂਲ ਫਰਿਜ਼ਨੋ ਵਿਖੇ ਵਿਸ਼ੇਸ਼ ਸਟੇਜ ਪ੍ਰੋਗਰਾਮ ਰੱਖਿਆ ਗਿਆ ਹੈ। ਇਸ ਪ੍ਰਗਰਾਮ ਵਿਚ ਅਕੈਡਮੀ ਦੇ ਬੱਚੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਅਕੈਡਮੀ ਦੇ ਮਾਹਿਰ ਕੋਚਾਂ, ਪਰਿਵਾਰਾਂ ਅਤੇ ਬੱਚਿਆਂ ਦੀ ਆਪਸੀ ਸਾਂਝ ਨੂੰ ਵਧੇਰੇ ਮਜ਼ਬੂਤ ਕਰਨ ਲਈ ਉਲੀਕਿਆ ਗਿਆ ਹੈ। ਇਹ ਪ੍ਰੋਗਰਾਮ 28 ਫਰਵਰੀ ਨੂੰ 1 ਵਜੇ ਸ਼ੁਰੂ ਹੋਵੇਗਾ ਅਤੇ ਇਸ ਨੂੰ ਦੇਖਣ ਲਈ ਕੋਈ ਦਾਖਲਾ ਟਿਕਟ ਨਹੀਂ ਹੈ। ਪ੍ਰਬੰਧਕਾਂ ਵਲੋਂ ਸਮੁੱਚੇ ਪੰਜਾਬੀ ਭਾਈਚਾਰੇ ਅਤੇ ਸੰਸਥਾਵਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਗਈ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਬੱਚਿਆਂ ਨੂੰ ਆਪਣਾ ਆਸ਼ੀਰਵਾਦ ਦੇਣ ਅਤੇ ਇਸ ਪਲੇਠੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ। ਅਕੈਡਮੀ ਦੇ ਸਟੂਡੀ" ਦਾ ਪਤਾ: 4434 W ASHLAN Ave Fresno, CA ਹੈ। ਜਿੱਥੇ ਸਾਰਾ ਸਾਲ



ਸਿਖਲਾਈ ਕਲਾਸਾਂ ਬਹੁਤ ਹੀ ਸਫਲਤਾ ਨਾਲ ਚੱਲ ਰਹੀਆਂ ਹਨ। ਅਕੈਡਮੀ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਹੈ ਕਿ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਸੱਭਿਆਚਾਰ, ਪੰਜਾਬੀਅਤ ਅਤੇ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਅਕੈਡਮੀ ਦਾ ਹਿੱਸਾ ਬਣੋ। ਆਪਣੇ ਬੱਚਿਆਂ ਦੇ ਦਾਖਲੇ ਜਾਂ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਅਕੈਡਮੀ ਦੀ ਵੈੱਬ ਸਾਈਟ www.ghgbhangra.com ਜਾਂ ਫੋਨ ਨੰਬਰ (559)-321-4591, (559) 369-9381 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




**ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:**

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਦਿੱਲੀ 'ਚ ਮੈਟਰੋ ਸਟੇਸ਼ਨਾਂ ਦੇ ਨਾਂਅ ਇਤਿਹਾਸਕ ਗੁਰਦੁਆਰਿਆਂ ਦੇ ਨਾਂਅ 'ਤੇ ਰੱਖੇ ਜਾਣ: ਤਰਲੋਚਨ ਸਿੰਘ

**ਨਵੀਂ ਦਿੱਲੀ:** ਸਾਬਕਾ ਸੰਸਦ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਅੱਜ ਇਕ ਪੱਤਰ ਲਿਖ ਕੇ ਦਿੱਲੀ ਵਿਚ ਮੈਟਰੋ ਸਟੇਸ਼ਨਾਂ ਦੇ ਨਾਂਅ ਬਦਲਣ ਸਮੇਂ ਦਿੱਲੀ ਦੇ ਇਤਿਹਾਸਕ ਸਿੱਖ ਗੁਰਦੁਆਰਿਆਂ ਨੂੰ ਅਣਗੌਲਿਆ ਕਰਨ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਦਿੱਲੀ ਸਰਕਾਰ ਨੇ ਅਖ਼ਬਾਰਾਂ ਵਿਚ ਛਪੀ ਸੂਚੀ ਅਨੁਸਾਰ ਕਈ ਸਟੇਸ਼ਨਾਂ ਦੇ ਨਾਂਅ ਬਦਲ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਦੇ ਬਾਵਜੂਦ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਅਤੇ ਗੁਰਦੁਆਰਾ ਬੰਗਲਾ ਸਾਹਿਬ ਬਾਬਾ ਖੜਕ ਸਿੰਘ ਮਾਰਗ ਨੂੰ ਫਿਰ ਤੋਂ ਅਣਗੌਲਿਆ ਕਰ ਦਿੱਤਾ ਗਿਆ ਹੈ। ਇਨ੍ਹਾਂ ਗੁਰਦੁਆਰਿਆਂ ਦੀ ਇਤਿਹਾਸਕ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਪੱਤਰ ਵਿਚ ਮੁੱਖ ਮੰਤਰੀ ਨੂੰ ਸਿਫ਼ਾਰਸ਼ ਕੀਤੀ ਹੈ ਕਿ ਚਾਂਦਨੀ ਚੌਕ ਵਿਚ ਮੈਟਰੋ ਸਟੇਸ਼ਨ ਦਾ ਨਾਂਅ ਅਸਾਨੀ ਨਾਲ ਗੁਰਦੁਆਰਾ ਸੀਸ ਗੰਜ ਚਾਂਦਨੀ ਚੌਕ ਰੱਖਿਆ ਜਾ ਸਕਦਾ ਸੀ। ਬਾਬਾ ਖੜਕ ਸਿੰਘ ਮਾਰਗ 'ਤੇ ਮੈਟਰੋ ਸਟੇਸ਼ਨ ਗੁਰਦੁਆਰਾ ਬੰਗਲਾ ਸਾਹਿਬ ਦੇ ਨਾਲ ਸਥਿਤ ਹੈ। ਇਹ ਮੇਰੀ ਸਮਝ ਤੋਂ ਬਾਹਰ ਹੈ ਕਿ ਸਰਕਾਰ ਅਜਿਹੀ ਜਾਇਜ਼ ਬੇਨਤੀ ਨੂੰ ਸਵੀਕਾਰ ਕਿਉਂ ਨਹੀਂ ਕਰ ਸਕਦੀ, ਜਿਸ ਨਾਲ ਸ਼ਹਿਰ ਵਿਚ ਸੈਰ-ਸਪਾਟਾ ਹੋਰ ਵਧੇਗਾ। ਦਿੱਲੀ ਦੇ ਮੈਟਰੋ ਸਟੇਸ਼ਨਾਂ ਦੇ ਨਾਂਅ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੇ ਨਾਂਅ 'ਤੇ ਨਾ ਰੱਖਣ ਕਾਰਨ ਸ਼ਰਧਾਲੂਆਂ ਦੀ ਨਿਰਾਸ਼ਾ ਦਾ ਜ਼ਿਕਰ ਕਰਦੇ ਹੋਏ ਅਤੇ ਦਿੱਲੀ ਸਰਕਾਰ ਨੂੰ ਇਸ ਬਾਰੇ ਤੁਰੰਤ ਹੁਕਮ ਜਾਰੀ ਕਰਨ ਦੀ ਬੇਨਤੀ ਕਰਦੇ ਹੋਏ ਤਰਲੋਚਨ ਸਿੰਘ ਨੇ ਆਪਣੇ ਪੱਤਰ ਦੇ ਅੰਤ ਵਿਚ ਲਿਖਿਆ ਹੈ ਕਿ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਤੁਰੰਤ ਹੁਕਮ ਜਾਰੀ ਕਰੋ।




# ਗਾਇਕ ਕੇ.ਐੱਸ. ਮੱਖਣ ਅਕਾਲੀ ਦਲ 'ਚ ਸ਼ਾਮਲ

**ਜਲੰਧਰ:** ਪੰਜਾਬੀ ਗਾਇਕ ਕੇਐੱਸ ਮੱਖਣ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਨਕੋਦਰ ਦੇ ਪਿੰਡ ਸ਼ੰਕਰ ਵਿੱਚ ਹੋਈ ਮੀਟਿੰਗ ਦੌਰਾਨ ਸਿਰੋਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਕੇਐੱਸ ਮੱਖਣ ਨੇ ਪਹਿਲਾਂ 2014 ਵਿੱਚ ਬਸਪਾ ਦੀ ਟਿਕਟ 'ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਚੋਣ ਲੜੀ ਸੀ। ਉੱਥੇ ਸੁਖਬੀਰ ਬਾਦਲ ਨੇ ਪਾਰਟੀ 'ਚ ਸ਼ਾਮਲ ਕਰਨ ਦੇ ਨਾਲ ਹੀ ਉਨ੍ਹਾਂ ਨੂੰ ਅਕਾਲੀ ਦਲ ਵਿਚ ਬਣਦਾ ਸਨਮਾਨ ਦਿੱਤੇ ਜਾਣ ਦਾ . ਭਰੋਸਾ ਦਿਵਾਇਆ। ਕੇਐੱਸ ਮੱਖਣ ਨੇ ਸੰਗਠਨ ਦੀ ਮਜ਼ਬੂਤੀ ਤੇ ਪਾਰਟੀ ਦਾ ਜਨ- ਜਨ ਤੱਕ ਪ੍ਰਚਾਰ ਕਰਨ ਵਿਚ ਸ਼ਿੱਦਤ ਨਾਲ ਸੇਵਾਵਾਂ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਸ਼ਹਿਰੀ ਹਲਕਿਆਂ ਵਿੱਚ ਨਵ-ਨਿਯੁਕਤ ਸਰਕਲ ਪ੍ਰਧਾਨਾਂ ਦਾ ਸਨਮਾਨ ਕੀਤਾ।



ਗੁਰਦੁਆਰਾ ਦੀਵਾਨ ਅਸਥਾਨ ਸੈਂਟਰਲ ਟਾਊਨ ਵਿਖੇ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਇਕਬਾਲ ਸਿੰਘ ਢੀਂਡਸਾ ਅਤੇ ਪ੍ਰੋ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸਰਕਲ ਪ੍ਰਧਾਨਾਂ ਦਾ ਸਨਮਾਨ ਕੀਤਾ ਗਿਆ। ਮੀਟਿੰਗ ਦੌਰਾਨ ਇਕਬਾਲ ਸਿੰਘ ਨੇ ਕਿਹਾ ਕਿ ਪਾਰਟੀ ਨੂੰ ਬੂਥ ਪੱਧਰ 'ਤੇ ਮਜ਼ਬੂਤ ਕਰਨ ਲਈ ਵਿਆਪਕ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਖੇਤਰੀ ਪਾਰਟੀ ਹੋਣ ਦੇ ਨਾਲ-ਨਾਲ ਲੋਕ-ਪੱਖੀ ਅਤੇ ਧਰਮ ਨਿਰਪੱਖ ਵੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਹਿੱਤ ਲਈ ਕੰਮ ਕੀਤਾ ਹੈ। ਹਾਲਾਂਕਿ, ਆਮ ਆਦਮੀ ਪਾਰਟੀ ਦੀ ਧੱਕੇਸ਼ਾਹੀ ਤੋਂ ਦੁਖੀ ਲੋਕਾਂ ਵਿੱਚ ਭਾਰੀ ਗੁੱਸਾ ਹੈ। ਸਿੱਟੇ ਵਜੋਂ ਜਨਤਾ ਮਿਸ਼ਨ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਫੈਸਲਾ ਜ਼ਰੂਰ ਦੇਵੇਗੀ।

# ਭਾਰਤ ਵਲੋਂ ਆਪਣੇ ਨਾਗਰਿਕਾਂ ਨੂੰ ਤੁਰੰਤ ਈਰਾਨ ਛੱਡਣ ਦੀ ਸਲਾਹ

**ਨਵੀਂ ਦਿੱਲੀ:** ਈਰਾਨ 'ਚ ਵਧਦੇ ਤਣਾਅ ਅਤੇ ਸੰਭਾਵਿਤ ਅਮਰੀਕੀ ਹਮਲਿਆਂ ਦੇ ਖਦਸ਼ੇ ਦਰਮਿਆਨ ਭਾਰਤ ਨੇ ਆਪਣੇ ਨਾਗਰਿਕਾਂ ਨੂੰ ਛੇਤੀ ਤੋਂ ਛੇਤੀ ਈਰਾਨ ਛੱਡਣ ਦੀ ਸਲਾਹ ਦਿੱਤੀ ਹੈ। ਤਹਿਰਾਨ ਸਥਿਤ ਭਾਰਤੀ ਦੂਤਘਰ ਨੇ 23 ਫਰਵਰੀ ਨੂੰ ਜਾਰੀ ਐਡਵਾਇਜ਼ਰੀ 'ਚ ਕਿਹਾ ਕਿ ਈਰਾਨ 'ਚ ਮੌਜੂਦ ਸਾਰੇ ਭਾਰਤੀ ਉਪਲਬਧ ਕਿਸੇ ਵੀ ਆਵਾਜਾਈ ਦੇ ਸਾਧਨ ਨਾਲ ਦੇਸ਼ ਛੱਡ ਦੇਣ, ਜਿਸ 'ਚ ਕਮਰਸ਼ੀਅਲ ਫਲਾਈਟਾਂ ਵੀ ਸ਼ਾਮਿਲ ਹਨ। ਇਹ ਸਲਾਹ ਵਿਦਿਆਰਥੀਆਂ, ਤੀਰਥ ਯਾਤਰੀਆਂ, ਕਾਰੋਬਾਰੀਆਂ ਅਤੇ ਸੈਰ ਸਪਾਟਾ ਕਰਨ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੈ। ਦੂਤਘਰ ਨੇ 14 ਜਨਵਰੀ, 2026 ਨੂੰ ਜਾਰੀ ਐਡਵਾਇਜ਼ਰੀ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ ਸਾਰੇ ਭਾਰਤੀ ਨਾਗਰਿਕ ਅਤੇ ਭਾਰਤੀ ਮੂਲ ਦੇ ਨਾਗਰਿਕ ਵਾਧੂ ਸਾਵਧਾਨੀ ਵਰਤਣ। ਦੂਤਘਰ ਨੇ ਉਨ੍ਹਾਂ ਨੂੰ ਪ੍ਰਦਰਸ਼ਨ ਜਾਂ ਵਿਰੋਧ ਵਾਲੇ ਇਲਾਕਿਆਂ ਤੋਂ ਦੂਰ ਰਹਿਣ, ਸਥਾਨਕ ਮੀਡੀਆ 'ਤੇ ਨਜ਼ਰ ਰੱਖਣ ਅਤੇ ਦੂਤਘਰ ਦੇ ਸੰਪਰਕ 'ਚ ਰਹਿਣ ਦੀ ਤਾਕੀਦ ਕੀਤੀ। ਦੂਤਘਰ ਨੇ ਨਾਗਰਿਕਾਂ ਨੂੰ ਆਪਣੇ ਪਾਸਪੋਰਟ, ਵੀਜ਼ਾ ਤੇ ਹੋਰ ਜ਼ਰੂਰੀ ਦਸਤਾਵੇਜ਼ ਹਮੇਸ਼ਾ ਆਪਣੇ ਕੋਲ ਰੱਖਣ ਨੂੰ ਕਿਹਾ, ਤਾਂ ਜੋ ਹੰਗਾਮੀ ਹਾਲਾਤ 'ਚ ਫੌਰਨ ਯਾਤਰਾ ਕੀਤੀ ਜਾ ਸਕੇ। ਦੂਤਘਰ ਨੇ ਸਾਰੇ ਭਾਰਤੀਆਂ ਨੂੰ ਦੂਤਘਰ ਦੇ ਨਾਲ ਆਪਣਾ ਰਜਿਸਟ੍ਰੇਸ਼ਨ ਕਰਵਾਉਣ ਨੂੰ ਕਿਹਾ ਅਤੇ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ।



## 15% ਟੈਰਿਫ ਤੋਂ ਬਾਅਦ...

*(ਪਹਿਲੇ ਸਫ਼ੇ ਦਾ ਬਾਕੀ)*

ਇਜ਼ਰਾਈਲ, ਪੇਰੂ ਤੇ ਚਿਲੀ ਵਰਗੇ ਦੇਸ਼ਾਂ ਨਾਲ ਵਪਾਰ ਸਮਝੌਤੇ ਨੂੰ ਅੰਤਮ ਰੂਪ ਦੇ ਸਕਦਾ ਹੈ। ਕੈਨੇਡਾ ਨਾਲ ਛੇਤੀ ਹੀ ਗੱਲਬਾਤ ਸ਼ੁਰੂ ਹੋਣ ਦੀ ਸੰਭਾਵਨਾ ਹੈ ਜਦਕਿ ਇਜ਼ਰਾਈਲ ਨਾਲ ਏਜੰਡਾ ਤੈਅ ਹੋ ਚੁੱਕਾ ਹੈ। ਪੇਰੂ ਨਾਲ ਗੱਲਬਾਤ ਲਗਪਗ ਪੂਰੀ ਹੋ ਚੁੱਕੀ ਹੈ ਤੇ। ਅਗਲੇ ਮਹੀਨੇ ਵਪਾਰ ਸਮਝੌਤੇ 'ਤੇ ਦਸਤਖ਼ਤ ਸੰਭਵ ਹਨ। ਵਣਜ ਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਕਈ। ਵਿਕਸਤ ਦੇਸ਼ ਭਾਰਤ ਨਾਲ ਵਿਆਪਕ ਆਰਥਿਕ ਭਾਈਵਾਲੀ ਚਾਹੁੰਦੇ ਹਨ।

ਯੂਰਪੀ ਯੂਨੀਅਨ ਦੇ 27 ਦੇਸ਼ਾਂ ਨਾਲ ਗੱਲਬਾਤ ਲਗਾਤਾਰ ਜਾਰੀ 'ਤੇ ਹੈ ਅਤੇ ਅਗਲੇ ਸਾਲ ਦੀ ਸ਼ੁਰੂਆਤ ਤੱਕ ਸਮਝੌਤੇ ਦੀ ਦਿਸ਼ਾ ਵਿਚ ਠੋਸ ਨਤੀਜੇ ਦੀ ਉਮੀਦ ਹੈ। ਬ੍ਰਿਟੇਨ ਤੇ ਓਮਾਨ ਨਾਲ ਸਮਝੌਤੇ 'ਤੇ ਇਸ ਸਾਲ ਅਪ੍ਰੈਲ ਤੋਂ ਅਮਲ ਸ਼ੁਰੂ ਹੋਣ ਦੀ ਸੰਭਾਵਨਾ ਹੈ ਜਦਕਿ ਨਿਊਜ਼ੀਲੈਂਡ ਨਾਲ ਸਮਝੌਤਾ ਸਤੰਬਰ ਤੋਂ ਲਾਗੂ ਹੋ ਸਕਦਾ ਹੈ।ਆਸੀਆਨ ਤੇ ਜਾਪਾਨ ਨਾਲ ਪਹਿਲਾਂ ਹੋਏ ਸਮਝੌਤਿਆਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਜੋ ਭਾਰਤੀ ਬਰਾਮਦਕਾਰਾਂ ਨੂੰ ਜ਼ਿਆਦਾ ਫ਼ਾਇਦਾ ਹੋ ਸਕੇ। ਜਾਣਕਾਰਾਂ ਦਾ ਮੰਨਣਾ ਹੈ ਕਿ ਵੱਖ-ਵੱਖ ਦੇਸ਼ਾਂ ਨਾਲ ਮੁਫਤ ਜਾਂ ਤਰਜੀਹ ਪ੍ਰਾਪਤ ਵਪਾਰ ਸਮਝੌਤਿਆਂ ਦੇ ਵਿਸਥਾਰ ਨਾਲ ਭਾਰਤ ਦੀ ਅਮਰੀਕੀ ਬਾਜ਼ਾਰ 'ਤੇ ਨਿਰਭਰਤਾ ਹੌਲੀ-ਹੌਲੀ ਘਟੇਗੀ ਅਤੇ ਬਰਾਮਦ ਨੂੰ ਸਥਿਰ ਆਧਾਰ ਮਿਲੇਗਾ।

## ਨਹੀਂ ਟਿਕੇਗਾ ਟਰੰਪ ਦਾ ਨਵਾਂ ਟੈਰਿਫ: ਕਤਿਆਲ

**ਵਾਸ਼ਿੰਗਟਨ:** ਭਾਰਤੀ- ਅਮਰੀਕੀ ਸੀਨੀਅਰ ਵਕੀਲ ਨੀਲ ਕਤਿਆਲ ਨੇ ਟਰੰਪ ਦੇ ਨਵੇਂ ਹੁਕਮ 'ਤੇ ਗੰਭੀਰ ਕਾਨੂੰਨੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਸ਼ਟਰਪਤੀ ਵਿਆਪਕ ਟੈਰਿਫ ਲਗਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸੰਵਿਧਾਨਕ ਪ੍ਰਕਿਰਿਆ ਤਹਿਤ ਕਾਂਗਰਸ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ, ਨਾ ਕਿ ਕਾਰਜਕਾਰੀ ਸ਼ਕਤੀਆਂ ਦਾ ਵਿਸਥਾਰਵਾਦੀ ਇਸਤੇਮਾਲ ਕਰਨਾ ਚਾਹੀਦਾ ਹੈ ਕਾਤਿਆਲ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਧਾਰਾ 122 ਤਹਿਤ 15 ਫ਼ੀਸਦੀ ਦੇ ਗਲੋਬਲ ਇੰਪੋਰਟ ਸਰਚਾਰਜ ਨੂੰ ਜਾਇਜ਼ ਠਹਿਰਾਉਣਾ ਮੁਸ਼ਕਲ ਹੋਵੇਗਾ।



## ਪੰਜਾਬ ਦੀ ਸਿਆਸਤ...

*(ਪਹਿਲੇ ਸਫ਼ੇ ਦਾ ਬਾਕੀ)*

ਜੈਸਲਮੇਰ ਤੱਕ ਪਹੁੰਚਦਾ ਹੈ। ਇਹ ਨਹਿਰ ਇਲਾਕੇ 'ਚ ਸਿੰਚਾਈ ਅਤੇ ਪੀਣ ਯੋਗ ਪਾਣੀ ਦੀ ਰੀੜ੍ਹ ਦੀ ਹੱਡੀ ਮੰਨੀ ਜਾਂਦੀ ਹੈ। ਰਾਜਸਥਾਨ ਨੂੰ ਸਾਲਾਨਾ ਲਗਭਗ 8.6 ਤੋਂ 9.7 ਐਮ.ਏ.ਐਫ (ਮਿਲੀਅਨ ਏਕੜ ਫੁੱਟ) ਪਾਣੀ ਮਿਲਦਾ ਹੈ। ਰਾਜਸਥਾਨ ਸਰਕਾਰ ਦੇ ਅੰਕੜਿਆਂ ਅਨੁਸਾਰ ਸੂਬੇ ਕੋਲ ਦੇਸ਼ ਦੇ ਕੁੱਲ ਪਾਣੀ ਸਰੋਤਾਂ ਦਾ ਕੇਵਲ 1.16 ਫ਼ੀਸਦੀ ਅਤੇ ਭੂਮੀਗਤ ਪਾਣੀ ਦਾ ਕਰੀਬ 1.7 ਫ਼ੀਸਦੀ ਹਿੱਸਾ ਹੈ, ਜਦਕਿ ਆਬਾਦੀ ਅਤੇ ਖੇਤਰਫਲ ਕਾਫ਼ੀ ਵੱਧ ਹਨ। ਪਾਣੀ ਦੀ ਕਮੀ ਕਾਰਨ ਉਥੇ ਵੱਖ-ਵੱਖ ਜਲ ਸੰਭਾਲ ਯੋਜਨਾਵਾਂ ਵੀ ਚੱਲ ਰਹੀਆਂ ਹਨ। ਸੁਖਬੀਰ ਸਿੰਘ ਬਾਦਲ ਦੇ ਇਸ ਬਿਆਨ ਨਾਲ ਸਿਆਸੀ ਮਾਹੌਲ ਹੋਰ ਭੱਖ ਗਿਆ ਹੈ।

ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਨਜ਼ਦੀਕੀਆਂ ਦੀਆਂ ਚਰਚਾਵਾਂ ਚੱਲ ਰਹੀਆਂ ਹਨ, ਦੂਜੇ ਪਾਸੇ ਰਾਜਸਥਾਨ 'ਚ ਭਾਜਪਾ ਦੀ ਸਰਕਾਰ ਹੋਣ ਕਾਰਨ ਇਹ ਸਵਾਲ ਵੀ ਉਠ ਰਹੇ ਹਨ ਕਿ ਅਜਿਹੀ ਸਥਿਤੀ ਵਿਚ ਪਾਣੀ ਰੋਕਣ ਦਾ ਐਲਾਨ ਕਿਵੇਂ ਅਮਲ 'ਚ ਲਿਆਂਦਾ ਜਾਵੇਗਾ। ਕੁੱਲ ਮਿਲਾ ਕੇ ਪਾਣੀਆਂ ਦਾ ਮਸਲਾ ਇਕ ਵਾਰ ਫਿਰ ਪੰਜਾਬ ਦੀ ਸਿਆਸਤ ਦਾ ਕੇਂਦਰ ਬਣ ਗਿਆ ਹੈ ਅਤੇ ਆਉਣ ਵਾਲੇ ਦਿਨਾਂ 'ਚ ਇਸ 'ਤੇ ਹੋਰ ਤਿੱਖੀ ਸਿਆਸੀ ਚਰਚਾ ਦੀ ਸੰਭਾਵਨਾ ਹੈ।



## ਕੀ ਕਹਿੰਦਾ...

**(ਪਹਿਲੇ ਸਫ਼ੇ ਦਾ ਬਾਕੀ)**

ਮੰਨਣਯੋਗ ਹੁੰਦਾ ਹੈ। ਰਾਵੀ-ਬਿਆਸ ਪਾਣੀ ਵੰਡ ਸੰਬੰਧੀ ਕੇਂਦਰੀ ਨੋਟੀਫ਼ਿਕੇਸ਼ਨ ਲਾਗੂ ਹਨ, ਜਿਨ੍ਹਾਂ ਦੀ ਉਲੰਘਣਾ ਕਾਨੂੰਨੀ ਚੁਣੌਤੀ ਪੈਦਾ ਕਰ ਸਕਦੀ ਹੈ। ਐਡਵੋਕੇਟ ਚਰਨਪਾਲ ਸਿੰਘ ਬਾਗੜੀ ਨੇ ਇਹ ਵੀ ਸਪਸ਼ਟ ਕੀਤਾ ਕਿ ਰਾਵੀ-ਬਿਆਸ ਪਾਣੀ ਵੰਡ ਅਤੇ ਸਤਲੁਜ ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਦੋ ਵੱਖਰੇ ਮਸਲੇ ਹਨ। ਵੰਡ ਦਾ ਮਾਮਲਾ 1981 ਦੇ ਸਮਝੌਤੇ ਅਤੇ 1986 ਵਿਚ ਬਣੇ ਰਾਵੀ ਬਿਆਸ ਪਾਣੀ ਟ੍ਰਿਬਿਊਨਲ ਨਾਲ ਸੰਬੰਧਿਤ ਹੈ, ਜਦਕਿ ਐਸ.ਵਾਈ.ਐਲ, ਨਹਿਰ ਵੰਡਿਆ ਪਾਣੀ ਹਰਿਆਣਾ ਤੱਕ ਪਹੁੰਚਾਉਣ ਦੇ ਢੰਗ ਨਾਲ ਜੜੀ ਹੋਈ ਹੈ। ਦੋਵੇਂ ਮਾਮਲੇ ਕਾਨੰਨੀ ਤੌਰ 'ਤੇ ਵੱਖੋ ਵੱਖਰੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੁਲਿਸ ਸੰਚਾਰ ਪ੍ਰਣਾਲੀ 'ਚ ਬਦਲਾਅ ਅਪਰਾਧੀਆਂ ਲਈ ਬਣੇਗਾ ਖ਼ਤਰੇ ਦੀ ਘੰਟੀ

## ਅੱਤਵਾਦੀਆਂ ਤੇ ਅਪਰਾਧੀਆਂ 'ਤੇ ਡਿਜੀਟਲ ਤਕਨੀਕ ਰਾਹੀਂ ਹੋਵੇਗਾ ਸਿੱਧਾ ਵਾਰ

**ਰਾਮਪੁਰਾ ਫੂਲ:** ਕਿਸੇ ਵੀ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਆਫ਼ਤਾਂ ਨਾਲ ਨਜਿੱਠਣ ਦੀ ਸਮਰੱਥਾ ਉਸ ਦੇ ਪੁਲਿਸ ਨੈੱਟਵਰਕ ਦੀ ਮਜ਼ਬੂਤੀ 'ਤੇ ਨਿਰਭਰ ਕਰਦੀ ਹੈ। ਭਾਰਤੀ ਪੁਲਿਸ ਸੰਚਾਰ ਪ੍ਰਣਾਲੀ ਵਿਚ ਕੀਤੇ ਜਾ ਰਹੇ ਵੱਡੇ ਬਦਲਾਅ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਲਈ ਖ਼ਤਰੇ ਦੀ ਘੰਟੀ ਹੈ। ਗ੍ਰਹਿ ਮੰਤਰਾਲੇ ਦੀ 17 ਦਸੰਬਰ, 2025 ਦੀ ਇਕ ਰਿਪੋਰਟ ਵਿਚ ਪੁਲਿਸ ਨੈੱਟਵਰਕ ਦੇ ਆਧੁਨਿਕੀਕਰਨ ਨੂੰ ਲੈ ਕੇ ਅਹਿਮ ਖੁਲਾਸੇ ਸਾਹਮਣੇ ਆਏ ਹਨ।ਇਸ ਸਰਕਾਰੀ ਦਸਤਾਵੇਜ਼ ਦੀ ਤਹਿ ਤੱਕ ਜਾਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜ਼ਮੀਨੀ ਪੱਧਰ 'ਤੇ ਪੁਲਿਸ ਤੰਤਰ ਨੂੰ ਤਕਨੀਕੀ ਤੌਰ 'ਤੇ ਕਿਵੇਂ ਲੈਸ ਕੀਤਾ ਜਾ ਰਿਹਾ ਹੈ। ਇਸ ਪ੍ਰਣਾਲੀ ਅਧੀਨ ਅਪਰਾਧੀਆਂ ਅਤੇ ਅੱਤਵਾਦੀਆਂ 'ਤੇ ਡਿਜੀਟਲ ਨਾਲ ਸਿੱਧਾ ਵਾਰ ਕੀਤਾ ਜਾ ਸਕੇਗਾ ਸੂਤਰਾਂ ਅਨੁਸਾਰ ਪੁਲਿਸ ਦੇ ਆਧੁਨਿਕੀਕਰਨ 'ਤੇ ਹਜ਼ਾਰਾਂ ਕਰੋੜ ਰੁਪਏ ਖਰਚੇ ਜਾ ਰਹੇ ਹਨ। ਹਾਲਾਂਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ-2 ਦੇ ਤਹਿਤ ਪੁਲਿਸ ਲਿਸ ਇਕ ਰਾਜ ਦਾ ਵਿਸ਼ਾ ਹੈ ਪਰ ਅੰਦਰੂਨੀ ਦੇ ਮੱਦੇਨਜ਼ਰ ਕੇਂਦਰ ਸਰਕਾਰ ਸੁਰੱਖਿਆ ਰਾਜਾਂ ਨੂੰ ਇਕੱਲਾ ਨਹੀਂ ਛੱਡ ਸਕਦੀ। ਇਸ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਉਨ੍ਹਾਂ ਦੇ ਪੁਲਿਸ ਬਲਾਂ ਨੂੰ ਲੈਸ ਕਰਨ ਅਤੇ ਆਧੁਨਿਕ ਬਣਾਉਣ ਲਈ ਪੁਲਿਸ ਦੇ ਆਧੁਨਿਕੀਕਰਨ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਹਾਇਤਾ (ਜਿਸ ਨੂੰ ਪਹਿਲਾਂ ਐਮ.ਪੀ.ਐਫ. ਕਿਹਾ ਜਾਂਦਾ ਸੀ) ਸਕੀਮ ਤਹਿਤ ਮਦਦ ਦਿੱਤੀ ਜਾ ਰਹੀ ਹੈ।ਇਸ ਸਕੀਮ ਤਹਿਤ ਹਥਿਆਰ ਅਤੇ ਸੂਚਨਾ ਤਕਨਾਲੋਜੀ ਉਪਕਰਨ, ਸਿਖਲਾਈ ਅਤੇ ਉੱਨਤ ਸੰਚਾਰ ਉਪਕਰਨ, ਸਾਈਬਰ ਪੁਲਿਸਿੰਗ ਨਾਲ ਜੁੜੇ ਉਪਕਰਨ ਕੇਂਦਰੀ ਸਹਾਇਤਾ ਵਜੋਂ ਪ੍ਰਦਾਨ




ਕੀਤੇ ਜਾਂਦੇ ਹਨ। ਜ਼ਮੀਨੀ ਪੱਧਰ ਤੋਂ ਲੈ ਕੇ ਜਨਤਕ ਸੁਰੱਖਿਆ ਅਤੇ ਆਫ਼ਤ ਦੇ ਸਮੇਂ ਸੰਚਾਰ ਪ੍ਰਣਾਲੀ ਦਾ ਫ਼ੇਲ੍ਹ ਨਾ ਹੋਣਾ ਸਭ ਤੋਂ ਜ਼ਰੂਰੀ ਹੁੰਦਾ ਹੈ। ਦਸਤਾਵੇਜ਼ ਦੱਸਦਾ ਹੈ ਕਿ ਭਾਰਤ ਦੀ ਪੁਲਿਸ ਸੰਚਾਰ ਪ੍ਰਣਾਲੀ ਜਨਤਕ ਸੁਰੱਖਿਆ ਅਤੇ ਆਫ਼ਤ ਰਾਹਤ ਸੰਗਠਨਾਂ ਦੀਆਂ ਲੋੜਾਂ ਨੂੰ ਇਕ ਵੱਖ-ਵੱਖ ਨੈੱਟਵਰਕ ਰਾਹੀਂ ਪੂਰਾ ਕਰਦੀ ਹੈ। ਜ਼ਮੀਨੀ ਕਾਰਵਾਈਆਂ ਲਈ ਪੁਲਿਸ 'ਹਾਈ ਫ੍ਰੀਕੁਐਂਸੀ', 'ਵੈਰੀ ਹਾਈ ਫ੍ਰੀਕੁਐਂਸੀ' ਅਤੇ 'ਅਲਟਰਾ ਹਾਈ ਫ੍ਰੀਕੁਐਂਸੀ ਰੇਡੀਓ' ਦੀ ਵਰਤੋਂ ਕਰਦੀ ਹੈ, ਜਦਕਿ ਲੰਬੀ ਦੂਰੀ ਅਤੇ ਆਫ਼ਤ ਪ੍ਰਭਾਵਿਤ ਖੇਤਰਾਂ ਵਿਚ ਜਿਥੇ ਆਮ ਨੈੱਟਵਰਕ ਟੁੱਟ ਜਾਂਦੇ ਹਨ, ਉਥੇ 'ਕਨੈਕਟੀਵਿਟੀ' ਲਈ 'ਸੈਟੇਲਾਈਟ' ਆਧਾਰਿਤ 'ਪੋਲਨੈੱਟ' ਨੈੱਟਵਰਕ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਜਾਂਚ ਰਿਪੋਰਟ ਦਾ ਸਭ ਤੋਂ ਅਹਿਮ ਪਹਿਲੂ ਇਹ ਹੈ ਕਿ ਸਰਕਾਰ ਨੇ ਮੰਨਿਆ ਹੈ ਕਿ ਪੁਲਿਸ ਸੰਚਾਰ ਪ੍ਰਣਾਲੀ ਦਾ 'ਅਪਗ੍ਰੇਡੇਸ਼ਨ' ਇਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ। ਸਰਕਾਰ ਵਲੋਂ ਪਹਿਲਾਂ ਤੋਂ ਮੌਜੂਦ 'ਫਿਕਸਡ ਸੈਟੇਲਾਈਟ ਸੇਵਾਵਾਂ 'ਤੇ ਆਧਾਰਿਤ 'ਕੈਪਟਿਵ ਕਮਿਊਨੀਕੇਸ਼ਨ' ਨੈੱਟਵਰਕ ਪੁਲਿਸ ਨੈੱਟਵਰਕ ਨੂੰ ਹੁਣ ਦੇਸ਼ ਭਰ ਵਿਚ ਪੁਲਿਸ ਨੈੱਟਵਰਕ-2 ਵਿਚ ਅੱਪਗ੍ਰੇਡ ਕਰ ਦਿੱਤਾ ਗਿਆ ਹੈ।ਇਹ ਅੱਪਗ੍ਰੇਡ ਕੀਤਾ ਗਿਆ ਨੈੱਟਵਰਕ ਹੁਣ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਪੁਲਿਸ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਨੂੰ ਬਿਹਤਰ ਵੀਡੀਓ, ਆਵਾਜ਼ ਅਤੇ ਡਾਟਾ ਸੇਵਾਵਾਂ ਪ੍ਰਦਾਨ ਕਰੇਗਾ। ਇਸ ਦਾ ਸਿੱਧਾ ਅਰਥ ਇਹ ਹੈ ਕਿ ਹੁਣ ਸੰਕਟ ਦੇ ਸਮੇਂ ਪੁਲਿਸ ਬਲ ਸਿਰਫ਼ ਆਵਾਜ਼ ਹੀ ਨਹੀਂ, ਸਗੋਂ ਰੀਅਲ-ਟਾਈਮ ਵੀਡੀਓ ਅਤੇ ਤੇਜ਼ ਡਾਟਾ ਟਰਾਂਸਫ਼ਰ ਰਾਹੀਂ ਵੀ ਇਕ ਦੂਜੇ ਨਾਲ ਜੁੜੇ ਰਹਿਣਗੇ, ਜੋ ਕਿ ਇਕ ਆਧੁਨਿਕ ਅਤੇ ਚੁਸਤ ਪੁਲਿਸਿੰਗ ਲਈ ਬੇਹੱਦ ਜ਼ਰੂਰੀ ਹੈ। ਇਹ ਵੀ ਕਿ ਪੁਲਿਸ ਨੂੰ ਆਧੁਨਿਕ ਕਰਨ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ ਪਰ ਦੇਸ਼ ਅੰਦਰ ਜੁਰਮ ਪੇਸ਼ਾ ਲੋਕਾਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ ਅਤੇ ਰਾਜ ਸਰਕਾਰਾਂ ਅਧੀਨ ਕੰਮ ਕਰਦਾ ਪੁਲਿਸ ਨੈੱਟਵਰਕ ਮਾੜੇ ਅਨਸਰਾਂ ਨੂੰ ਨਕੇਲ ਪਾਉਣ ਵਿਚ ਨਾ ਕਾਮਯਾਬ ਰਿਹਾ ਹੈ। ਇਹ ਵੀ ਕਿ ਪੁਲਿਸ ਨੂੰ ਨਵੀਨਤਮ ਹਥਿਆਰ ਅਤੇ ਹੋਰ ਉਪਕਰਨ ਤੇ ਸਿਖਲਾਈ ਦੇਣ ਦੇ ਨਾਲ ਪੁਲਿਸ ਕਰਮਚਾਰੀਆਂ ਦਾ ਮਾਨਸਿਕ ਪੱਧਰ ਉੱਚਾ ਚੁੱਕਣਾ ਸਮੇਂ ਦੀ ਲੋੜ ਹੈ।

# ਨੇਪਾਲ ਦੇ ਬੇਚੈਨ ਨੌਜਵਾਨ ਕਰ ਸਕਦੇ ਨੇ ਬਗ਼ਾਵਤ: ਕਾਰਕੀ

**ਕਾਠਮਾਂਡੂ:** ਨੇਪਾਲ ਦੀ ਅੰਤ੍ਰਿਮ ਪ੍ਰਧਾਨ ਮੰਤਰੀ ਸੁਸ਼ੀਲਾ ਕਾਰਕੀ ਨੇ ਚਿਤਾਵਨੀ ਦਿੱਤੀ ਹੈ ਕਿ ਨੌਜਵਾਨਾਂ ਵਿਚ ਬੇਚੈਨੀ ਵੱਧ ਰਹੀ ਹੈ ਤੇ ਇਸ ਨੂੰ



ਨਜ਼ਰਅੰਦਾਜ਼ ਕੀਤਾ ਤਾਂ ਇਕ ਹੋਰ ਬਗ਼ਾਵਤ ਭੜਕ ਸਕਦੀ ਹੈ। ਪਿਛਲੇ ਸਾਲ 12 ਸਤੰਬਰ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਬਣੀ ਸੁਸ਼ੀਲਾ ਨੇ ਅੱਗੇ ਕਿਹਾ ਕਿ ਕੋਈ ਵੀ ਮੁਲਕ ਨੌਜਵਾਨ ਅਬਾਦੀ ਨੂੰ ਨਜ਼ਰਅੰਦਾਜ਼ ਕਰ ਕੇ ਤਰੱਕੀ ਨਹੀਂ ਕਰ ਸਕਦਾ। ਵੀਰਵਾਰ ਨੂੰ ਕਾਠਮਾਂਡ ਵਿਚ ਨੇਪਾਲੀ ਫ਼ੌਜ ਦੇ ਪਵੇਲੀਅਨ ਵਿਚ 76ਵੇਂ ਲੋਕਤੰਤਰ ਦਿਵਸ ਸਮਾਗਮ ਦੌਰਾਨ ਕਾਰਕੀ ਨੇ ਕਿਹਾ ਕਿ ਲੋਕਤੰਤਰ ਨੂੰ ਨਤੀਜਾ ਦੇਣਾ ਚਾਹੀਦਾ ਹੈ, ਨਾਗਰਿਕਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ। ਲੰਘੇ ਵਰ੍ਹੇ ਸਤੰਬਰ ਮਹੀਨੇ ਦੌਰਾਨ ਜੈਨ ਜੀ ਵੱਲੋਂ ਕੀਤੇ ਗਏ ਤਿੱਖੇ ਰੋਸ ਮੁਜ਼ਾਹਰਿਆਂ ਦਾ ਖਾਸ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਵਿਦਰੋਹ ਨੇ ਕੇਪੀ ਸ਼ਰਮਾ ਓਲੀ ਦੀ ਸਰਕਾਰ ਪਲਟ ਦਿੱਤੀ ਸੀ। ਇਹ ਨੌਜਵਾਨ ਹੁਣ ਵੀ ਬੇਚੈਨ ਹਨ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ. ਤਰਲੋਚਨ ਸਿੰਘ ਨੂੰ 'ਗੁਰੂ ਦਾ ਸਚਿਆਰ ਸਿੱਖ' ਐਵਾਰਡ

**ਅੰਮ੍ਰਿਤਸਰ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਮੈਂਬਰ ਰਾਜ ਸਭਾ ਸ. ਤਰਲੋਚਨ ਸਿੰਘ ਨੂੰ, ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ, 'ਗੁਰੂ ਦਾ ਸਚਿਆਰ ਸਿੱਖ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸ. ਤਰਲੋਚਨ ਸਿੰਘ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਮੈਂਬਰ ਹੋਣ ਸਦਕਾ ਉਨ੍ਹਾਂ ਦਾ ਵਿਅਕਤਿਤਵ ਸਿੱਖ ਆਦਰਸ਼ਾਂ ਨੂੰ ਪ੍ਰਣਾਇਆ ਹੋਇਆ ਹੈ। ਸ. ਹਰਜਾਪ ਸਿੰਘ ਔਜਲਾ ਨੇ ਕਿਹਾ ਕਿ ਸ. ਤਰਲੋਚਨ ਸਿੰਘ ਨੇ ਆਪਣੇ ਕਰੀਅਰ ਦਾ ਸਫ਼ਰ ਜ਼ਿਲ੍ਹਾ ਲੋਕ ਸੰਪਰਕ ਅਫਸਰ ਵਜੋਂ ਸ਼ੁਰੂ ਕਰਕੇ ਰਾਸ਼ਟਰਪਤੀ ਭਵਨ ਤਕ ਉੱਚ ਰੁਤਬਾ ਹਾਸਲ ਕਰਕੇ ਪੂਰਾ ਕੀਤਾ।

ਸ. ਤਰਲੋਚਨ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ ਸਥਾਪਿਤ ਕਰਵਾਏ ਮਹੱਤਵਪੂਰਨ ਪ੍ਰੋਜੈਕਟਾਂ ਦਾ ਜ਼ਿਕਰ ਕਰਦਿਆਂ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੇ ਦੱਸਿਆ ਕਿ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਕੁਰੂਕਸ਼ੇਤਰ ਵਿਖੇ ਪੈਨੋਰਮਾ ਦਾ ਉਦਘਾਟਨ ਕੀਤਾ ਤਾਂ ਉਨ੍ਹਾਂ ਦਾ ਸਾਥ ਦੇ ਰਹੇ ਸ. ਤਰਲੋਚਨ ਸਿੰਘ



ਨੇ ਉਨ੍ਹਾਂ ਕੋਲੋਂ ਅੰਮ੍ਰਿਤਸਰ ਦੇ ਰਾਮ ਬਾਗ਼ ਵਿਚ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਸਥਾਪਿਤ ਕਰਨ ਦੀ ਪ੍ਰਵਾਨਗੀ ਹਾਸਿਲ ਕਰ ਲਈ, ਜੋ ਥੋੜ੍ਹੇ ਸਮੇਂ ਵਿਚ ਹੀ ਤਿਆਰ ਕਰ ਦਿੱਤਾ ਗਿਆ। ਸੰਨ 1973 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਚੌੜਾਈ ਵਧਾਉਣ ਦੀ ਯੋਜਨਾ ਲਾਗੂ ਕਰ ਰਹੀ ਸੀ ਤਾਂ ਹੋਰ ਸਰਗਰਮ ਜਥੇਬੰਦੀਆਂ ਦੇ ਨਾਲ ਨਾਲ ਸ. ਤਰਲੋਚਨ ਸਿੰਘ ਨੇ ਰੋਜ਼ਾਨਾ ਅਜੀਤ ਅਖ਼ਬਾਰ ਦੇ ਤਤਕਾਲੀ ਸੰਸਥਾਪਕ ਐਡੀਟਰ ਸ. ਸਾਧੂ ਸਿੰਘ ਹਮਦਰਦ ਦੇ ਸਹਿਯੋਗ ਸਦਕਾ ਰਾਮਗੜ੍ਹੀਆ ਬੁੰਗੇ ਨੂੰ ਜਿਉਂ ਦਾ ਤਿਉਂ ਰੱਖਣ ਵਿਚ ਅਹਿਮ ਯੋਗਦਾਨ ਪਾਇਆ। ਸ. ਹਰਦੀਪ ਸਿੰਘ ਚਾਹਲ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅਕਾਸ਼-ਮੰਡਲ ਦੀ ਸੁੰਦਰਤਾ ਅਤੇ ਆਭਾ ਨੂੰ ਬੇਦਾਗ਼ ਰੱਖਣ ਲਈ ਸ. ਤਰਲੋਚਨ ਸਿੰਘ ਲੰਮੇ ਅਰਸੇ ਤੋਂ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸਰਗਰਮ ਆਗੂ ਐਡਵੋਕੇਟ ਸ. ਸਰਬਜੀਤ ਸਿੰਘ ਵੇਰਕਾ ਨੇ ਸ਼ਹਿਰ ਦੇ ਅੰਦਰ ਵਿਸ਼ੇਸ਼ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕੀ ਖੇਤਰ ਦੀ ਸਦੀਆਂ ਪੁਰਾਣੀ ਵਿਰਾਸਤ ਨੂੰ ਤਬਾਹ ਕਰਕੇ ਉਸਾਰੇ ਗਏ ਹੋਟਲਾਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਦੀ ਨਾਅਹਿਲੀਅਤ ਅਤੇ ਸ਼ੱਕੀ ਕਾਰਗੁਜ਼ਾਰੀ ਬਾਰੇ ਭਰਵੀਂ ਜਾਣਕਾਰੀ ਦਿੱਤੀ, ਜਿਸ ਨੂੰ ਰੋਕਣ ਲਈ ਸ. ਤਰਲੋਚਨ ਸਿੰਘ ਨੇ ਠੋਸ ਸੁਝਾਅ ਦਿੱਤੇ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਅੰਮ੍ਰਿਤਸਰ ਸ਼ਹਿਰ ਵਿਚੋਂ ਪਸ਼ੂਆਂ ਦੀਆਂ ਡੇਹਰੀਆਂ ਸ਼ਹਿਰੋਂ ਬਾਹਰ ਤਬਦੀਲ ਕਰਨ ਅਤੇ ਅੰਮ੍ਰਿਤਸਰ ਹਵਾਈ ਅੱਡੇ ਦੇ ਨਵੇਂ ਟਰਮੀਨਲ ਦੀ ਉਸਾਰੀ ਬਾਰੇ ਅੰਮ੍ਰਿਤਸਰ ਵਿਕਾਸ ਮੰਚ ਦੇ ਯਤਨਾਂ ਨੂੰ ਸਾਂਝਿਆਂ ਕੀਤਾ। ਸ. ਰਾਜਵਿੰਦਰ ਸਿੰਘ ਗਿੱਲ ਨੇ ਸ. ਤਰਲੋਚਨ ਸਿੰਘ ਵੱਲੋਂ ਅੰਮ੍ਰਿਤਸਰ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਪ੍ਰਤੀ ਪਾਏ ਯੋਗਦਾਨ ਨੂੰ ਸਲਾਹਿਆ। ਸ. ਤਰਲੋਚਨ ਸਿੰਘ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਸਰੋਕਾਰਾਂ ਪ੍ਰਤੀ ਪਾਏ ਯੋਗਦਾਨ ਅਤੇ ਗੁਰੂ ਨਗਰੀ ਅੰਮ੍ਰਿਤਸਰ ਦੀ ਸ਼ਾਨ ਨੂੰ ਵਧਾਉਣ ਲਈ ਕੀਤੇ ਉਪਰਾਲਿਆਂ ਦੀ ਕਦਰ ਕਰਦੇ ਹੋਏ ਅੰਮ੍ਰਿਤਸਰ ਵਿਕਾਸ ਮੰਚ ਦੀ ਕਾਰਜਕਾਰਨੀ ਵੱਲੋਂ ਉਨ੍ਹਾਂ ਨੂੰ 'ਗੁਰੂ ਦਾ ਸਚਿਆਰ ਸਿੱਖ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਸਫ਼ਲ ਬਣਾਉਣ ਵਿਚ ਸ. ਮਨਮੋਹਣ ਸਿੰਘ ਬਰਾੜ, ਪ੍ਰਧਾਨ ਸ. ਸੁਰਿੰਦਰ ਜੀਤ ਸਿੰਘ, ਇਤਿਹਾਸਕਾਰ ਸ੍ਰੀ ਸੁਰਿੰਦਰ ਕੋਛੜ, ਸਾਬਕਾ ਜ਼ਿਲ੍ਹਾ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਸ. ਹਰਿੰਦਰ ਪਾਲ ਸਿੰਘ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਗੁਰਪ੍ਰਤਾਪ ਸਿੰਘ ਗੁਰੀ, ਸ. ਜਸਪਾਲ ਸਿੰਘ, ਸ. ਰਾਜਵਿੰਦਰਜੀਤ ਸਿੰਘ, ਸ. ਜਵਾਹਰ ਲਾਲ ਸਿੰਘ, ਸ. ਹਰਦਿਆਲ ਸਿੰਘ ਬਾਜਵਾ, ਸ. ਨਿਰਮਲ ਸਿੰਘ ਅਨੰਦ, ਸ. ਜਤਿੰਦਰ ਪਾਲ ਸਿੰਘ, ਸੀ.ਏ. ਹਰਪ੍ਰੀਤ ਸਿੰਘ, ਐਡਵੋਕੇਟ ਹਰਮਨਦੀਪ ਸਿੰਘ ਆਦਿ ਨੇ ਅਹਿਮ ਯੋਗਦਾਨ ਪਾਇਆ।

# 'ਕੌਮਾਂਤਰੀ ਭਾਸ਼ਾ ਦਿਵਸ' ਨੂੰ ਸਮਰਪਿਤ ਰਹੀ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮੀਟਿੰਗ

**ਕੈਲਗਰੀ:** ਲੰਘੇ ਐਤਵਾਰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਮੰਚ ਸੰਚਾਲਨ ਜਗਦੇਵ ਸਿੱਧੂ ਨੇ ਖ਼ੂਬਸੂਰਤ ਅਤੇ ਸੁਚੱਜੇ ਢੰਗ ਨਾਲ ਕੀਤਾ। ਵਿਗਿਆਨੀ ਤੇ ਲੇਖਕ ਡਾ. ਸੁਰਜੀਤ ਸਿੰਘ ਭੱਟੀ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾ ਕਰਦਿਆਂ ਉਨ੍ਹਾਂ ਦੇ ਕੀਤੇ ਕੰਮਾਂ ਬਾਰੇ ਗੱਲਬਾਤ ਕੀਤੀ ਗਈ।

ਪੰਜਾਬੀ ਸਾਹਿਤ ਸਭਾ ਵਿਚਲੀ ਗੱਲਬਾਤ 'ਕੌਮਾਂਤਰੀ ਭਾਸ਼ਾ ਦਿਵਸ' 'ਤੇ ਕੇਂਦਰਤ ਰਹੀ। ਸ਼ੁਰੂ ਵਿਚ ਸੁਖਮੰਦਰ ਗਿੱਲ ਨੇ ਪੰਜਾਬੀ ਮਾਂ ਬੋਲੀ ਬਾਰੇ ਲਿਖੀ ਆਪਣੀ ਰਚਨਾ ਨਿਵੇਕਲੇ ਅੰਦਾਜ਼ ਵਿਚ ਗਾ ਕੇ ਸੁਣਾਈ:

ਜੀਹਨੂੰ ਲੋਕੀਂ ਕਹਿਣ ਪੰਜਾਬੀ
ਰਾਣੀ ਪੰਜ ਦਰਿਆਵਾਂ ਦੀ
ਮਿਸ਼ਰੀ ਨਾਲੋਂ ਮਿੱਠੀ ਹੈ ਇਹ
ਬੋਲੀ ਸਾਡੀਆਂ ਮਾਵਾਂ ਦੀ।
ਡੇਰਿਆਂ ਅਤੇ ਮਸੀਤਾਂ ਵਿੱਚ ਇਹ ਖੇਡ ਕੇ ਹੋਈ ਸਿਆਣੀ
ਭਗਤਾਂ ਸੰਤ ਫ਼ਕੀਰਾਂ ਇਸ ਨੂੰ ਸਿੰਜਿਆ ਦੇ ਕੇ ਪਾਣੀ
ਢੋਲੇ ਮਾਹੀਏ ਗਿੱਧੇ ਭੰਗੜੇ ਖੁਸ਼ੀਆਂ ਖੇੜੇ ਚਾਵਾਂ ਦੀ



ਮਿਸ਼ਰੀ ਨਾਲੋਂ ਮਿੱਠੀ ਹੈ ਇਹ
ਬੋਲੀ ਸਾਡੀਆਂ ਮਾਵਾਂ ਦੀ।

ਸੁਖਮੰਦਰ ਨੇ ਇਕ ਹੋਰ ਗੀਤ 'ਅੱਜ ਗੀਤਾਂ ਹੱਥ ਬੰਦੂਕਾਂ ਫੜੀਆਂ' ਗਾਇਆ। ਸੁਰਿੰਦਰ ਗੀਤ ਨੇ ਆਪਣੀ ਬਹੁ-ਚਰਚਿਤ ਕਹਾਣੀ 'ਤਾਏ ਕੇ ਚੋਰ ਉਚੱਕੇ ਨਹੀਂ' ਸੁਣਾਈ। ਇਹ ਕਹਾਣੀ ਕੈਨੇਡਾ ਦੇ ਮੂਲ ਨਿਵਾਸੀਆਂ 'ਤੇ ਗੋਰੇ ਲੋਕਾਂ ਵੱਲੋਂ ਕੀਤੀ ਗਏ ਅਤਿਆਚਾਰਾਂ ਦੀ ਘਿਨੌਣੀ ਅਤੇ ਦਿਲ ਚੀਰਵੀਂ ਦਾਸਤਾਨ ਹੈ। ਸਰੋਤੇ ਭਾਵੁਕ ਹੋ ਗਏ। ਕਹਾਣੀ 'ਤੇ ਭਰਪੂਰ ਆਲੋਚਨਾਤਮਕ ਚਰਚਾ ਹੋਈ। ਜਗਦੇਵ ਸਿੱਧੂ ਨੇ ਕਿਹਾ ਕਿ ਇਹ ਕਹਾਣੀ ਵਿਸ਼ੇ, ਵਸਤੂ, ਪਾਤਰ ਉਸਾਰੀ ਅਤੇ ਤਕਨੀਕ ਪੱਖੋਂ ਸਫ਼ਲ ਕਹਾਣੀ ਹੈ। ਸੋਹਣ ਸਿੰਘ ਭੁੱਚੋ ਨੇ ਕਹਾਣੀ ਦੇ ਵੱਖ-ਵੱਖ ਪਹਿਲੂਆਂ 'ਤੇ ਪੜਚੋਲ ਕਰਕੇ ਕਹਾਣੀ ਦੀ ਤਾਰੀਫ਼ ਕੀਤੀ।

ਸੁਰਿੰਦਰ ਗੀਤ ਨੇ ਦੱਸਿਆ ਕਿ ਉਸਨੇ ਪਿਛਲੇ ਦਿਨੀਂ ਇਕ ਸਮਾਗਮ ਦੌਰਾਨ ਆਪਣੇ ਇਕ ਕਹਾਣੀ ਸੰਗ੍ਰਹਿ ਅਤੇ ਇਕ ਕਾਵਿ-ਸੰਗ੍ਰਹਿ ਦੇ ਅੰਗਰੇਜ਼ੀ ਅਨੁਵਾਦ ਦੀਆਂ ਪੁਸਤਕਾਂ ਉਘੀ ਨੇਟਿਵ ਹਸਤੀ ਆਟਮਈਗਲ ਸਪੀਕਰ ਨੂੰ ਭੇਟ ਕੀਤੀਆਂ ਸਨ। ਕਹਾਣੀ 'ਤਾਏ ਕੇ ਚੋਰ ਉੱਚੱਕੇ' ਦਾ ਅੰਗਰੇਜ਼ੀ ਅਨੁਵਾਦ ਉਸ ਪੁਸਤਕ ਵਿਚ ਦਰਜ ਹੈ। ਸੋਹਣ ਸਿੰਘ ਭੁੱਚੋ ਨੇ ਕਿਹਾ ਕਿ ਇਹ ਸੰਪੂਰਨ ਕਹਾਣੀ ਹੈ ਜੋ ਅੰਤ ਤਕ ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ।

ਇੰਜਨੀਅਰ ਜੀਰ ਸਿੰਘ ਬਰਾੜ ਨੇ ਪੰਜਾਬੀ ਬੋਲੀ ਨੂੰ ਵਗਦਾ ਦਰਿਆ ਕਿਹਾ ਜੋ ਕਦੇ ਸੁੱਕਣਾ ਨਹੀਂ। ਸੁਰਿੰਦਰ ਢਿੱਲੋਂ ਅਤੇ ਪੈਰੀ ਮਾਹਲ ਦਾ ਵਿਚਾਰ ਸੀ ਕਿ ਪੰਜਾਬੀ ਬੋਲੀ ਨੂੰ ਕੋਈ ਖ਼ਤਰਾ ਨਹੀਂ ਪਰ ਚੁਣੌਤੀਆਂ ਦਾ ਟਾਕਰਾ ਕਰਨ ਦੀ ਲੋੜ ਹੈ। ਸੁਰਿੰਦਰ ਢਿੱਲੋਂ ਨੇ ਪਾਕਿਸਤਾਨੀ ਕਵੀ ਦੀ ਲਿਖੀ ਕਵਿਤਾ ਸੁਣਾਈ:

ਜਿੱਥੇ ਧੁੱਪ ਤੇ ਠੰਢੀ ਛਾਂ
ਚੱਲ ਓਏ ਚੱਲੀਏ ਓਸ ਗਰਾਂ।

ਸੋਹਣ ਸਿੰਘ ਭੁੱਚੋ ਦੀ ਕਵਿਤਾ ਸੀ; 'ਜੇ ਬੂਹੇ 'ਤੇ ਸਵਾਗਤ ਕਰੀਏ ਤਾਂ ਹੀ ਰਿਸ਼ਤੇ ਘਰ ਜਾਂਦੇ ਐ!'

ਤਰਲੋਕ ਸਿੰਘ ਚੁੱਘ ਨੇ ਪੰਜਾਬੀ ਬੋਲੀ ਨੂੰ ਗੁੜ ਵਰਗੀ ਕਿਹਾ ਅਤੇ ਕਮਾਲ ਦੇ ਅੰਦਾਜ਼ ਵਿਚ ਗ਼ਜ਼ਲ ਪੇਸ਼ ਕੀਤੀ। ਹਰਮਿੰਦਰ ਪਾਲ ਸਿੰਘ ਨੇ ਦੋ ਗੀਤ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤੇ, 'ਰੋਗ ਲੱਭਾ ਨੁਈਂ ਤਬੀਬਾ ਤੈਨੂੰ ਮੇਰਾ' ਅਤੇ ਦੂਸਰਾ ਗੀਤ ਸੀ 'ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ'!

ਰਾਮ ਚੰਦ, ਚਰਨਜੀਤ ਸਿੰਘ ਦਿੱਲੀ ਅਤੇ ਗੁਰਬਖ਼ਸ਼ ਸਿੰਘ ਗਿੱਲ ਨੇ ਵਿਚਾਰ-ਚਰਚਾ ਵਿਚ ਹਿੱਸਾ ਲਿਆ। ਅੰਤ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅਗਲੀ ਮੀਟਿੰਗ 22 ਮਾਰਚ ਨੂੰ ਹੋਵੇਗੀ।

*-ਸੁਰਿੰਦਰ ਗੀਤ*
*(403) 605-3734*

# ਅਮਰੀਕਾ ਦੇ 25 ਹਜ਼ਾਰ ਖ਼ਤਰਨਾਕ ਅਪਰਾਧੀਆਂ ਦੀ ਸੂਚੀ 'ਚ 89 ਭਾਰਤੀ

**ਚੰਡੀਗੜ੍ਹ:** ਅਮਰੀਕਾ 'ਚ ਭਾਰਤੀਆਂ ਦੀ ਪ੍ਰੇਸ਼ਾਨੀ ਵਧ ਰਹੀ ਹੈ।ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (ਡੀ.ਐਚ.ਐਸ.) ਨੇ ਇਕ ਨਵੀਂ ਵੈੱਬਸਾਈਟ 'ਤੇ ਬੁਰੇ ਤੋਂ ਬੁਰੇ ਕਰੀਬ 25,000 ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਦੀ ਜਾਣਕਾਰੀ ਜਨਤਕ ਕੀਤੀ ਹੈ। ਇਸ ਵੈੱਬਸਾਈਟ 'ਚ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸ) ਅਤੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਲੋਂ ਗੰਭੀਰ ਅਪਰਾਧਾਂ ਅਧੀਨ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਵੇਰਵੇ । ਇਸ ਸੂਚੀ ਵਿਚ 89 ਭਾਰਤੀ ਮੂਲ ਦੇ ਵਿਅਕਤੀ ਹਨ, ਜਿਨ੍ਹਾਂ ਵਿਚ 2 ਦਰਜਨ ਤੋਂ ਵਧੇਰੇ ਲੋਕਾਂ ਦੇ ਨਾਂਅ ਨਾਲ ਸਿੰਘ ਜਾਂ ਕੌਰ ਲਿਖਿਆ ਹੈ। ਹਾਲਾਂਕਿ ਇਨ੍ਹਾਂ ਵਿਚੋਂ ਬਹੁਤੇ ਮੋਨੇ ਹਨ। ਜਦੋਂ ਕਿ ਗੁਜਰਾਤੀਆਂ ਦੀ ਗਿਣਤੀ ਵੀ ਕਾਫੀ ਜ਼ਿਆਦਾ ਹੈ। ਬਾਕੀਆਂ ਵਿਚ ਮੁਸਲਮਾਨ ਤੇ ਹੋਰ ਭਾਰਤੀ ਹਨ। ਇਨ੍ਹਾਂ ਸਾਰਿਆਂ ਨੂੰ ਹੀ ਅਮਰੀਕਾ ਤੋਂ ਵਾਪਸ ਭੇਜਿਆ (ਡਿਪੋਰਟ) ਜਾ ਰਿਹਾ ਹੈ। ਇਹ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਹਿੱਸਾ ਹੈ। ਡੀ.ਐਚ.ਐਸ. ਨੇ ਕਿਹਾ ਕਿ ਅੰਕੜਾ ਅਮਰੀਕੀ ਨਾਗਰਿਕਾਂ ਨੂੰ, ਅਪਰਾਧੀਆਂ ਬਾਰੇ ਜਾਣਕਾਰੀ ਦੇਣ ਲਈ ਬਣਾਇਆ ਗਿਆ ਹੈ ਜੋ ਉਨ੍ਹਾਂ ਦੇ ਸਮਾਜ ਲਈ ਖ਼ਤਰਾ ਬਣੇ ਹੋਏ ਹਨ। ਇਸ ਸੂਚੀ ਨੇ ਚ ਭਾਰਤੀ-ਅਮਰੀਕੀ ਭਾਈਚਾਰੇ ਵਿਚ ਵੱਡੀ ਹੱਲਚਲ ਪੈਦਾ ਕਰ ਦਿੱਤੀ ਹੈ ਕਿਉਂਕਿ ਬਹੁਤੇ ਭਾਰਤੀ-ਅਮਰੀਕੀ ਕਾਨੂੰਨ ਪਾਲਣ ਵਾਲੇ ਨਾਗਰਿਕ ਹਨ ਅਤੇ ਅਮਰੀਕੀ ਅਰਥਵਿਵਸਥਾ ਵਿਚ ਵੱਡਾ ਯੋਗਦਾਨ ਪਾ ਰਹੇ ਹਨ, ਪਰ ਕੁਝ ਵਿਸ਼ਲੇਸ਼ਕ ਇਸ ਨੂੰ ਨਸਲੀ ਵਿਤਕਰੇ ਵਜੋਂ ਵੀ ਵੇਖ ਰਹੇ ਹਨ। ਡੀ.ਐਚ.ਐਸ. ਨੇ ਇਸ ਨੂੰ ਅਪਰਾਧ ਵਿਰੋਧੀ ਕਾਰਵਾਈ ਐਲਾਨਿਆ ਹੈ। ਇਸ ਰਿਪੋਰਟ ਨੇ ਅਮਰੀਕੀ ਪੰਜਾਬੀਆਂ ਅਤੇ ਗੁਜਰਾਤੀਆਂ ਨੂੰ ' ਫ਼ਿਕਰਾਂ ਵਿਚ ਪਾ ਦਿੱਤਾ ਹੈ।



ਭਾਰਤੀਆਂ 'ਚ ਸਿੰਘ ਜਾਂ ਕੌਰ ਨਾਂਅ ਵਾਲੇ ਵਿਅਕਤੀਆਂ ਦਾ ਵੇਰਵਾ ਦਰਜਨ ਤੋਂ ਵਧੇਰੇ ਅਜਿਹੇ ਵਿਅਕਤੀਆਂ 'ਤੇ ਵਿੱਤੀ ਧੋਖਾਧੜੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਿੰਸਕ ਅਪਰਾਧਾਂ ਵਰਗੇ ਦੋਸ਼ ਹਨ। ਵੈੱਬਸਾਈਟ 'ਤੇ ਉਨ੍ਹਾਂ ਦੀਆਂ ਤਸਵੀਰਾਂ ਅਤੇ ਵੇਰਵੇ ਆਮ ਜਨਤਾ ਲਈ ਉਪਲਬਧ ਹਨ। ਸੂਚੀ ਅਨੁਸਾਰ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵਿਚ ਬਲਬੀਰ ਸਿੰਘ ਨੂੰ ਕਤਲ ਦੇ ਦੋਸ਼ ਵਿਚ ਲਾਸ ਏਂਜਲਸ ਤੋਂ, ਕੁਲਦੀਪ ਸਿੰਘ ਨੂੰ ਚੋਰੀ ਅਤੇ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਿਚ ਕੈਲੀਫੋਰਨੀਆ ਤੋਂ, ਹਰਜਿੰਦਰ ਸਿੰਘ ਨੂੰ ਵਿੱਤੀ ਧੋਖਾਧੜੀ ਅਤੇ ਧੋਖੇ ਦੇ ਮਾਮਲੇ ਵਿਚ ਨਿਊ ਜਰਸੀ ਵਿਚੋਂ, ਹਰਪ੍ਰੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਵਿਚ ਟੈਕਸਾਸ ਤੋਂ, ਅੰਤਰਪ੍ਰੀਤ ਕੌਰ ਨੂੰ ਮਨੀ. ਲਾਂਡਰਿੰਗ ਅਤੇ ਧੋਖਾਧੜੀ ਵਿਚ ਨਿਊ ਯਾਰਕ ਤੋਂ, ਅੰਮ੍ਰਿਤਪਾਲ ਸਿੰਘ ਨੂੰ ਜਿਨਸੀ ਅਪਰਾਧ ਅਤੇ ਹਿੰਸਾ ਵਿਚ ਕੈਲੀਫੋਰਨੀਆ ਤੋਂ, ਕਰਮਜੀਤ ਸਿੰਘ ਨੂੰ ਡਾਕੇ ਅਤੇ ਹਮਲੇ ਦੇ ਕੇਸ ਵਿਚ ਇਲੀਨੋਇਸ ਤੋਂ, ਵਰਿੰਦਰ ਸਿੰਘ ਨੂੰ ਨਸ਼ੇ ਰੱਖਣ ਅਤੇ ਤਸਕਰੀ ਦੇ ਮਾਮਲੇ ਵਿਚ ਫਲੋਰੀਡਾ ਤੋਂ, ਦਮਨਪ੍ਰੀਤ ਸਿੰਘ ਨੂੰ ਵਿੱਤੀ ਧੋਖੇ ਅਤੇ ਨਕਲੀ ਦਸਤਾਵੇਜ਼ਾਂ ਦੇ ਮਾਮਲੇ ਵਿਚ ਨਿਊ ਜਰਸੀ ਤੋਂ, ਰਵਦੀਪ ਸਿੰਘ ਨੂੰ ਘਰੇਲੂ ਹਿੰਸਾ ਦੇ ਮਾਮਲੇ ਵਿਚ ਕੈਲੀਫੋਰਨੀਆ ਵਿਚੋਂ, ਗੁਰਪਿੰਦਰ ਸੰਧੂ ਨੂੰ ਮਨੀ ਲਾਂਡਰਿੰਗ ਵਿਚ ਵਾਸ਼ਿੰਗਟਨ ਤੋਂ, ਪਰਮਵੀਰ ਸਿੰਘ ਨੂੰ ਨਸ਼ਿਆਂ ਦੇ ਮਾਮਲੇ ਵਿਚ ਟੈਕਸਾਸ ਤੋਂ, ਨਵਜੋਤ ਸਿੰਘ ਨੂੰ ਧੋਖੇ ਤੇ ਚੋਰੀ ਵਿਚ ਨਿਊਯਾਰਕ ਤੋਂ, ਹਰਪਿੰਦਰ ਸਿੰਘ ਨੂੰ ਜਿਨਸੀ ਅਪਰਾਧ ਵਿਚ ਇਲੀਨੋਇਸ ਵਿਚ, ਸੁਖਦੇਵ ਸਿੰਘ ਨੂੰ ਡਾਕੇ ਅਤੇ ਹਿੰਸਾ ਦੇ ਮਾਮਲੇ ਵਿਚ ਫਲੋਰੀਡਾ ਵਿਚ, ਗੁਰਵਿੰਦਰ ਸਿੰਘ ਨੂੰ ਵਿੱਤੀ ਧੋਖਾਧੜੀ ਦੇ ਮਾਮਲੇ ਵਿਚ ਕੈਲੀਫੋਰਨੀਆ ਤੋਂ, ਦਲਵੀਰ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਨਿਊ ਜਰਸੀ ਤੋਂ, ਰੁਪਿੰਦਰ ਸਿੰਘ ਨੂੰ ਘਰੇਲੂ ਹਿੰਸਾ ਵਿਚ ਨਿਊਯਾਰਕ ਤੋਂ, ਮਨਜਿੰਦਰ ਸਿੰਘ ਨੂੰ ਧੋਖੇ ਅਤੇ ਮਨੀ ਲਾਂਡਰਿੰਗ ਲਈ ਟੈਕਸਾਸ ਤੋਂ, ਸੁਰਜੀਤ ਸਿੰਘ ਨੂੰ ਹਮਲੇ ਅਤੇ ਡਾਕੇ ਲਈ ਕੈਲੀਫੋਰਨੀਆ ਤੋਂ, ਜਸਪਾਲ ਸਿੰਘ ਨੂੰ ਨਸ਼ਿਆਂ ਕਾਰਨ ਇਲੀਨੋਇਸ ਤੋਂ, ਵਿਜੈਦੀਪ ਸਿੰਘ ਨੂੰ ਵਿੱਤੀ ਠੱਗੀ ਲਈ ਨਿਊਜਰਸੀ ਤੋਂ, ਵਿਕਰਮਵੀਰ ਸਿੰਘ ਨੂੰ ਜਿਨਸੀ ਅਪਰਾਧ ਲਈ ਫਲੋਰੀਡਾ ਤੋਂ, : ਸੁਮਿੰਦਰ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਾਸ਼ਿੰਗਟਨ ਤੋਂ, ਗੁਰਦੇਵ ਸਿੰਘ ਨੂੰ ਘਰੇਲੂ ਹਿੰਸਾ ਕਾਰਨ ਨਿਊਯਾਰਕ ਤੋਂ, ਗੁਰਜਿੰਦਰ ਸਿੰਘ ਨੂੰ ਧੋਖੇ ਅਤੇ ਚੋਰੀ ਕਾਰਨ ਕੈਲੀਫੋਰਨੀਆ ਤੋਂ, ਮਨਜੋਤ ਸਿੰਘ ਨੂੰ ਮਨੀ ਲਾਂਡਰਿੰਗ ਕਾਰਨ ਟੈਕਸਾਸ ਤੋਂ, ਗੁਰਪਰਮਿੰਦਰ ਸਿੰਘ ਨੂੰ ਡਾਕੇ ਅਤੇ ਹਮਲੇ ਲਈ ਨਿਊਜਰਸੀ ਤੋਂ, ਬਲਜਿੰਦਰ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਇਲੀਨੋਇਸ ਤੋਂ ਅਤੇ ਗਗਨ ਸਿੰਘ ਨੂੰ ਵਿੱਤੀ ਧੋਖਾਧੜੀ ਲਈ ਫਲੋਰੀਡਾ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪਟੇਲ ਅਤੇ ਹੋਰ ਗੁਜਰਾਤੀ ਨਾਂਅ ਵਾਲੇ ਕਰੀਬ ਡੇਢ ਦਰਜਨ ਵਿਅਕਤੀ ਇਸ ਸੂਚੀ ਵਿਚ ਗੁਜਰਾਤੀ ਉਪ ਜਾਤੀਆਂ ਵਜੋਂ ਪਛਾਣੇ ਜਾਣ ਵਾਲੇ ਕਰੀਬ ਡੇਢ ਦਰਜਨ ਵਿਅਕਤੀਆਂ ਦੇ ਨਾਂਅ ਹਨ। ਲਗਭਗ 40 ਵਿਅਕਤੀ ਵੱਖ- ਵੱਖ ਰਾਜਾਂ ਨਾਲ ਸੰਬੰਧਿਤ ਇਸ ਸੂਚੀ ਵਿਚ ਸ਼ਾਮਿਲ ਕਰੀਬ 40 ਹੋਰ ਵਿਅਕਤੀਆਂ ਦੀ ਪਛਾਣ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਮੁਸਲਿਮ ਭਾਈਚਾਰੇ ਆਦਿ ਵਜੋਂ ਹੋਈ ਹੈ।

ਇਨ੍ਹਾਂ 'ਤੇ ਵੀ ਵਿੱਤੀ ਅਪਰਾਧ ਅਤੇ ਤਸਕਰੀ ਆਦਿ ਦੇ ਦੋਸ਼ ਹਨ। ਇਹ ਸੂਚੀ ਭਾਰਤੀ ਭਾਈਚਾਰੇ ਲਈ ਚਿੰਤਾ ਵਧਾ ਰਹੀ ਹੈ, ਕਿਉਂਕਿ ਇਸ ਨੇ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਦੀ ਇੱਜ਼ਤ ਨੂੰ ਪ੍ਰਭਾਵਿਤ ਕੀਤਾ ਹੈ।

# ਗੁਰੂ ਘਰ ਟਰੇਸੀ ਦੇ ਸੇਵਾਦਾਰ ਭਾਈ ਅਵਤਾਰ ਸਿੰਘ ਦਾ ਅਗਵਾ ਮਗਰੋਂ ਕਤਲ

ਗੁਰੂ ਘਰ ਟਰੇਸੀ ਦੇ ਸੇਵਾਦਾਰ ਭਾਈ ਅਵਤਾਰ ਸਿੰਘ ਬੁਲਟ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਸੇਵਾ, ਨਿਮਰਤਾ ਅਤੇ ਸਮਰਪਣ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਟਰੇਸੀ ਵਿਖੇ ਲੰਮਾ ਸਮਾਂ ਨਿਸ਼ਕਾਮ ਸੇਵਾ ਕਰਦਿਆਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਗੁਰੂ ਘਰ ਨੂੰ ਸਮਰਪਿਤ ਕੀਤਾ।

ਕੁਝ ਸਮੇਂ ਤੋਂ ਉਹ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਕੈਲੀਫੋਰਨੀਆ ਵਿਖੇ ਲਗਾਤਾਰ ਲੰਗਰ ਦੀ ਸੇਵਾ ਨਿਭਾ ਰਹੇ ਸਨ। ਸਵੇਰ ਤੋਂ ਸ਼ਾਮ ਤੱਕ ਗੁਰੂ ਦੇ ਲੰਗਰ ਵਿਚ ਜੁਟੇ ਰਹਿਣਾ, ਹਰ ਆਉਣ ਵਾਲੇ ਨੂੰ ਪਿਆਰ ਨਾਲ ਬਿਠਾ ਕੇ ਪ੍ਰਸ਼ਾਦਾ ਛਕਾਉਣਾ—ਇਹ ਉਨ੍ਹਾਂ ਦੀ ਰੋਜ਼ਾਨਾ ਦੀ ਰਹਿਣੀ ਸੀ। ਉਨ੍ਹਾਂ ਦੇ ਚਿਹਰੇ ਉੱਤੇ ਸਦਾ ਸ਼ਾਂਤ ਮੁਸਕਾਨ ਹੁੰਦੀ ਸੀ, ਜੋ ਦੱਸਦੀ ਸੀ ਕਿ ਸੇਵਾ ਹੀ ਉਨ੍ਹਾਂ ਦੀ ਅਸਲੀ ਦੌਲਤ ਹੈ। ਪਿਛਲੇ ਦਿਨੀਂ ਕੁਝ ਲੋਕਾਂ ਨੇ ਉਨ੍ਹਾਂ ਨੂੰ ਗੁਰੂ ਘਰ ਵਿਚੋਂ ਅਗਵਾ ਕਰ ਲਿਆ ਸੀ ਅਤੇ ਹੁਣ ਉਨ੍ਹਾਂ ਦਾ ਮ੍ਰਿਤਕ ਸਰੀਰ ਮਿਲਿਆ ਹੈ। ਪੁਲਿਸ ਨੂੰ ਜਾਂਚ ਦੌਰਾਨ ਇਕ ਨਿਗਰਾਨੀ ਫੁਟੇਜ ਮਿਲੀ ਸੀ, ਜਿਸ ਵਿਚ ਇੱਕ ਚਿੱਟੇ ਰੰਗ ਦੀ SUV ਅਤੇ ਤਿੰਨ ਅਣਪਛਾਤੇ ਵਿਅਕਤੀਆਂ ਨੂੰ 2:30 ਵਜੇ ਦੇ ਕਰੀਬ ਪੀੜਤ ਨਾਲ ਦੇਖਿਆ ਗਿਆ ਸੀ। ਭਾਈ ਅਵਤਾਰ ਸਿੰਘ ਨੂੰ ਜਬਰੀ ਗੱਡੀ ਵਿਚ ਬਿਠਾਇਆ ਗਿਆ ਸੀ। ਜ਼ਾਲਮਾਂ ਵੱਲੋਂ ਇੱਕ



ਨਿਰਦੋਸ਼ ਗੁਰਸਿੱਖ ਦਾ ਕਤਲ ਕਰਨਾ ਬੇਹੱਦ ਸ਼ਰਮਨਾਕ ਅਤੇ ਅਣਮਨੁੱਖੀ ਕਾਰਾ ਹੈ, ਜਿਸ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਭਾਈ ਅਵਤਾਰ ਸਿੰਘ ਦਾ ਅੰਤਿਮ ਸੰਸਕਾਰ 1 ਮਾਰਚ, ਐਤਵਾਰ ਨੂੰ ਫਰਾਈ ਮੈਮੋਰੀਅਲ ਚੈਪਲ 550 ਸਾਊਥ ਸੈਂਟਰਲ ਐਵੇਨਿਊ, ਟਰੇਸੀ ਵਿਵਚ ਦੁਪਹਿਰ 2 ਤੋਂ 3:30 ਵਜੇ ਦਰਮਿਆਨ ਹੋਵੇਗਾ। ਉਪਰੰਤ ਸ੍ਰੀ ਸਹਿਜ ਪਾਠ ਦਾ ਭੋਗ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ, ਟਰੇਸੀ ਵਿਖੇ ਪਵੇਗਾ।

# ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਨੂੰ ਜਵਾਬੀ 'ਅਲਟੀਮੇਟਮ'

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵਲੋਂ ਪਿਛਲੇ ਦਿਨੀ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰ ਸੰਬੰਧੀ ਲਗਾਏ ਗੰਭੀਰ ਦੋਸ਼ਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਉਨ੍ਹਾਂ ਨੂੰ 72 ਘੰਟਿਆਂ ਅੰਦਰ ਲਗਾਏ ਦੋਸ਼ਾਂ ਦੇ ਠੋਸ ਸਬੂਤ ਪੇਸ਼ ਕਰਨ ਦੇ ਦਿੱਤੇ ਨੋਟਿਸ ਦੀ ਅੱਜ ਸਮਾਂ ਹੱਦ ਖਤਮ ਹੋਣ ਤੋਂ ਪਹਿਲਾਂ ਹੁਣ ਗਿਆਨੀ ਰਘਬੀਰ ਸਿੰਘ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਵਲੋਂ ਲਗਾਏ ਗਏ। ਦੋਸ਼ਾਂ ਦਾ 72 ਘੰਟਿਆਂ ਅੰਦਰ ਜਵਾਬ ਦੇਣ ਲਈ ਜਵਾਬੀ ਅਲਟੀਮੇਟਮ ਦਿੱਤਾ ਹੈ। ਵੀਡੀਓ ਜਾਰੀ ਕਰਕੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪਿਛਲੇ ਦਿਨੀ 18 ਫਰਵਰੀ ਨੂੰ ਜਲੰਧਰ ਪ੍ਰੈੱਸ ਕਲੱਬ ਵਿਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਮੇਰੇ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦਰ ਹੋ ਰਹੇ ਭ੍ਰਿਸ਼ਟਾਚਾਰ ਦੇ ਮੁੱਦੇ ਉਠਾਏ ਗਏ ਸਨ। ਉਨ੍ਹਾਂ ਕਿਹਾ ਕਿ ਮੈਂ ਕੁਝ ਦਿਨਾਂ ਤੋਂ ਪੰਜਾਬ ਤੋਂ ਬਾਹਰ ਸੀ, ਇਸ ਲਈ ਮੈਨੂੰ ਹੁਣ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਹੈ ਕਿ 19 ਫਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਕਮੇਟੀ ਨੇ ਮੇਰੇ ਵਲੋਂ ਉਠਾਏ ਸਵਾਲਾਂ ਦੀ 1. ਤਸੱਲੀ ਕਰਵਾਉਣ ਦੀ ਬਜਾਏ ਮੈਨੂੰ ਸਵਾਲ ਕਰਨ ਵਾਲੇ ਨੂੰ ਹੀ 72 ਘੰਟਿਆਂ ਦਾ ਨੋਟਿਸ ਦੇ ਕੇ ਮੇਰੇ ਕੋਲੋਂ ਜਵਾਬ ਮੰਗਿਆ ਹੈ। ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੂੰ ਸਵਾਲ ਕੀਤਾ ਕਿ ਤੁਸੀਂ ਮੇਰੇ ਉਨ੍ਹਾਂ ਦੀ ਤਸੱਲੀ ਕਰਾਉਣ ਅਤੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਉਲਟਾ ਮੈਨੂੰ ਹੀ 72 ਘੰਟੇ ਦਾ ਨੋਟਿਸ ਦੇ ਦਿੱਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਦਿੱਤੇ 'ਅਲਟੀਮੇਟਮ' ਉਤੇ ਮੋੜਵਾਂ 'ਅਲਟੀਮੇਟਮ' ਦਿੰਦਿਆਂ ਪ੍ਰਧਾਨ ਧਾਮੀ ਨੂੰ ਕਿਹਾ ਕਿ ਜੋ ਅਸੀਂ ਸਵਾਲ ਕੀਤੇ ਨੇ ਤੁਸੀਂ ਉਨ੍ਹਾਂ ਸਵਾਲਾਂ ਦੇ ਜਵਾਬ 72 ਘੰਟਿਆਂ ਦੇ ਵਿਚ ਸਾਨੂੰ ਦਿਓ, ਨਹੀਂ ਤੇ 72 ਘੰਟਿਆਂ ਤੋਂ ਬਾਅਦ ਫਿਰ ਇਕੱਲਾ-ਇਕੱਲਾ ਜੋ ਸਵਾਲ ਹੈ, ਉਸ ਦੇ ਜਵਾਬ ਅਸੀਂ ਸੰਗਤ ਦੇ ਸਾਹਮਣੇ. ਰੱਖਾਂਗੇ, ਕਿਉਂਕਿ ਭ੍ਰਿਸ਼ਟਾਚਾਰ ਬਾਰੇ ਜਿੰਨੇ ਵੀ ਉਸ ਦਿਨ ਮੈਂ ਸਵਾਲ ਕੀਤੇ ਨੇ, ਉਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਮੇਰੇ ਕੋਲ ਨੇ ਅਤੇ ਅਸੀਂ ਇਕੱਲਾ-ਇਕੱਲਾ ਜਿਹੜਾ ਸਵਾਲ ਹੈ, ਉਹ ਸੰਗਤ ਸਾਹਮਣੇ ਰੱਖਾਂਗੇ।



# ਐਪਸਟੀਨ ਮਾਮਲੇ 'ਚ ਕਿੰਗ ਚਾਰਲਸ ਦਾ ਭਰਾ ਗ੍ਰਿਫ਼ਤਾਰ

## ਐਂਡਰਿਊ ਨੇ ਐਪਸਟੀਨ ਨੂੰ ਸੌਂਪੇ ਸਨ ਖ਼ੁਫੀਆ ਦਸਤਾਵੇਜ਼

**ਲੰਡਨ:** ਖ਼ੂੰਖਾਰ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਜੁੜੇ ਮਾਮਲੇ ਵਿਚ ਬ੍ਰਿਟੇਨ ਦੇ ਸ਼ਾਹੀ ਪਰਿਵਾਰ ਦੇ ਮੈਂਬਰ ਪ੍ਰਿੰਸ ਐਂਡਰਿਊ ਨੂੰ ਵੀਰਵਾਰ ਨੂੰ ਹਿਰਾਸਤ ਵਿਚ ਲਿਆ ਗਿਆ।ਗ੍ਰਿਫਤਾਰੀ ਦੀ ਪੁਸ਼ਟੀ ਥੇਮਸ ਵੈਲੀ ਪੁਲਿਸ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਕੀਤੀ ਹੈ। ਪੁਲਿਸ ਮੁਤਾਬਕ ਐਂਡਰਿਊ ਨੂੰ ਪੂਰਬੀ ਇੰਗਲੈਂਡ ਸਥਿਤ ਸੈਂਡਿੰਘਮ ਅਸਟੇਟ ਦੇ ਵੁੱਡ ਫਾਰਮ ਵਾਲੇ ਘਰ ਤੋਂ ਹਿਰਾਸਤ ਵਿਚ ਲਿਆ ਹੈ। ਕਾਰਵਾਈ ਦੌਰਾਨ ਪੁਲਿਸ ਮੁਲਾਜ਼ਮ ਬਿਨਾਂ ਵਰਦੀ ਤੋਂ ਸਨ ਤੇ ਉਨ੍ਹਾਂ ਨੇ ਉਹ ਵਾਹਨ ਵਰਤੇ, ਜਿਨ੍ਹਾਂ 'ਤੇ ਸਰਕਾਰੀ ਚਿੰਨ੍ਹ ਨਹੀਂ ਲੱਗੇ ਸਨ। ਪੁਲਿਸ ਨੇ ਨਿਯਮ ਮੁਤਾਬਕ ਨਾਂ ਉਜਾਗਰ ਨਹੀਂ ਕੀਤਾ ਤੇ ਉਨ੍ਹਾਂ ਨੇ 'ਸਾਬਕਾ ਰਾਜ ਕੁਮਾਰ' ਦੇ ਰੂਪ ਵਿਚ ਸੰਬੋਧਨ ਕੀਤਾ।


ਪੁਲਿਸ ਮੁਤਾਬਕ ਬਰਕਸ਼ਾਇਰ ਸਥਿਤ ਉਨ੍ਹਾਂ ਦੇ ਪੁਰਾਣੇ ਘਰ 'ਤੇ ਤਲਾਸ਼ੀ ਦੌਰਾਨ ਕਾਰਵਾਈ ਕੀਤੀ ਜਾ ਰਹੀ ਹੈ। ਗ਼ੌਰਤਲਬ ਹੈ ਕਿ ਗ੍ਰਿਫ਼ਤਾਰੀ ਅਜਿਹੇ ਦਿਨ ਜਦੋਂ ਐਂਡਰਿਊ ਆਪਣਾ 66ਵਾਂ ਜਨਮ ਦਿਨ ਮਨਾ ਰਿਹਾ ਸੀ। ਐਪਸਟੀਨ ਫਾਈਲਜ਼ ਉਜਾਗਰ ਹੋਣ ਮਗਰੋਂ ਇਹ ਵੱਡੀ



ਕਾਰਵਾਈ ਮੰਨੀ ਜਾ ਰਹੀ ਹੈ। ਐਂਡਰਿਊ 'ਤੇ ਦੋਸ਼ ਹਨ ਕਿ ਉਸ ਨੇ 2010 ਵਿਚ ਬ੍ਰਿਟੇਨ ਦੇ ਵਪਾਰ ਮਾਮਲਿਆਂ ਦੇ ਖ਼ਾਸ ਦੂਤ ਵਜੋਂ ਖ਼ੁਫ਼ੀਆ ਦਸਤਾਵੇਜ਼ ਐਪਸਟੀਨ ਨਾਲ ਸਾਂਝੇ ਕੀਤੇ ਸਨ। ਬ੍ਰਿਟੇਨ ਦੇ ਰਾਜਾ ਚਾਰਲਸ ਨੇ ਕਿਹਾ, 'ਕਾਨੂੰਨ ਆਪਣਾ ਕੰਮ ਕਰਦਾ ਰਹੇਗਾ'।

# ਭਾਰਤ ਨੂੰ ਏ.ਆਈ. 'ਚ ਭੈਅ ਨਹੀਂ ਭਵਿੱਖ ਦਿਖਾਈ ਦਿੰਦਾ ਹੈ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਇਆਆਰਟੀਰੀ ਸੀਅਲ ਨਹੀਂ ਇੰਟੈਲੀਮੈਂਸ਼ (ਏਆਈ) 'ਚ ਡਰ ਨਹੀਂ, ਕਿਸਮਤ ਦਿਖਾਈ ਦਿੰਦੀ ਹੈ, ਭਵਿੱਖ ਦਿਸਦਾ ਹੈ ਕਿਉਂਕਿ ਸਾਡੇ ਕੋਲ ਪ੍ਰਤਿਭਾ ਹੈ, ਊਰਜਾ ਸਮਰੱਥਾ ਹੈ ਤੇ ਨੀਤੀ ਪੱਧਰ 'ਤੇ ਸਪੱਸ਼ਟਤਾ ਹੈ। ਇਹ ਤਿੰਨੇ ਚੀਜ਼ਾਂ ਏ.ਆਈ. ਲਈ ਜ਼ਰੂਰੀ ਹਨ। ਨਵੀਂ ਦਿੱਲੀ 'ਚ ਇੰਡੀਆ ਏ.ਆਈ. ਇੰਪੈਕਟ ਸਮਿਟ 'ਚ ਵੱਖ-ਵੱਖ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਰਾਸ਼ਟਰਪਤੀਆਂ ਅਤੇ ਟੈਂਕ ਦਿੱਗਜਾ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ ਕਿ ਭਾਰਤ 'ਚ ਭਿੰਨਤਾ ਹੈ, ਆਬਾਦੀ ਹੈ ਤੇ ਲੋਕਤੰਤਰ ਵੀ ਹੈ। ਇਸ ਕਾਰਨ ਭਾਰਤ 'ਚ ਜੋ ਏਆਈ ਮਾਡਲ ਸਫਲ ਹੋਵੇਗਾ, ਉਸ ਨੂੰ ਵਿਸ਼ਵ ਪੱਧਰ 'ਤੇ ਤਾਇਨਾਤ ਕੀਤਾ ਜਾ ਸਕਦਾ ਹੈ। ਟੈਂਕ ਦਿੱਗਜਾ ਨੂੰ ਉਨ੍ਹਾਂ ਨੇ ਕਿਹਾ ਕਿ ਉਹ ਭਾਰਤ 'ਚ ਏਆਈ ਮਾਡਲ ਨੂੰ ਡਿਜ਼ਾਈਨ ਕਰਨ ਅਤੇ ਵਿਕਸਤ ਕਰਨ ਦਾ ਕੰਮ ਕਰਨ ਤੇ ਫਿਰ ਦੁਨੀਆ 'ਚ ਉਸ ਨੂੰ ਲਾਗੂ ਕਰਨ। ਉਨ੍ਹਾਂ ਨੇ ਦੁਨੀਆ ਨੂੰ ਏਆਈ ਨੂੰ ਵਿਸ਼ਵ ਪੱਧਰੀ ਚੰਗਿਆਈ ਦੇ ਰੂਪ 'ਚ ਵਿਕਸਤ ਕਰਨ ਦਾ ਸੰਕਲਪ ਲੈਣ ਦੀ ਵੀ ਅਪੀਲ ਕੀਤੀ।



ਆਪਣੇ ਸੰਬੋਧਨ 'ਚ ਪ੍ਰਧਾਨ ਮੰਤਰੀ ਨੇ ਏਆਈ ਦੀ ਵਰਤੋਂ ਨੂੰ ਲੈ ਕੇ ਇਕ ਵਿਸ਼ਵ ਪੱਧਰੀ ਮਿਆਰ ਸਥਾਪਿਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਡੀਪਰੇਕ ਤੇ ਫੈਬ੍ਰਿਕੇਟਿਡ ਕੰਟੈਂਟ ਸਮਾਜ 'ਚ ਅਸਥਿਰਤਾ ਲਿਆ ਰਹੇ ਹਨ। ਡਿਜੀਟਲ ਦੁਨੀਆ ਦੇ ਕੰਟੈਂਟ 'ਤੇ ਉਸ ਦੀ ਵੈਰੀਫਿਕੇਸ਼ਨ ਦਾ ਲੇਬਲ ਹੋਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਇਹ ਅਸਲੀ ਕੰਟੈਂਟ ਹੈ ਤੇ ਇਹ ਏਆਈ ਨਾਲ ਬਣਾਇਆ ਗਿਆ ਹੈ। ਏਆਈ ਨਾਲ ਬਣਨ ਵਾਲੇ ਟੈਕਸਟ, ਤਸਵੀਰਾਂ ਤੇ ਵੀਡੀਓ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਇਸ ਲਈ ਉਨ੍ਹਾਂ ਦੇ ਸ੍ਰੋਤ ਦੀ ਸਪੱਸ਼ਟਤਾ ਦੀ ਜ਼ਰੂਰਤ ਵਧਦੀ ਜਾ ਰਹੀ ਹੈ।

ਮੋਦੀ ਨੇ ਏਆਈ ਦੇ ਮਾੜੇ ਪ੍ਰਭਾਵਾਂ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਚੌਕਸ ਰਹਿਣ ਦੀ ਸਲਾਹ ਦਿੱਤੀ। ਬੱਚਿਆਂ ਲਈ ਏਆਈ ਦੀ ਅਜਿਹੀ ਦੁਨੀਆ ਦਾ ਨਿਰਮਾਣ ਕੀਤਾ ਜਾਵੇ ਜੋ ਸੁਰੱਖਿਅਤ ਹੋਵੇ 'ਤੇ ਪਰਿਵਾਰ ਦੀ ਨਜ਼ਰ 'ਚ ਹੋਵੇ।

ਪ੍ਰਧਾਨ ਮੰਤਰੀ ਨੇ ਏਆਈ ਮਾਡਲ ਦੇ ਵਿਕਾਸ 'ਚ ਪਾਰਦਰਸ਼ਤਾ ਦੀ ਵਕਾਲਤ ਕੀਤੀ। ਉਨ੍ਹਾਂ ਨੇ ਕਿਹਾ ਕਿ ਕੁਝ ਦੇਸ਼ ਤੇ ਕੰਪਨੀਆਂ ਏਆਈ ਨੂੰ ਰਣਨੀਤਕ ਸੰਪਤੀ ਮੰਨਦੀਆਂ ਹਨ ਤੇ ਉਸ ਨੂੰ ਗੁਪਤ ਤਰੀਕੇਨਾਲ ਵਿਕਸਤ ਕਰਨਾ ਚਾਹੁੰਦੀਆਂ ਹਨ, ਪਰ ਭਾਰਤ ਚਾਹੁੰਦਾ ਹੈ ਕਿ ਇਸ 'ਚ ਪੂਰੀ ਤਰ੍ਹਾਂ ਪਾਰਦਰਸ਼ਤਾ ਹੋਵੇ।

ਏਆਈ ਵਰਗੀ ਤਕਨੀਕ ਦੁਨੀਆ ਲਈ ਤਦ ਫ਼ਾਇਦੇਮੰਦ ਹੋਵੇਗੀ, ਜਦ ਉਸ ਨੂੰ ਸ਼ੇਅਰ ਕੀਤਾ ਜਾਵੇਗਾ। ਜਦ ਕੋਡ ਖੁੱਲ੍ਹੇ ਹੋਣਗੇ ਤੇ ਇਕ-ਦੂਜੇ ਨਾਲ ਸ਼ੇਅਰ ਕੀਤੇ ਜਾਣਗੇ ਤਦ ਸਾਡੇ ਲੱਖਾਂ ਨੌਜਵਾਨ ਦਿਮਾਗ਼ ਉਸ ਨੂੰ ਬਿਹਤਰ ਤੇ ਸੁਰੱਖਿਅਤ ਬਣਾ ਸਕਣਗੇ।

# ਪੰਜਾਬ ਸਰਕਾਰ ਸ਼ੁਰੂ ਕਰੇਗੀ 'ਮੇਰੀ ਰਸੋਈ' ਯੋਜਨਾ

## ਹੜ੍ਹ ਪੀੜਤ ਕਿਸਾਨਾਂ ਨੂੰ ਮਿਲੇਗਾ ਮੁਆਵਜ਼ਾ

**ਚੰਡੀਗੜ੍ਹ:** ਪੰਜਾਬ ਕੈਬਨਿਟ ਦੀ ਸੋਮਵਾਰ ਨੂੰ ਹੋਈ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਕੈਬਿਨੇਟ ਨੇ ਕਈ ਫੈਸਲਿਆਂ ਤੇ ਮੋਹਰ ਲਗਾਈ ਹੈ। ਇਸ ਦੌਰਾਨ, ਉਨ੍ਹਾਂ ਨੇ "ਮੇਰੀ ਰਸੋਈ" ਯੋਜਨਾ ਦੀ ਸ਼ੁਰੂਆਤ ਦਾ ਐਲਾਨ ਕੀਤਾ।

ਇਸ ਯੋਜਨਾ ਨਾਲ ਸੂਬੇ ਦੇ 40 ਲੱਖ ਪਰਿਵਾਰਾਂ ਨੂੰ ਲਾਭ ਹੋਵੇਗਾ। ਇਸ ਯੋਜਨਾ ਤਹਿਤ, ਸਰਕਾਰ ਇੱਕ ਭੋਜਨ ਕਿੱਟ ਤਿਆਰ ਕਰੇਗੀ, ਜੋ ਕਿ ਨੀਲੇ ਕਾਰਡ ਧਾਰਕਾਂ ਨੂੰ ਵੰਡੀ ਜਾਵੇਗੀ।

ਇਸ ਕਿੱਟ ਵਿੱਚ ਕਣਕ, 2 ਕਿਲੋ ,ਉੜਦ ਦਾਲ, 2 ਕਿਲੋ ਖੰਡ, 1 ਕਿਲੋ ਆਇਓਡੀਨ ਵਾਲਾ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਸ਼ਾਮਲ ਹੋਵੇਗਾ।



ਕੈਬਨਿਟ ਮੀਟਿੰਗ ਤੋਂ ਬਾਅਦ ਇੱਕ ਬ੍ਰੀਫਿੰਗ ਵਿੱਚ, ਮੁੱਖ ਮੰਤਰੀ ਭਗਵੰਤ ਨੇ ਕਿਹਾ, "ਤੁਹਾਨੂੰ ਇੱਕ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਲਈ ਬੁਲਾਇਆ ਗਿਆ ਹੈ। ਪੰਜਾਬ ਅਤੇ ਪੰਜਾਬੀ ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਨ ਲਈ ਜਾਣੇ ਜਾਂਦੇ ਹਨ। ਜਦੋਂ ਵੀ ਦੇਸ਼ ਵਿੱਚ ਅਨਾਜ ਸੰਕਟ ਆਉਂਦਾ ਹੈ, ਤਾਂ ਪੰਜਾਬ ਸਭ ਤੋਂ ਪਹਿਲਾਂ ਅੱਗੇ ਆਉਂਦਾ ਹੈ। ਇਤਿਹਾਸ ਵਿੱਚ, ਪੰਜਾਬ ਨੇ ਹਰੀ ਕ੍ਰਾਂਤੀ ਲਿਆਂਦੀ।

ਮੁੱਖ ਮੰਤਰੀ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਬਿਜਲੀ, ਪਾਣੀ ਅਤੇ ਸਿੱਖਿਆ ਵਰਗੀਆਂ ਸਹੂਲਤਾਂ ਨੂੰ ਕਵਰ ਕਰਨ ਵਾਲੀਆਂ ਬਹੁਤ ਸਾਰੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਮੈਂ ਇੱਕ ਗਰੰਟੀ ਦੇ ਰਿਹਾ ਹਾਂ, ਜੋ ਲਿਖੀ ਨਹੀਂ ਗਈ, ਪਰ ਜਿਸ ਬਾਰੇ ਲੋਕਾਂ ਵਿਚ ਜਾ ਕੇ ਪਤਾ ਲੱਗੇਗਾ। ਇਹ ਯੋਜਨਾ 40 ਲੱਖ ਪਰਿਵਾਰਾਂ ਨੂੰ ਪ੍ਰਭਾਵਤ ਕਰੇਗੀ। ਇਸ ਯੋਜਨਾ "ਮੇਰੀ ਰਸੋਈ"।"ਭੋਜਨ ਨੂੰ ਪੌਸ਼ਟਿਕ ਬਣਾਏਗੀ" ਉਨ੍ਹਾਂ ਕਿਹਾ ਲੋਕਾਂ ਨੂੰ ਜਨਤਕ ਵੰਡ ਰਾਹੀਂ ਕਣਕ ਮਿਲਦੀ ਰਹੇਗੀ।" ਹੁਣ, ਅਸੀਂ ਭੋਜਨ ਨੂੰ ਹੋਰ ਪੌਸ਼ਟਿਕ ਬਣਾਉਣ ਲਈ ਇੱਕ ਯੋਜਨਾ ਸ਼ੁਰੂ ਕਰ ਰਹੇ ਹਾਂ ਤਾਂ ਜੋ ਪਰਿਵਾਰਾਂ ਦੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਮਿਲ ਸਕੇ ਅਤੇ ਉਹ ਕੁਪੋਸ਼ਣ ਦਾ ਸ਼ਿਕਾਰ ਨਾ ਹੋਣ।"

### ਸਰਕਾਰੀ ਜ਼ਮੀਨ 'ਤੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਮਿਲੇਗਾ ਮੁਆਵਜ਼ਾ

ਪੰਜਾਬ ਕੈਬਨਿਟ ਨੇ ਸਰਕਾਰੀ ਜ਼ਮੀਨ 'ਤੇ ਕਾਸ਼ਤ ਕਰਨ ਵਾਲੇ ਕਿਸਾਨਾਂ ਲਈ ਮੁਆਵਜ਼ੇ ਨੂੰ ਪ੍ਰਵਾਨਗੀ ਦੇ ਦਿੱਤੀ ਜਿਨ੍ਹਾਂ ਨੂੰ ਪਿਛਲੇ ਸਾਲ ਅਗਸਤ-ਸਤੰਬਰ ਵਿੱਚ ਰਾਜ ਵਿੱਚ ਆਏ ਹੜ੍ਹਾਂ ਦੌਰਾਨ ਨੁਕਸਾਨ ਹੋਇਆ ਸੀ।

ਨੁਕਸਾਨ ਦਾ ਮੁਲਾਂਕਣ ਕਰਨ ਲਈ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਤਿੰਨ ਮੈਂਬਰੀ ਕਮੇਟੀਆਂ ਬਣਾਈਆਂ ਜਾਣਗੀਆਂ। ਹਰੇਕ ਕਮੇਟੀ ਵਿੱਚ ਸਬੰਧਤ ਪਟਵਾਰੀ, ਨੰਬਰਦਾਰ ਅਤੇ ਸਰਪੰਚ (ਜਾਂ ਉਨ੍ਹਾਂ ਦੇ ਪ੍ਰਤੀਨਿਧੀ) ਸ਼ਾਮਲ ਹੋਣਗੇ, ਜੋ ਅਸਲ ਕਾਸ਼ਤਕਾਰ ਦੀ ਤਸਦੀਕ ਕਰਨਗੇ ਅਤੇ ਢੁਕਵਾਂ ਮੁਆਵਜ਼ਾ ਯਕੀਨੀ ਬਣਾਉਣਗੇ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਕਿਸਾਨ ਅੰਮ੍ਰਿਤਸਰ ਵਿੱਚ 2,800 ਏਕੜ, ਫਿਰੋਜ਼ਪੁਰ ਵਿੱਚ 5,200 ਏਕੜ ਅਤੇ ਫਾਜ਼ਿਲਕਾ ਵਿੱਚ 3,000 ਏਕੜ ਜ਼ਮੀਨ 'ਤੇ ਕਾਸ਼ਤ ਕਰ ਰਹੇ ਹਨ।

"1976 ਤੋਂ, ਇਹ ਜ਼ਮੀਨ ਸਰਕਾਰ ਦੇ ਨਾਮ 'ਤੇ ਸੀ ਅਤੇ ਕਿਸਾਨ ਇਸ 'ਤੇ ਖੇਤੀ ਕਰਦੇ ਸਨ। 2015 ਵਿੱਚ, ਮਾਲੀਆ ਰਿਕਾਰਡ ਨਾਲ ਛੇੜਛਾੜ ਕੀਤੀ ਗਈ ਸੀ, ਅਤੇ ਰਾਜ ਸਰਕਾਰ ਦਾ ਨਾਮ ਮਾਲਕੀ ਕਾਲਮ ਵਿੱਚ ਦਰਜ ਕੀਤਾ ਗਿਆ ਸੀ। ਇੱਕ ਭਲਾਈ ਰਾਜ ਹੋਣ ਦੇ ਨਾਤੇ, ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਸੈਂਕੜੇ ਕਿਸਾਨਾਂ ਨੂੰ ਮੁਆਵਜ਼ਾ ਦੇਈਏ ਜਿਨ੍ਹਾਂ ਨੂੰ ਭਾਰੀ ਨੁਕਸਾਨ ਹੋਇਆ ਹੈ," ਚੀਮਾ ਨੇ ਕਿਹਾ।

ਕੈਬਨਿਟ ਮੀਟਿੰਗ ਨੇ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਦੀ ਵਨ ਟਾਈਮ ਸੈਟਲਮੈਂਟ ਸਕੀਮ ਦੇ ਵਿਸਥਾਰ ਨੂੰ ਵੀ ਮਨਜ਼ੂਰੀ ਦੇ ਦਿੱਤੀ।

ਇਹ ਸਕੀਮ ਜ਼ਮੀਨ ਅਲਾਟਮੈਂਟਾਂ 'ਤੇ ਬਕਾਇਆ ਬਕਾਏ ਦਾ ਨਿਪਟਾਰਾ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਸਕੀਮ ਦੇ ਤਹਿਤ, 1 ਜਨਵਰੀ, 2020 ਨੂੰ ਜਾਂ ਇਸ ਤੋਂ ਪਹਿਲਾਂ ਜਾਰੀ ਕੀਤੀਆਂ ਰੱਦ ਕੀਤੀਆਂ ਅਲਾਟਮੈਂਟਾਂ ਨੂੰ ਓ ਟੀ ਐਸ ਅਧੀਨ ਅਰਜ਼ੀ ਦੇਣ ਤੋਂ ਬਾਅਦ ਭੁਗਤਾਨ 'ਤੇ ਬਹਾਲ ਕੀਤਾ ਜਾ ਸਕਦਾ ਹੈ। ਸਕੀਮ ਦੀ ਆਖਰੀ ਮਿਤੀ 31 ਮਾਰਚ ਤੋਂ 30 ਜੂਨ, 2026 ਤੱਕ ਵਧਾ ਦਿੱਤੀ ਗਈ ਹੈ।

### ਹਰ 3 ਮਹੀਨਿਆਂ ਬਾਅਦ ਦਿੱਤੀਆਂ ਜਾਣਗੀਆਂ ਕਿੱਟਾਂ

ਉਨ੍ਹਾਂ ਕਿਹਾ, "ਸਾਨੂੰ ਬੱਚਿਆਂ ਵਿੱਚ ਕੁਪੋਸ਼ਣ ਬਾਰੇ ਪਤਾ ਲੱਗਾ।ਇਹ ਗੱਲ ਸਕੂਲਾਂ ਵਿੱਚ ਬੱਚਿਆਂ ਦੀ ਸਿਹਤ ਜਾਂਚ ਦੌਰਾਨ ਸਾਹਮਣੇ ਆਈ। ਇਸ ਲਈ, ਅਸੀਂ 'ਮੇਰੀ ਰਸੋਈ' ਯੋਜਨਾ ਸ਼ੁਰੂ ਕਰ ਰਹੇ ਹਾਂ। ਕਿੱਟਾਂ ਹਰ 3 ਮਹੀਨਿਆਂ ਬਾਅਦ ਦਿੱਤੀਆਂ ਜਾਣਗੀਆਂ। ਪਹਿਲੀ ਵਾਰ, ਅਪ੍ਰੈਲ, ਮਈ ਅਤੇ ਜੂਨ ਦੇ ਮਹੀਨਿਆਂ ਲਈ ਕਿੱਟਾਂ ਵੰਡੀਆਂ ਜਾਣਗੀਆਂ।"

ਸੀਐਮ ਮਾਨ ਨੇ ਕਿਹਾ, "ਇਨ੍ਹਾਂ ਅਨਾਜਾਂ ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਜਾਵੇਗੀ। ਇਸ ਮਾਮਲੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਹੀ ਤੇਲ ਜੋ ਅਸੀਂ ਆਪਣੀਆਂ ਰਸੋਈਆਂ ਵਿੱਚ ਵਰਤਦੇ ਹਾਂ, ਕਿੱਟਾਂ ਵਿੱਚ ਪ੍ਰਦਾਨ ਕੀਤਾ ਜਾਵੇਗਾ। ਜਿਵੇਂ ਐਥਲੀਟਾਂ ਦੀ ਖੁਰਾਕ ਹੁੰਦੀ ਹੈ, ਉਸੇ ਤਰ੍ਹਾਂ ਲੋਕਾਂ ਦੀ ਸਿਹਤ ਵੀ ਹੁੰਦੀ ਹੈ"

# ਪੰਜਾਬੀ ਸਾਹਿਤ ਅਕਾਦਮੀ ਵਲੋਂ ਕੌਮਾਂਤਰੀ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲਾ

## ਡਾ. ਲਖਵਿੰਦਰ ਸਿੰਘ ਜੌਹਲ ਨੂੰ 'ਸਰਵਉੱਚ ਸਨਮਾਨ ਫੈਲੋਸ਼ਿਪ' ਪ੍ਰਦਾਨ



**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲਾ ਪੰਜਾਬੀ ਭਵਨ ਵਿਖੇ ਕਰਵਾਇਆ ਗਿਆ। ਮੇਲੇ ਦੀ ਪ੍ਰਧਾਨਗੀ ਨਗਰ ਨਿਗਮ ਲੁਧਿਆਣਾ ਦੀ ਮੇਅਰ ਇੰਦਰਜੀਤ ਕੌਰ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਉੱਘੇ ਸਮਾਜ ਸੇਵੀ ਅਮਰਜੀਤ ਸਿੰਘ ਟਿੱਕਾ ਸ਼ਾਮਿਲ ਹੋਏ। ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਮਾਤ-ਭਾਸ਼ਾ ਦਿਵਸ ਦੀ ਵਧਾਈ ਦਿੱਤੀ।

ਇਸ ਮੌਕੇ ਅਕਾਦਮੀ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਾਹਿਤਕਾਰ ਡਾ. ਲਖਵਿੰਦਰ ਸਿੰਘ ਜੌਹਲ ਨੂੰ ਅਕਾਦਮੀ ਦਾ "ਸਰਵਉੱਚ ਸਨਮਾਨ ਫੈਲੋਸ਼ਿਪ" ਪ੍ਰਦਾਨ ਕੀਤੀ ਗਈ। ਸਨਮਾਨ ਵਿਚ 21 ਹਜ਼ਾਰ ਰੁਪਏ ਦੀ ਰਾਸ਼ੀ ਫੁਲਕਾਰੀ,ਸ਼ੋਭਾ ਪੱਤਰ ਅਤੇ ਸਨਮਾਨ ਚਿੰਨ੍ਹ ਸ਼ਾਮਿਲ ਸੀ। ਅਕਾਦਮੀ ਦੀ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦੀ ਹਰ ਮਾਂ ਬੋਲੀ ਦੀ ਤਰ੍ਹਾਂ ਮੁੱਢਲੀ ਮਹੱਤਤਾ ਹੈ।

ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ ਨੇ ਦੱਸਿਆ ਕਿ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬ ਦੇ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਨੇ ਪੰਜਾਬੀ ਕਹਾਣੀ ਸਿਰਜਣ, ਕਾਵਿ-ਸਿਰਜਣ, ਪੰਜਾਬੀ ਲਕਗੀਤ, ਸਭਿਆਚਾਰਕ ਪ੍ਰਸ਼ਨੋਤਰੀ, ਪੰਜਾਬੀ ਕਵਿਤਾ ਪੋਸਟਰ ਮੁਕਾਬਲਾ, ਪੰਜਾਬੀ ਕਾਵਿ- ਉਚਾਰਣ, ਅਖਾਣ ਅਤੇ ਮੁਹਾਵਰੇ ਭਰਪੂਰ ਵਾਰਤਾਲਾਪ ਅਤੇ ਕੈਲੀਗ੍ਰਾਫੀ (ਅੱਖਰਕਾਰੀ) ਮੁਕਾਬਲਿਆਂ ਵਿਚ ਹਿੱਸਾ ਲਿਆ।

ਉਨ੍ਹਾਂ ਦੱਸਿਆ ਕਿ ਵੱਖ-ਵੱਖ ਮੁਕਾਬਲਿਆਂ ਲਈ ਜਤਿੰਦਰ ਹਾਂਸ, ਸੁਰਿੰਦਰ ਕੋਲੇ, ਇੰਦਰਜੀਤ ਪਾਲ ਕੌਰ, ਜਗਵਿੰਦਰ ਜੋਧਾ, ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ, ਡਾ. ਗੁਰਇਕਬਾਲ ਸਿੰਘ, ਕੁਲਵਿੰਦਰ ਕਿਰਨ, ਜਸਵਿੰਦਰ ਧਨਾਨਸੂ, ਡਾ. ਹਰੀ ਸਿੰਘ ਜਾਚਕ, ਰਣਧੀਰ ਕੰਵਲ, ਮਨਦੀਪ ਕੌਰ ਭੰਮਰਾ, ਜਸਵੀਰ ਝੱਜ. ਰਵਿੰਦਰ ਰਵੀ, ਪਾਲੀ ਖਾਦਿਮ, ਪ੍ਰਭਜੋਤ ਸੋਹੀ,ਡਾ. ਪਰਮਜੀਤ ਸਿੰਘ ਸੋਹਲ, ਸੁਰਿੰਦਰ ਰਾਮਪੁਰੀ, ਰਾਜਦੀਪ ਤੂਰ, ਕੇ.ਸਾਧੂ ਸਿੰਘ, ਅਮਰਜੀਤ ਸ਼ੇਰਪੁਰੀ ਨੇ ਨਿਰਣਾਇਕਾਂ ਵਜੋਂ ਭੂਮਿਕਾ ਨਿਭਾਈ। ਸਮੁੱਚੇ ਇਕੱਠ ਨੂੰ ਮਾਤ ਭਾਸ਼ਾ ਸਹੁੰ ਡਾ. ਗੁਲਜ਼ਾਰ ਸਿੰਘ ਪੱਧਰ ਨੇ ਚੁਕਾਈ।

ਮੇਲੇ ਦੇ ਸੰਯੋਜਕ ਡਾ. ਗੁਰਚਰਨ ਕੌਰ ਕੋਚਰ ਅਤੇ ਤ੍ਰੈਲੋਚਨ ਲੋਚੀ ਨੇ ਦੱਸਿਆ ਕਿ ਪੰਜਾਬੀ ਕਹਾਣੀ ਸਿਰਜਣ ਮੁਕਾਬਲੇ ਵਿਚ ਪਹਿਲਾ ਸਥਾਨ ਸੁਖਨਜੋਤ ਸਿੰਘ ਜੌਹਲ ਏ.ਪੀ.ਜੇ. ਫਾਈਨ ਆਰਟਸ ਕਾਲਜ ਜਲੰਧਰ, ਕਾਵਿ-ਸਿਰਜਣ ਮੁਕਾਬਲੇ ਵਿਚ ਪਹਿਲਾ ਸਥਾਨ ਲਵਪ੍ਰੀਤ ਕੌਰ ਨੈਸ਼ਨਲ ਕਾਲਜ ਨਾਰੰਗਵਾਲ, ਦੂਜਾ ਸਥਾਨ ਹਰਮਨਪ੍ਰੀਤ ਸਿੰਘ ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ ਸਾਹਿਬ ਤੀਜਾ ਸਥਾਨ ਰਾਜਨਪ੍ਰੀਤ ਸਿੰਘ ਬੈਂਸ ਐਸ.ਸੀ.ਡੀ. ਸਰਕਾਰੀ ਕਾਲਜ ਲੁਧਿਆਣਾ, ਪੰਜਾਬੀ ਲੋਕਗੀਤ ਮੁਕਾਬਲੇ ਵਿਚ ਪਹਿਲਾ ਸਥਾਨ ਅਰਮਾਨ ਏ ਪੀ ਜੇ ਫਾਈਨ ਆਰਟਸ ਕਾਲਜ ਜਲੰਧਰ, ਦੂਜਾ ਸਥਾਨ ਸੁਖਦੀਪ ਕੌਰ ਰਾਮਗੜ੍ਹੀਆ ਗਰਲਜ਼ ਕਾਲਜ ਮਿਲਰਗੰਜ ਲੁਧਿਆਣਾ, ਸਭਿਆਚਾਰਕ ਪ੍ਰਸ਼ਨੋਤਰੀ ਮੁਕਾਬਲੇ ਵਿਚ ਪਹਿਲਾ ਸਥਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਦੂਜਾ ਸਥਾਨ ਜੀ.ਐਚ ਜੀ. ਹਰਿਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਵਾਰ ਵੂਮੇਨ ਸਿੱਧਵਾਂ ਖੁਰਦ, ਪੰਜਾਬੀ ਕਵਿਤਾ ਪੋਸਟਰ ਮੁਕਾਬਲੇ ਵਿਚ ਪਹਿਲਾ ਸਥਾਨ ਮੁਗਾਕਸੀ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ, ਦੂਜਾ ਸਥਾਨ ਹਿਮਾਬੀ ਸ਼ਰਮਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਕਾਵਿ-ਉਚਾਰਣ ਮੁਕਾਬਲੇ ਵਿਚ ਪਹਿਲਾ ਸਥਾਨ ਸੁਖਨਜੋਤ ਸਿੰਘ ਜੌਹਲ ਏ.ਪੀ.ਜੇ. ਫਾਈਨ ਆਰਟਸ ਕਾਲਜ ਜਲੰਧਰ, ਦੂਜਾ ਸਥਾਨ ਹਰਮਨਜੋਤ ਸਿੰਘ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਖਾਣ ਅਤੇ ਮੁਹਾਵਰੇ ਭਰਪੂਰ ਵਾਰਤਾਲਾਪ ਮੁਕਾਬਲੇ ਵਿਚ ਪਹਿਲਾ ਸਥਾਨ ਜਸ਼ਨਦੀਪ ਕੌਰ ਅਤੇ ਹੁਸਨਪ੍ਰੀਤ ਕੌਰ ਖਾਲਸਾ ਕਾਲਜ ਫਾਰ ਵੂਮੇਨ ਲੁਧਿਆਣਾ, ਦੂਜਾ ਸਥਾਨ ਅੰਕੁਸ਼ ਅਤੇ ਹਿਮਾਂਸੂ ਕਲਿਆਣ ਏ.ਪੀ.ਜੇ. ਕਾਲਜ ਫਾਈਨ ਆਰਟਸ ਜਲੰਧਰ ਅਤੇ ਕੈਲੀਗ੍ਰਾਫੀ (ਅੱਖਰਕਾਰੀ) ਮੁਕਾਬਲੇ ਵਿਚ ਪਹਿਲਾ ਸਥਾਨ ਖੁਸ਼ਬੂ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ, ਦੂਜਾ ਸਥਾਨ ਜਸਕੀਰਤ ਕੌਰ ਏ.ਪੀ.ਜੇ ਕਾਲਜ ਵਾਈਨ ਆਰਟਸ ਜਲੰਧਰ ਨੇ ਹਾਸਲ ਕੀਤਾ।

# ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨ ਨੇ ਕਾਂਸੀ ਦਾ ਤਮ਼ਗਾ ਜਿੱਤਿਆ



**ਜਲੰਧਰ:** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨ ਵੱਲੋਂ ਰੈਸਲਿੰਗ ਫੈਡਰੇਸ਼ਨ ਕੱਪ ਆਫ਼ ਇੰਡੀਆ ਚੱਲ ਰਹੀ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਮ਼ਗਾ ਹਾਸਲ ਕੀਤਾ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਦੱਸਿਆ ਕਿ ਰੈਸਲਿੰਗ ਫੈਡਰੇਸ਼ਨ ਕੱਪ ਗਾਜੀਆਬਾਦ ਯੂ.ਪੀ. ਵਿੱਚ ਹੋਏ, ਮੁਕਾਬਲਿਆਂ ਵਿੱਚ ਕਰਨਵੀਰ ਨੇ 92 ਕਿਲੋਗ੍ਰਾਮ ਭਾਰ ਵਰਗ ਫ਼ਰੀ ਸਟਾਈਲ ਕੁਸ਼ਤੀ ਵਿੱਚ ਮੱਧ ਪ੍ਰਦੇਸ਼ ਦੇ ਪਹਿਲਵਾਨ ਫਰਾਂਸ ਹੁਸੈਨ, ਗੁਜਰਾਤ ਦੇ ਪਹਿਲਵਾਨ ਸਸ਼ਾਕ ਰਾਏ ਅਤੇ ਜੰਮੂ ਕਸ਼ਮੀਰ ਦੇ ਪਹਿਲਵਾਨ ਸੁਰਜੀਤ ਨੂੰ ਹਰਾ ਕੇ ਕਾਂਸੀ ਦਾ ਤਗਮਾ ਹਾਸਲ ਕੀਤਾ।

ਇਸ ਮਾਣਮੱਤੀ ਪ੍ਰਾਪਤੀ ਲਈ ਕਾਲਜ ਦੇ ਇੰਚਾਰਜ ਜੌਹਲ ਨੇ ਸਮੂਹ ਸਟਾਫ਼ ਵੱਲੋਂ ਪਹਿਲਵਾਨ ਕਰਨਵੀਰ ਦਾ ਕਾਲਜ ਦੇ ਵਿਹੜੇ ਵਿੱਚ ਸਵਾਗਤ ਤੇ ਸਨਮਾਨਿਤ ਕੀਤਾ। ਇਸ ਖੇਡ ਪ੍ਰਾਪਤੀ ਲਈ ਖਿਡਾਰੀ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਜਿੱਤ ਮਿਹਨਤ,ਲਗਨ ਤੇ ਸੱਚੀ ਦ੍ਰਿੜਤਾ ਕਾਰਨ ਹੀ ਸੰਭਵ ਹੋ ਸਕੀ ਹੈ।

ਉਹਨਾਂ ਨੇ ਕਿਹਾ ਕਿ ਕਾਲਜ ਵਿੱਚ ਖੇਡ ਸੱਭਿਆਚਾਰ ਪ੍ਰਫੁਲਿਤ ਕਰਨ ਹਿੱਤ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

# ਗਿਆਨੀ ਹਰਪ੍ਰੀਤ ਸਿੰਘ ਆਪਣੀ ਹੀ ਪਾਰਟੀ ਤੋਂ ਹੋਏ ਨਾਰਾਜ਼?



**ਚੰਡੀਗੜ੍ਹ:** ਪੁਨਰ ਸੁਰਜੀਤ ਅਕਾਲੀ ਦਲ ਚੰਡੀਗੜ੍ਹ ਵਿਚ ਅਹਿਮ ਮੀਟਿੰਗ ਹੋਈ, ਜਿਸਨੂੰ ਪਾਰਟੀ ਦੇ ਭਵਿੱਖ ਅਤੇ ਵਿਜ਼ਨ ਨਾਲ ਜੁੜੇ ਫ਼ੈਸਲਿਆਂ ਲਈ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਸੀ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਿਆਸੀ ਮਾਹੌਲ ਗਰਮ ਹੋ ਗਿਆ, ਕਿਉਂਕਿ ਕੁਝ ਅਣਉਮੀਦ ਘਟਨਾਕ੍ਰਮ ਸਾਹਮਣੇ ਆਏ।

ਮੀਟਿੰਗ ਸਥਾਨ 'ਤੇ ਇਕਬਾਲ ਸਿੰਘ ਝੂੰਦਾਂ, ਪਰਮਿੰਦਰ ਸਿੰਘ ਢੀਂਡਸਾ, ਸੰਤਾ ਸਿੰਘ ਉਮੇਦਪੁਰੀ, ਗਗਨਦੀਪ ਸਿੰਘ ਬਰਨਾਲਾ, ਆਦੇਸ਼ ਪ੍ਰਤਾਪ ਕੇਰੋਂ, ਬੀਬੀ ਜਾਗੀਰ ਕੌਰ, ਗੁਰੂ ਪ੍ਰਤਾਪ ਸਿੰਘ ਵਡਾਲਾ, ਕਰਨੈਲ ਸਿੰਘ ਪੀਰ ਮੁਹੰਮਦ ਅਤੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਕਈ ਸੀਨੀਅਰ ਆਗੂ ਪਹੁੰਚੇ। ਇਹ ਹਾਜ਼ਰੀ ਦਰਸਾਉਂਦੀ ਸੀ ਕਿ ਮੀਟਿੰਗ ਸਿਰਫ਼ ਰੁਟੀਨੀ ਨਹੀਂ, ਸਗੋਂ ਰਣਨੀਤਿਕ ਪੱਧਰ 'ਤੇ ਮਹੱਤਵਪੂਰਨ ਹੈ। ਸਭ ਦੀ ਨਿਗਾਹ ਉਸ ਵੇਲੇ ਟਿਕ ਗਈ। ਜਦੋਂ ਗਿਆਨੀ ਹਰਪ੍ਰੀਤ ਸਿੰਘ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੌਕੇ 'ਤੇ ਪਹੁੰਚੇ, ਪਰ ਕੁਝ ਸਮੇਂ ਬਾਅਦ ਹੀ ਵਾਪਸ ਚਲੇ ਗਏ। ਸੂਤਰਾਂ ਮੁਤਾਬਕ ਉਹ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਨਿਕਲੇ। ਹਾਲਾਂਕਿ ਇਸ ਸੰਬੰਧੀ ਕੋਈ ਅਧਿਕਾਰਿਕ ਬਿਆਨ ਜਾਰੀ ਨਹੀਂ ਹੋਇਆ, ਪਰ ਅੰਦਰੂਨੀ ਚਰਚਾਵਾਂ ਨੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਮੀਟਿੰਗ ਦੌਰਾਨ ਪਾਰਟੀ ਦੇ ਵਿਜ਼ਨ ਅਤੇ ਭਵਿੱਖੀ ਰਣਨੀਤੀ 'ਤੇ ਵਿਚਾਰ ਹੋਣਾ ਸੀ। ਗਿਆਨੀ ਹਰਪ੍ਰੀਤ ਸਿੰਘ ਦੀ ਗੈਰਹਾਜ਼ਰੀ ਕਾਰਨ ਲੀਡਰਾਂ ਨੇ ਲਗਭਗ ਦੋ ਘੰਟੇ ਇੰਤਜ਼ਾਰ ਕੀਤਾ। ਆਖ਼ਰਕਾਰ ਉਨ੍ਹਾਂ ਦੇ ਬਿਨਾਂ ਹੀ ਮੀਟਿੰਗ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਗਿਆ। ਇਸ ਦੌਰਾਨ ਮਨਪ੍ਰੀਤ ਸਿੰਘ ਇਯਾਲੀ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ, ਜਿਸ ਕਾਰਨ ਸਿਆਸੀ ਹਲਕਿਆਂ ਵਿੱਚ ਕਈ ਸਵਾਲ ਉੱਠ ਰਹੇ ਹਨ। ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ ਇਹ ਬੈਠਕ ਪਾਰਟੀ ਦੀ ਅੰਦਰੂਨੀ ਇਕਜੁਟਤਾ ਅਤੇ ਆਉਣ ਵਾਲੀ ਰਣਨੀਤੀ ਲਈ ਅਹਿਮ ਮੋੜ ਸਾਬਤ ਹੋ ਸਕਦੀ ਹੈ। ਗਿਆਨੀ ਹਰਪ੍ਰੀਤ ਸਿੰਘ ਦਾ ਅਚਾਨਕ ਜਾਣਾ ਅਤੇ ਕੁਝ ਆਗੂਆਂ ਦੀ ਗੈਰਹਾਜ਼ਰੀ ਇਸ ਗੱਲ ਵੱਲ ਇਸ਼ਾਰਾ ਕਰ ਰਹੀ ਹੈ ਕਿ ਪਾਰਟੀ ਅੰਦਰ ਕੋਈ ਅਹਿਮ ਚਰਚਾ ਜਾਂ ਅਸਹਿਮਤੀ ਚੱਲ ਰਹੀ ਹੋ ਸਕਦੀ ਹੈ।

ਸਭ ਦੀਆਂ ਨਿਗਾਹਾਂ ਇਸ ਗੱਲ 'ਤੇ ਹਨ ਕਿ ਅਖ਼ੀਰਕਾਰ ਪਾਰਟੀ ਵੱਲੋਂ ਕੀ ਅਧਿਕਾਰਿਕ ਰੁਖ ਸਾਹਮਣੇ ਆਉਂਦਾ ਹੈ। ਕੀ ਇਹ ਬੈਠਕ ਅਕਾਲੀ ਦਲ ਲਈ ਨਵੀਂ ਦਿਸ਼ਾ ਤੈਅ ਕਰਨ ਲਈ ਸੀ ਜਾਂ ਅੰਦਰੂਨੀ ਮਨਮੁਟਾਅ ਹੋਰ ਉਭਰ ਕੇ ਸਾਹਮਣੇ ਆਉਣਗੇ? ਇਸਦਾ ਜਵਾਬ ਆਉਣ ਵਾਲੇ ਸਮੇਂ ਵਿੱਚ ਹੀ ਮਿਲੇਗਾ।

# ਪੰਜਾਬ ਟਾਈਮਜ਼

*28 ਫਰਵਰੀ, ਸ਼ਨਿਚਰਵਾਰ*

## ਗੈਂਗਸਟਰਾਂ ਦਾ ਖ਼ੌਫ਼

*ਪੰਜਾਬ ਪੁਲਿਸ ਵਲੋਂ ਹੱਦੋਂ ਵੱਧ ਸਖ਼ਤੀ ਵਰਤੇ ਜਾਣ ਦੇ ਬਾਵਜੂਦ ਸੂਬੇ 'ਚ ਗੈਂਗਸਟਰਾਂ ਦੀਆਂ ਅਪਰਾਧਕ ਕਾਰਵਾਈਆਂ ਘਟਣ ਦੀ ਥਾਂ ਦਿਨ-ਬ-ਦਿਨ ਵਧ ਰਹੀਆਂ ਹਨ। ਨਵੇਂ ਸਾਲ ਦੇ ਪਹਿਲੇ ਡੇਢ ਕੁ ਮਹੀਨੇ ਅੰਦਰ ਹੀ 5-6 ਹਾਈ ਪ੍ਰੋਫਾਈਲ ਕਤਲ ਦੀਆਂ ਘਟਨਾਵਾਂ ਨੇ ਸੂਬੇ ਦੇ ਪ੍ਰਸ਼ਾਸਕੀ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਤਰਨ ਤਾਰਨ ਵਿਖੇ ਚਲਦੇ ਵਿਆਹ ਸਮਾਗਮ 'ਚ ਸੱਤਾਧਾਰੀ ਪਾਰਟੀ ਦੇ ਹੀ ਸਰਪੰਚ ਦੀ ਹੱਤਿਆ, ਜਲੰਧਰ ਵਿਚ 'ਆਪ' ਆਗੂ ਲੱਕੀ ਉਬਰਾਏ, ਵਲਟੋਹਾ ਪਿੰਡ ਦੇ ਸਰਪੰਚ ਦਾ ਕਤਲ, ਹੌਲਦਾਰ ਅਮਨਦੀਪ ਸਿੰਘ ਦੀ ਹੱਤਿਆ ਆਦਿ ਉਹ ਘਟਨਾਵਾਂ ਹਨ, ਜਿਨ੍ਹਾਂ ਨੇ ਆਮ ਲੋਕਾਂ 'ਚ ਗੈਂਗਸਟਰਾਂ ਦਾ ਖ਼ੌਫ਼ ਹੋਰ ਵਧਾ ਦਿੱਤਾ ਹੈ। 'ਗੈਂਗਸਟਰ' ਇਕ ਬਹੁ-ਪਰਤੀ ਢਾਂਚੇ ਦਾ ਨਾਂਅ ਹੈ, ਜੋ ਦੇਸ਼ ਜਾਂ ਵਿਦੇਸ਼ ਦੀ ਧਰਤੀ ਤੋਂ ਅਪਰਾਧਕ ਕਾਰਵਾਈਆਂ ਵਾਲੇ 'ਆਪ੍ਰੇਸ਼ਨ' ਚਲਾਉਂਦੇ ਹਨ।\ ਇੱਥੋਂ ਤੱਕ ਕਿ ਅਜਿਹੇ ਅਨਸਰਾਂ ਨੇ ਆਪਣੇ ਸ਼ਿਕਾਰ ਨੂੰ ਜੇਲ੍ਹਾਂ ਦੇ ਅੰਦਰੋਂ ਫ਼ੋਨ ਕਰਕੇ ਡਰਾਇਆ-ਧਮਕਾਇਆ ਜਾਂ ਫਿਰੌਤੀ ਆਦਿ ਦੀ ਮੰਗ ਵੀ ਕੀਤੀ। ਇਹ ਲੋਕ ਇਕਲੌਤੀ ਔਲਾਦ ਵਾਲੇ ਅਮੀਰ ਲੋਕਾਂ ਨੂੰ ਤਰਜੀਹ ਦੇਣ ਲੱਗੇ ਹਨ, ਜੋ ਆਪਣਾ ਵੰਸ਼ ਖ਼ਤਮ ਹੋਣ ਦੇ ਡਰੋਂ ਚੁੱਪ-ਚਾਪ ਮੰਗੀ ਗਈ ਫਿਰੌਤੀ ਦੇ ਕੇ ਆਪਣਾ ਖਹਿੜਾ ਛੁਡਾਉਣ 'ਚ ਹੀ ਭਲਾਈ ਸਮਝਦੇ ਹਨ। ਸਾਲ 2025-26 'ਚ ਇਸ ਢਾਂਚੇ ਵਿਚ ਇਕ ਬਦਲਾਅ ਆਇਆ, ਇਹ ਰਵਾਇਤੀ ਅਪਰਾਧਕ ਕਾਰਵਾਈਆਂ ਦੇ ਨਾਲ-ਨਾਲ ਅਤਿਵਾਦ, ਨਸ਼ਾ ਤੇ ਹਥਿਆਰਾਂ ਦੀ ਤਸਕਰੀ ਦੇ ਰਲੇ-ਮਿਲੇ ਰੂਪ ਵਜੋਂ ਪ੍ਰਗਟ ਹੋਣਾ ਸ਼ੁਰੂ ਹੋਇਆ ਹੈ। ਪਹਿਲਾਂ ਕਿਸੇ ਗੈਂਗਸਟਰ ਦੇ ਜੇਲ੍ਹ ਜਾਣ ਬਾਅਦ ਲੋਕ ਸੁੱਖ ਦਾ ਸਾਹ ਲੈਂਦੇ ਸਨ ਪਰ ਅੱਜ ਜੇਲ੍ਹਾਂ 'ਚ ਬੈਠ ਕੇ ਫ਼ੋਨ ਕਰਨਾ ਤਸਦੀਕਸ਼ੁਦਾ ਗੈਂਗਸਟਰ ਬਣਨਾ ਮੰਨਿਆ ਜਾਂਦਾ ਹੈ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਟਿੱਪਣੀ ਵਿਚਾਰਨਯੋਗ ਹੈ, ਜਦੋਂ ਉਨ੍ਹਾਂ ਨੇ ਕਿਹਾ, 'ਵਿਰੋਧੀ ਪਾਰਟੀਆਂ ਦੇ ਕਹਿਣ ਜਾਂ ਨਾ ਕਹਿਣ ਦਾ ਸਵਾਲ ਨਹੀਂ, ਇੰਝ ਲਗਦਾ ਹੈ ਜਿਵੇਂ ਇਨ੍ਹਾਂ ਲੋਕਾਂ (ਗੈਂਗਸਟਰਾਂ) ਨੂੰ ਪੁਲਿਸ ਦਾ ਡਰ ਨਹੀਂ ਰਿਹਾ।'*

*ਪੁਲਿਸ ਨੇ 'ਆਪ੍ਰੇਸ਼ਨ ਪ੍ਰਹਾਰ' ਨਾਂਅ ਹੇਠ 72 ਘੰਟੇ ਲਗਾਤਾਰ ਚੱਲਣ ਵਾਲੀ ਤਲਾਸ਼ੀ ਮੁਹਿੰਮ ਦੂਜੀ ਵਾਰ ਸ਼ੁਰੂ ਕੀਤੀ ਹੈ। ਸੋਸ਼ਲ ਮੀਡੀਆ ਤੋਂ 10 ਹਜ਼ਾਰ ਦੇ ਕਰੀਬ ਖਾਤੇ ਹਟਾ ਦਿੱਤੇ ਗਏ ਹਨ, ਜੋ ਸਿੱਧੇ ਜਾਂ ਅਸਿੱਧੇ ਢੰਗ ਨਾਲ ਅਪਰਾਧਾਂ ਦੀ ਵਡਿਆਈ ਕਰਦੇ ਨਜ਼ਰ ਆਉਂਦੇ ਸਨ। ਆਪਣੀ ਕਿਸਮ ਦਾ ਪਹਿਲਾ ਪੁਲਿਸ ਥਾਣਾ ਜੋ ਰਾਜਪੁਰਾ ਵਿਖੇ ਸਥਾਪਤ ਕੀਤਾ ਗਿਆ, ਰਵਾਇਤੀ ਪੁਲਿਸ ਥਾਣਿਆਂ ਤੋਂ ਬਿਲਕੁਲ ਵੱਖਰਾ ਹੈ। ਗੈਂਗਸਟਰ ਵਿਰੋਧੀ ਪੁਲਿਸ ਸਟੇਸ਼ਨ ਨਾਮਕ ਇਸ ਥਾਣੇ ਦਾ ਕੋਈ ਅਧਿਕਾਰ ਖੇਤਰ ਨਿਸ਼ਚਿਤ ਨਹੀਂ, ਸਗੋਂ ਪੂਰਾ ਪੰਜਾਬ ਇਸ ਦਾ ਅਧਿਕਾਰ ਖੇਤਰ ਹੈ ਅਤੇ ਇਸ ਥਾਣੇ ਨੂੰ ਕਦੇ ਵੀ, ਕਿਧਰੇ ਵੀ ਛਾਪਾ ਮਾਰਨ, ਤਲਾਸ਼ੀ ਲੈਣ, ਜਾਂਚ ਕਰਨ ਤੇ ਪਰਚਾ ਦਰਜ ਕਰਨ ਦੀ ਖੁੱਲ੍ਹ ਹੈ, ਜਦਕਿ ਰਵਾਇਤੀ ਥਾਣਿਆਂ ਦੀ ਹੱਦਬੰਦੀ ਜਾਂਚ ਦੇ ਕੰਮ 'ਚ ਅੜਿੱਕਾ ਬਣਦੀ ਸੀ। ਇਸ ਸਪੈਸ਼ਲ ਗੈਂਗਸਟਰ ਵਿਰੋਧੀ ਥਾਣੇ ਦੇ ਮੁਲਾਜ਼ਮਾਂ ਲਈ ਕਾਰਵਾਈ ਤੋਂ ਪਹਿਲਾਂ ਸਥਾਨਕ ਪੁਲਿਸ ਨੂੰ ਦੱਸਣਾ ਜਾਂ ਭਰੋਸੇ 'ਚ ਲੈਣਾ ਜ਼ਰੂਰੀ ਨਹੀਂ ਹੋਵੇਗਾ। ਡੇਢ ਸੌ ਦੇ ਕਰੀਬ ਡਿਪਟੀ ਤੇ ਸੀਨੀਅਰ ਪੁਲਿਸ ਕਪਤਾਨ ਰੈਂਕ ਦੇ ਅਧਿਕਾਰੀ ਇਸ ਨਵੇਂ ਥਾਣੇ 'ਚ ਤਾਇਨਾਤ ਕੀਤੇ ਗਏ ਹਨ।*

*ਪਹਿਲੀ ਵਾਰ ਪੁਲਿਸ ਨੇ 61 ਵੱਡੇ ਗੈਂਗਸਟਰਾਂ ਦੀ ਸੂਚੀ ਤੇ ਉਨ੍ਹਾਂ ਦੀਆਂ ਅਪਰਾਧਕ ਕਾਰਵਾਈਆਂ ਨੂੰ ਜਨਤਕ ਕਰਨ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ 61 ਭਗੌੜਿਆਂ ਦੀ ਸੂਚੀ 'ਚ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਲੋੜੀਂਦੇ ਸਤਿੰਦਰ ਸਿੰਘ ਉਰਫ਼ ਗੋਲਡੀ ਬਰਾੜ ਤੇ ਉਸ ਦਾ ਸਾਥੀ ਹਰਵਿੰਦਰ ਸਿੰਘ ਉਰਫ਼ ਰਿੰਦਾ ਜੋ ਪਾਕਿਸਤਾਨ 'ਚ ਰਹਿ ਕੇ ਸਮਾਜ ਵਿਰੋਧੀ ਕੰਮ ਕਰਦੇ ਹਨ, ਸਿਖ਼ਰਲੇ ਨਾਂਅ ਹਨ। ਪੁਲਿਸ ਮੁਖੀ ਗੌਰਵ ਯਾਦਵ ਦਾ ਇਹ ਕਹਿਣਾ ਕਿ ਅਸੀਂ ਗੈਂਗਸਟਰਾਂ ਦਾ ਸਫ਼ਾਇਆ ਕਰਕੇ ਹੀ ਦਮ ਲਵਾਂਗੇ, ਵੱਡੇ ਅਰਥ ਰੱਖਦਾ ਹੈ, ਭਾਵ ਮਾਮਲਾ ਸੰਵੇਦਨਸ਼ੀਲ ਹੈ। ਪੁਲਿਸ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਗੈਂਗਸਟਰਾਂ ਬਾਰੇ ਪੁਲਿਸ ਨੂੰ ਜਾਣਕਾਰੀ ਦੇਣ ਵਾਲਿਆਂ ਦਾ ਨਾਂਅ ਤੇ ਪਛਾਣ ਗੁਪਤ ਰੱਖੀ ਜਾਵੇਗੀ। ਗੈਂਗਸਟਰਾਂ ਦੀ ਸੂਚੀ ਵਿਚ ਦਰਜ ਨਾਂਅ ਜ਼ਿਆਦਾਤਰ ਉਨ੍ਹਾਂ ਦੇ ਹਨ, ਜੋ ਵਿਦੇਸ਼ੀ ਧਰਤੀ (ਕੈਨੇਡਾ, ਅਮਰੀਕਾ, ਮਲੇਸ਼ੀਆ ਆਦਿ) ਤੋਂ ਆਪਣੇ ਮਨਸੂਬਿਆਂ ਨੂੰ ਅੰਜਾਮ ਦੇ ਰਹੇ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਸੌਖਾ ਨਹੀਂ ਤੇ ਨਾ ਹੀ ਗੁੰਝਲਦਾਰ ਤੇ ਲੰਮੇਰੀ ਕਾਨੂੰਨੀ ਪ੍ਰਕਿਰਿਆ ਕਾਰਨ ਇਨ੍ਹਾਂ ਨੂੰ ਜਲਦੀ ਦੇਸ਼ ਲਿਆਂਦਾ ਜਾ ਸਕਦਾ ਹੈ। ਵੱਡੀ ਰੁਕਾਵਟ ਅਤਿ ਵਿਕਸਤ ਤਕਨੀਕ ਹੈ ਕਿਉਂਕਿ ਇਹ ਲੋਕ ਜ਼ਿਆਦਾਤਰ ਸੋਸ਼ਲ ਮੀਡੀਆ ਅਤੇ ਉਨ੍ਹਾਂ ਆਧੁਨਿਕ ਐਪਸ ਰਾਹੀਂ ਗੱਲਬਾਤ ਕਰਦੇ ਹਨ, ਜਿਨ੍ਹਾਂ ਦਾ ਪਤਾ ਲਗਾਉਣਾ ਪੁਲਿਸ ਤੇ ਜਾਂਚ ਏਜੰਸੀਆਂ ਲਈ ਹਾਲ ਦੀ ਘੜੀ ਸੌਖਾ ਨਹੀਂ ਹੈ। ਆਧੁਨਿਕ ਕਿਸਮ ਦੇ ਹਥਿਆਰਾਂ ਤੱਕ ਇਨ੍ਹਾਂ ਦੀ ਪਹੁੰਚ ਵੀ ਪੁਲਿਸ ਲਈ ਵੱਡੀ ਸਿਰਦਰਦੀ ਹੈ।*

*ਵਿਆਹ ਸਮਾਗਮ 'ਚ ਹੋਈ ਸਰਪੰਚ ਦੀ ਹੱਤਿਆ ਵਿਚ ਏ.ਕੇ.-47 ਦੀ ਵਰਤੋਂ ਕਰਨੀ ਸੁਰੱਖਿਆ ਵਿਵਸਥਾ ਲਈ ਵੱਡੇ ਸਵਾਲ ਖੜ੍ਹੇ ਕਰਦੀ ਹੈ। ਹਥਿਆਰਾਂ ਦੀ ਤਾਕਤ ਤੇ ਹੁਕਮ ਚਲਾਉਣ ਦੀ ਸਮਰੱਥਾ ਇਹ ਦੋ ਉਹ ਪ੍ਰਸਥਿਤੀਆਂ ਹਨ, ਜਿਨ੍ਹਾਂ ਵੱਲ ਅੱਲੜ੍ਹ ਵਰੇਸ ਉਮਰ ਦੀ ਜਵਾਨੀ ਸੁੱਤੇ ਸਿੱਧ ਹੀ ਖਿੱਚੀ ਚਲੀ ਜਾਂਦੀ ਹੈ, ਜਿਸ ਨਾਲ ਇਨ੍ਹਾਂ ਟੋਲਿਆਂ ਨੂੰ ਲੋੜੀਂਦੀ ਮਨੁੱਖੀ ਨਫ਼ਰੀ ਉਪਲਬਧ ਰਹਿੰਦੀ ਹੈ। ਅਦਾਲਤਾਂ 'ਚ ਡਰ-ਭੈਅ ਕਾਰਨ ਗਵਾਹਾਂ ਦਾ ਆਪਣੇ ਬਿਆਨਾਂ ਤੋਂ ਪਲਟਣਾ ਆਮ ਵਰਤਾਰਾ ਹੈ, ਜਿਸ ਨਾਲ ਵੱਡੇ ਤੋਂ ਵੱਡੇ ਮੁਕੱਦਮੇ 'ਚ ਇਨ੍ਹਾਂ ਦੇ ਆਗੂ ਬਰੀ ਹੋ ਜਾਂਦੇ ਹਨ ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਦੂਜੀ ਜਾਂ ਤੀਜੀ ਕਤਾਰ ਦੇ ਗੈਂਗਸਟਰਾਂ ਦਾ ਹੌਸਲਾ ਕਿੰਨਾ ਕੁ ਵਧਦਾ ਹੋਵੇਗਾ। ਗਾਹੇ-ਬਗਾਹੇ ਹੁੰਦੀ ਰਹਿੰਦੀ ਗੈਂਗਸਟਰ ਤੇ ਸਿਆਸੀ ਗੱਠਜੋੜ ਦੀ ਚਰਚਾ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿੱਥੇ ਵੀ ਇਨ੍ਹਾਂ ਲੋਕਾਂ ਨੂੰ ਸਿਆਸੀ ਪੁਸ਼ਤ-ਪਨਾਹੀ ਮਿਲਦੀ ਹੋਵੇਗੀ, ਉੱਥੋਂ ਦੀ ਪੁਲਿਸ ਵਿਵਸਥਾ ਅਜਿਹੇ ਗੱਠਜੋੜ ਅੱਗੇ ਬੇਵਸ ਹੀ ਹੁੰਦੀ ਹੋਵੇਗੀ। ਪੁਲਿਸ ਪ੍ਰਸ਼ਾਸਨ ਵਲੋਂ ਚੁੱਕੇ ਸੁਰੱਖਿਆ ਕਦਮ, ਲੋਕਾਂ ਤੋਂ ਮੰਗਿਆ ਸਹਿਯੋਗ ਕਿਹੋ ਜਿਹੇ ਨਤੀਜੇ ਲੈ ਕੇ ਆਉਂਦਾ ਹੈ, ਇਹ ਸਭ ਅਜੇ ਸਮੇਂ ਦੀ ਬੁੱਕਲ 'ਚ ਹੈ। ਉਮੀਦ ਕਰਦੇ ਹਾਂ ਕਿ ਲੋੜੀਂਦੇ ਨੌਜਵਾਨਾਂ ਨੂੰ ਪਿਆਰ ਨਾਲ ਪ੍ਰੇਰ ਕੇ ਮੁੱਖ ਧਾਰਾ ਵਿਚ ਸ਼ਾਮਿਲ ਕੀਤੇ ਜਾਣ ਲਈ ਸਮਾਜ ਦੀਆਂ ਸਭ ਧਿਰਾਂ ਆਪੋ-ਆਪਣੀ ਪਹੁੰਚ ਮੁਤਾਬਿਕ ਯੋਗਦਾਨ ਪਾਉਣਗੀਆਂ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰਘਬੀਰ ਸਿੰਘ ਜੀ?

*ਕਬਜ਼ਾ ਕਰਕੇ ਹਨ ਬੈਠੇ 'ਦਹਾਕਿਆਂ' ਤੋਂ, ਪੰਥਕ ਫਲਸਫੇ ਨਾਲ ਪਰ ਹੇਟ ਮੀਆਂ।*
*ਮੁਕਤ 'ਟੱਬਰ' ਤੋਂ ਹੋਊ ਕਦ 'ਸ਼੍ਰੋਮਣੀ' ਜੀ, ਕਦੋਂ ਆਊ ਵਡਭਾਗੀ ਉਹ 'ਡੇਟ' ਮੀਆਂ।*
*'ਸਿੰਘ ਸਾਹਿਬ ਜੀ' ਬਣਦਿਆਂ ਸੋਚਦੇ ਨਾ, ਕੌਣ ਕਰ ਰਿਹਾ ਅਹੁਦਾ ਏਹ ਭੇਟ ਮੀਆਂ।*
*ਜਿਹੜਾ ਤੁਰੇ ਨਾ ਵਾਂਗ ਗੁਰਬਚਨ ਸਿੰਘ ਦੇ, ਝੱਟ ਦਿਖਾਉਂਦੇ ਐ ਬਾਹਰਲਾ ਗੇਟ ਮੀਆਂ।*
*ਸੱਚ ਬੋਲਣ ਦਾ 'ਵੇਲਾ' ਜਦ ਗੁਜ਼ਰ ਜਾਵੇ, ਫੇਰ ਬੋਲਣ ਦਾ ਰਹਿੰਦਾ ਨਾ 'ਵੇਟ' ਮੀਆਂ।*
*ਗੱਲ ਨਵੀਂ ਨਹੀਂ ਕਰੀ ਰਘਬੀਰ ਸਿੰਘ ਜੀ, ਐਪਰ ਕੀਤੀ ਹੈ ਬਹੁਤ ਹੀ 'ਲੇਟ' ਮੀਆਂ!*

# ਕਿਸਾਨ ਸੰਘਰਸ਼ ਉੱਪਰ ਕਰੂਰ ਤਸ਼ੱਦਦ: 'ਆਪ' ਸਰਕਾਰ ਦੀ ਜਾਬਰ ਖ਼ਸਲਤ ਬੇਨਕਾਬ



ਲੰਘੀ 18 ਫਰਵਰੀ ਨੂੰ ਮਾਲਵੇ ਦੇ ਇਤਿਹਾਸਕ ਪਿੰਡ ਜਿਉਂਦ ਵਿਖੇ ਐਸਐਸਪੀ ਬਠਿੰਡਾ ਜੋਤੀ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਵੱਲੋਂ ਕਿਸਾਨਾਂ ਉੱਪਰ ਢਾਹੇ ਜਬਰ ਦੌਰਾਨ ਮਾੜੀ ਪਿੰਡ ਦੇ ਕਿਸਾਨ ਚਰਨਜੀਤ ਸਿੰਘ ਨੂੰ ਮਿੱਥ ਕੇ ਇੰਨਾ ਕੁੱਟਿਆ ਗਿਆ ਕਿ ਉਸ ਦੀ ਲੱਤ ਚਕਨਾਚੂਰ ਕਰ ਦਿੱਤੀ ਗਈ। ਉਸਦੇ ਸਿਰ ਵਿਚ ਵੀ ਗਿਣ-ਮਿੱਥ ਕੇ ਗੰਭੀਰ ਸੱਟਾਂ ਮਾਰੀਆਂ ਗਈਆਂ। ਹੈਲਮੇਟ ਲੈ ਕੇ ਅਤੇ ਵਿਸ਼ੇਸ਼ ਜਾਕੇਟ ਪਹਿਨੇ ਜਿਉਂਦ ਪਹੁੰਚੀ ਐਸਐਸਪੀ ਬਠਿੰਡਾ ਅਤੇ ਉਸਦੀ ਅਗਵਾਈ ਵਾਲੀ ਪੁਲਿਸ ਨੇ ਅੱਥਰੂ ਗੈਸ ਦੇ ਗੋਲਿਆਂ ਅਤੇ ਇੱਟਾਂ-ਰੋੜਿਆਂ ਦੀ ਵਾਛੜ ਕਰਦਿਆਂ



ਨਵਕਿਰਨ ਸਿੰਘ ਪੱਤੀ
ਫੋਨ: 98885-44001

ਚਰਨਜੀਤ ਸਿੰਘ ਵਰਗੇ ਕਿਸਾਨਾਂ ਨਾਲ ਇਸ ਤਰ੍ਹਾਂ ਵਿਹਾਰ ਕੀਤਾ ਜਿਵੇਂ ਸਰਹੱਦ ਉੱਪਰ ਕਿਸੇ ਦੁਸ਼ਮਣ ਦੇਸ਼ ਦੀ ਫ਼ੌਜ ਨਾਲ ਕੀਤਾ ਜਾਂਦਾ ਹੈ। ਹਾਲਾਂਕਿ ਇਹ ਕਿਸਾਨ ਕਿਸੇ ਬਹੁਤੀ ਵੱਡੀ ਮੰਗ ਲਈ ਇਕੱਤਰ ਨਹੀਂ ਹੋਏ ਸਨ ਬਲਕਿ ਪਿਛਲੇ ਲਗਭਗ 10 ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਆਪਣੇ ਦੋ ਸਾਥੀ ਕਿਸਾਨਾਂ ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਦੀ ਰਿਹਾਈ ਦੀ ਮੰਗ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੀ ਅਗਵਾਈ ਹੇਠ ਡੀਸੀ ਦਫਤਰ ਬਠਿੰਡਾ ਅੱਗੇ ਧਰਨਾ ਦੇਣ ਜਾ ਰਹੇ ਸਨ ਤੇ ਰਸਤੇ ਵਿਚ ਜਿਉਂਦ ਪਿੰਡ ਵਿਚ ਪੁਲਿਸ ਵੱਲੋਂ ਕਿਸਾਨਾਂ ਨੂੰ ਘੇਰ ਕੇ ਉਨ੍ਹਾਂ ਦੀਆਂ ਲੱਤਾਂ, ਬਾਹਾਂ ਤੋੜੀਆਂ ਗਈਆਂ।

ਪੁਲਿਸ ਤਸ਼ੱਦਦ ਕਾਰਨ ਗੰਭੀਰ ਜ਼ਖ਼ਮੀ ਪਿੰਡ ਮਾੜੀ ਦੇ ਕਿਸਾਨ ਚਰਨਜੀਤ ਸਿੰਘ ਦਾ ਇਲਾਜ ਕੁੱਝ ਦਿਨ ਰਾਮਪੁਰਾ ਫੂਲ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਚੱਲਿਆ ਪਰ ਪੁਲਿਸ ਦੇ ਵਹਿਸ਼ੀ ਤਸ਼ੱਦਦ ਕਾਰਨ ਉਸ ਦੀ ਹਾਲਤ ਬਹੁਤ ਗੰਭੀਰ ਹੋਣ ਕਾਰਨ ਬਾਅਦ ਵਿਚ ਉਸ ਨੂੰ ਇਲਾਜ ਲਈ ਡੀਐਮਸੀ ਲੁਧਿਆਣਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ।

ਬਠਿੰਡਾ ਪੁਲਿਸ ਇਸ ਕਦਰ ਕਿਸਾਨਾਂ ਉੱਪਰ ਜਬਰ ਕਰਨ ਲਈ ਕਾਹਲੀ ਪਈ ਹੋਈ ਸੀ ਕਿ ਉਨ੍ਹਾਂ ਨੇ ਉਸੇ ਦਿਨ ਹਾਈਕੋਰਟ ਵਿਚ ਜੇਲ੍ਹਬੰਦ ਕਿਸਾਨਾਂ ਦੇ ਮਾਮਲੇ ਦੀ ਹੋ ਰਹੀ ਸੁਣਵਾਈ ਦੀ ਵੀ ਘੰਟਾ ਭਰ ਉਡੀਕ ਕਰਨੀ ਮੁਨਾਸਿਬ ਨਾ ਸਮਝੀ। ਇਕ ਪਾਸੇ ਪੁਲਿਸ ਕਿਸਾਨਾਂ ਉੱਪਰ ਤਸ਼ੱਦਦ ਢਾਹ ਰਹੀ ਸੀ ਜਦਕਿ ਦੂਜੇ ਪਾਸੇ ਕੁੱਝ ਪਲਾਂ ਬਾਅਦ ਹੀ ਹਾਈਕੋਰਟ ਨੇ ਦੋਵਾਂ ਕਿਸਾਨ ਆਗੂਆਂ ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਜ਼ਮਾਨਤ ਦੇਣ ਦਾ ਫ਼ੈਸਲਾ ਸੁਣਾ ਦਿੱਤਾ। ਸਵਾਲ ਉੱਠਦਾ ਹੈ ਕਿ ਜਦ ਉਨ੍ਹਾਂ ਦੀ ਜ਼ਮਾਨਤ ਉੱਪਰ ਰਿਹਾਈ ਹੀ ਹੋ ਰਹੀ ਸੀ ਤਾਂ ਪੁਲਿਸ ਨੇ ਤਸ਼ੱਦਦ ਕਿਉਂ ਕੀਤਾ। ਇਸ ਸਵਾਲ ਦੇ ਕਈ ਪਹਿਲੂ ਨਜ਼ਰ ਆਉਂਦੇ ਹਨ। ਇਕ ਪਹਿਲੂ ਇਹ ਹੈ ਕਿ ਐਸਐਸਪੀ ਬਠਿੰਡਾ ਜੋਤੀ ਯਾਦਵ ਦਾ ਮੰਤਰੀ ਪਤੀ ਹਰਜੋਤ ਬੈਂਸ ਅਰਵਿੰਦ ਕੇਜਰੀਵਾਲ ਦੀ ਟੀਮ ਦਾ ਚਹੇਤਾ ਹੈ ਤੇ ਮੰਤਰੀ ਪਤੀ ਦੇ ਹੰਕਾਰ ਵਿਚ ਦਿੱਲੀ ਵਾਲਿਆਂ ਨੂੰ ਖ਼ੁਸ਼ ਕਰਨ ਲਈ ਉਹ ਖੁਦ ਮੈਦਾਨ ਵਿਚ ਨਿੱਤਰੀ ਜੋ ਵੀਡੀਓ ਰਿਕਾਰਡਿੰਗ ਵਿਚ 'ਫੜ ਲਿਆਓ ਓਸ ਪੀਲੇ ਪਰਨੇ ਵਾਲੇ ਨੂੰ' ਦਾ ਹੁਕਮ ਦਿੰਦੀ ਸਾਫ਼ ਸੁਣੀ ਜਾ ਸਕਦੀ ਹੈ। ਦੂਜਾ ਅਤੇ ਮੁੱਖ ਪਹਿਲੂ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅੰਦਰਖਾਤੇ ਕੀਤੇ ਸਮਝੌਤੇ ਤਹਿਤ ਉਹ ਪੰਜਾਬ ਦੀ ਕਿਸਾਨ ਲਹਿਰ ਨੂੰ ਸਾਬੋਤਾਜ ਕਰਨ ਉੱਪਰ ਤੁਲਿਆ ਹੋਇਆ ਹੈ। ਭਗਵੰਤ ਮਾਨ ਨੇ ਪਹਿਲਾਂ ਖਨੌਰੀ ਅਤੇ ਸ਼ੰਭੂ ਬਾਰਡਰ ਤੋਂ ਕਿਸਾਨਾਂ ਦੇ ਧਰਨੇ ਪੁਲਿਸ ਤਾਕਤ ਨਾਲ ਜ਼ਬਰੀ ਚੁਕਵਾਏ ਤੇ ਹੁਣ ਉਹ ਸੂਬੇ ਵਿਚ ਉੱਠ ਰਹੀ ਹਰ ਜਮਹੂਰੀ ਅਵਾਜ਼ ਨੂੰ ਬੰਦ ਕਰਵਾਉਣ ਉੱਪਰ ਤੁਲਿਆ ਹੋਇਆ ਹੈ।

ਜਿਉਂਦ ਵਿਚ ਹੋਏ ਤਸ਼ੱਦਦ ਨੂੰ ਸਮੁੱਚੀ ਜਮਹੂਰੀ ਲਹਿਰ ਉੱਪਰ ਹਮਲੇ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਰਕਾਰ ਦੀ ਉਸ ਜਾਬਰ ਮੁਹਿੰਮ ਦੀ ਕੜੀ ਹੈ ਜਿਸ ਦੇ ਤਹਿਤ ਪੱਤਰਕਾਰਾਂ ਉੱਪਰ ਪਰਚੇ ਦਰਜ ਕੀਤੇ ਗਏ, ਲੋਕਾਂ ਦੇ ਪੱਖ ਵਿਚ ਬੋਲਣ ਵਾਲੇ ਚੈਨਲ ਬੰਦ ਕੀਤੇ ਜਾ ਰਹੇ ਹਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਘਰਸ਼ ਨੂੰ ਦਬਾਉਣ ਲਈ ਬਿਨਾਂ ਭੜਕਾਹਟ ਦੇ ਵਹਿਸ਼ੀ ਜਬਰ ਕੀਤਾ ਗਿਆ। ਪਹਿਲਾਂ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਅਤੇ ਫਿਰ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਦਿੱਲੀ ਤੋਂ ਉਚੇਚੀ ਪੁਲਿਸ ਟੀਮ ਭੇਜ ਕੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕੀਤਾ ਗਿਆ, ਬੇਰੁਜ਼ਗਾਰਾਂ ਦੇ ਸੰਘਰਸ਼ ਨੂੰ ਕਈ ਵਾਰ ਜਬਰ ਦਾ ਨਿਸ਼ਾਨਾ ਬਣਾਇਆ ਗਿਆ ਹੈ, ਪੀਆਰਟੀਸੀ ਦੇ ਡਰਾਈਵਰ-ਕੰਡਕਟਰ ਅਜੇ ਵੀ ਜੇਲ੍ਹੀਂ ਡੱਕੇ ਹੋਏ ਹਨ। ਭਾਵ ਮੁੱਖ ਮੰਤਰੀ ਭਗਵੰਤ ਮਾਨ ਤੇ ਉਸਦੀ ਤਾਨਾਸ਼ਾਹ ਜੁੰਡਲੀ ਸੂਬੇ ਵਿਚੋਂ ਹਰ ਉਸ ਆਵਾਜ਼ ਨੂੰ ਚੁੱਪ ਕਰਵਾਉਣ 'ਤੇ ਤੁਲੀ ਹੋਈ ਹੈ ਜੋ ਆਵਾਜ਼ ਸਰਕਾਰ ਖ਼ਿਲਾਫ਼ ਉੱਠ ਰਹੀ ਹੈ।

ਸੋ ਸਮੁੱਚੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਇਕਜੁੱਟਤਾ ਨਾਲ ਸਰਕਾਰ ਦੇ ਜਾਬਰ ਪੰਜੇ ਦਾ ਮੂੰਹ ਮੋੜਨਾ ਚਾਹੀਦਾ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂਆਂ ਦੀ ਇਹ ਮੰਗ ਬਿਲਕੁੱਲ ਜਾਇਜ਼ ਹੈ ਕਿ ਚਰਨਜੀਤ ਸਿੰਘ ਦਾ ਇਲਾਜ ਮਾਹਿਰ ਡਾਕਟਰਾਂ ਤੋਂ ਸਰਕਾਰੀ ਖ਼ਰਚੇ 'ਤੇ ਕਰਵਾਇਆ ਜਾਵੇ। ਜਿਉਂਦ ਘਟਨਾ ਦੀ ਉੱਚ ਪੱਧਰੀ ਜੁਡੀਸ਼ੀਅਲ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਪੁਲਿਸ ਹਮਲੇ ਕਾਰਨ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾਵੇ ਅਤੇ ਸਾਰੇ ਜ਼ਖ਼ਮੀਆਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਮਹੀਨਿਆਂ ਬੱਧੀ ਜੇਲ੍ਹ ਵਿਚ ਰੱਖਣਾ ਵੀ ਸਰਕਾਰ ਦੀ ਉਸੇ ਨੀਤੀ ਦਾ ਹਿੱਸਾ ਹੈ ਜੋ ਨੀਤੀ ਸਰਕਾਰ ਨੇ ਕਿਸਾਨ ਜਥੇਬੰਦੀਆਂ ਖ਼ਿਲਾਫ਼ ਅਪਣਾਈ ਹੋਈ ਹੈ ਕਿਉਂਕਿ ਇਹ ਦੋਵੇਂ ਕਿਸਾਨ ਲੰਘੇ ਵਰ੍ਹੇ ਆਦਰਸ਼ ਸਕੂਲ ਚਾਉਕੇ ਦੇ ਸੰਘਰਸ਼ ਵਾਲੇ ਮਾਮਲੇ ਵਿਚ ਜੇਲ੍ਹ ਵਿਚ ਡੱਕੇ ਹੋਏ ਸਨ। ਕਿਸਾਨ-ਮਜ਼ਦੂਰ ਅਤੇ ਜਮਹੂਰੀ ਜਥੇਬੰਦੀਆਂ ਤੋਂ ਇਲਾਵਾ ਰਾਜਨੀਤਕ ਤਾਕਤਾਂ ਵੀ ਇਸ ਤਸ਼ੱਦਦ ਦਾ ਵਿਰੋਧ ਕਰ ਰਹੀਆਂ ਹਨ। ਯੂਨਾਈਟਡ ਅਕਾਲੀ ਦਲ ਨੇ ਪਿੰਡ ਜਿਉਂਦ ਵਿਚ ਕਿਸਾਨਾਂ ਉੱਪਰ ਹੋਏ ਤਸ਼ੱਦਦ ਦੇ ਰੋਸ ਵਜੋਂ 9 ਮਾਰਚ ਨੂੰ ਕਚਹਿਰੀ ਬਠਿੰਡਾ ਵਿਖੇ ਇੱਕ ਦਿਨ ਦਾ ਧਰਨਾ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਐਸ.ਐਸ.ਪੀ. ਬਠਿੰਡਾ ਦੀ ਅਗਵਾਈ ਹੇਠ ਕਿਸਾਨਾਂ ਨਾਲ ਅਣਮਨੁੱਖੀ ਅਤੇ ਗੈਰ-ਕਾਨੂੰਨੀ ਵਤੀਰਾ ਅਪਣਾਇਆ ਗਿਆ।

ਵੈਸੇ ਜੋ ਵਤੀਰਾ ਭਗਵੰਤ ਮਾਨ ਸਰਕਾਰ ਦਾ ਸਾਹਮਣੇ ਆਇਆ ਹੈ, ਲਗਭਗ ਇਹੋ ਜਿਹਾ ਹੀ ਵਤੀਰਾ ਹਰਿਆਣਾ ਦੀ ਸਰਕਾਰ ਨੇ ਖਨੌਰੀ ਤੇ ਸ਼ੰਭੂ ਮੋਰਚੇ ਦੌਰਾਨ ਕਿਸਾਨ ਜਥੇਬੰਦੀਆਂ ਖ਼ਿਲਾਫ਼ ਅਪਣਾਇਆ ਸੀ।

ਖੇਤੀ ਕਾਨੂੰਨਾਂ ਖਿਲਾਫ਼ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਕਾਰਨ ਜਿੱਥੇ ਮੋਦੀ ਸਰਕਾਰ ਕਿਸਾਨ ਜਥੇਬੰਦੀਆਂ ਦੇ ਖ਼ਿਲਾਫ਼ ਖੁੰਦਕ ਖਾਂਦੀ ਹੈ ਉੱਥੇ ਹੀ ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੇ ਪ੍ਰਭਾਵ ਤੋਂ ਭਗਵੰਤ ਮਾਨ ਸਰਕਾਰ ਖਾਰ ਖਾਂਦੀ ਹੈ। ਇਸੇ ਕਰਕੇ ਕੇਂਦਰ ਤੇ ਸੂਬਾ ਸਰਕਾਰ ਕਿਸਾਨ ਅੰਦੋਲਨ ਨੂੰ ਕਿਸੇ ਵੀ ਰੂਪ ਵਿਚ ਵਿਕਸਤ ਹੁੰਦਿਆਂ ਨਹੀਂ ਵੇਖਣਾ ਚਾਹੁੰਦੀਆਂ। ਪਰ ਇਨ੍ਹਾਂ ਸਰਕਾਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਮੁਲਕ ਵਿਚ ਕਿਸਾਨਾਂ ਵੱਲੋਂ ਆਪਣੀਆਂ ਹੱਕਾਂ ਮੰਗਾਂ ਲਈ ਕਈ ਇਤਿਹਾਸਕ ਅੰਦੋਲਨ ਕੀਤੇ ਗਏ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਲਵਾਹਕਾਂ ਨੂੰ ਜ਼ਮੀਨ ਦੇ ਮਾਲਕੀ ਦੇ ਹੱਕ ਦਿਵਾਉਣ ਲਈ ਲੜੇ ਗਏ ਇਤਿਹਾਸਕ ਸੰਘਰਸ਼ ਦਾ ਧੁਰਾ ਕਿਸਾਨ ਹੀ ਸਨ। ਆਜ਼ਾਦੀ ਦੀ ਲੜਾਈ ਦਾ ਵੀ ਕਿਸਾਨ ਬਹੁਤ ਮਹੱਤਵਪੂਰਨ ਹਿੱਸਾ ਰਹੇ ਹਨ। ਪਰਜਾ ਮੰਡਲ ਲਹਿਰ ਵੱਲੋਂ ਵੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਅਗਵਾਈ ਵਿਚ ਚੱਲੀ 'ਪੱਗੜੀ ਸੰਭਾਲ ਜੱਟਾ' ਲਹਿਰ ਨੇ ਕਿਸਾਨ ਮੰਗਾਂ ਨੂੰ ਉਭਾਰ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਲਾਮਬੰਦ ਕੀਤਾ ਸੀ। ਕਿਸਾਨ ਆਗੂ ਸਰ ਛੋਟੂ ਰਾਮ ਨੇ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਉਭਾਰਿਆ। ਕਿਸਾਨਾਂ ਦੀ ਭਰਵੀਂ ਸ਼ਮੂਲੀਅਤ ਵਾਲੀ ਪੈਪਸੂ ਮੁਜ਼ਾਰਾ ਲਹਿਰ ਅਤੇ ਨਕਸਲਬਾੜੀ ਲਹਿਰ ਨੇ ਕਿਸਾਨਾਂ-ਮਜ਼ਦੂਰਾਂ ਨੂੰ ਕਾਨੂੰਨੀ ਵਲਗਣ ਤੋਂ ਬਾਹਰ ਨਿਕਲ ਕੇ ਜੁਝਾਰੂ ਸੰਘਰਸ਼ ਕਰਨ ਦਾ ਤਜਰਬਾ ਦਿੱਤਾ ਸੀ।

ਸੋ ਮੌਜੂਦਾ ਦੌਰ ਅੰਦਰ ਵੀ 'ਬਦਲਾਅ' ਦਾ ਹੋਕਾ ਦੇ ਕੇ ਸੱਤਾ ਹਾਸਲ ਕਰਨ ਵਾਲੀ ਭਗਵੰਤ ਮਾਨ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ, ਮਜ਼ਦੂਰ ਜਥੇਬੰਦੀਆਂ ਪ੍ਰਤੀ ਉਨ੍ਹਾਂ ਵੱਲੋਂ ਅਪਣਾਈ ਦੁਸ਼ਮਣੀ ਵਾਲੀ ਨੀਤੀ ਵਿਚ ਉਸਨੂੰ ਆਖ਼ਿਰਕਾਰ ਮੂੰਹ ਦੀ ਖਾਣੀ ਪਵੇਗੀ। ਇਤਿਹਾਸ ਗਵਾਹ ਹੈ ਕਿ ਪੰਜਾਬ ਦੀ ਇਸ ਧਰਤੀ ਦੇ ਜਾਇਆਂ ਨੇ ਵੱਡੇ-ਵੱਡੇ ਜਾਬਰਾਂ ਦੇ ਨੱਕ ਮੋੜੇ ਹੋਏ ਹਨ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਹਕੂਮਤੀ ਜਬਰ ਵਿਰੁੱਧ ਅਪਣਾਈ ਸਾਂਝੇ ਘੋਲ ਦੀ ਪਹਿਲਕਦਮੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਜਿਉਂਦ ਵਿਚ ਕਿਸਾਨਾਂ ਉੱਪਰ ਕੀਤੇ ਵਹਿਸ਼ੀ ਜਬਰ ਦੇ ਖ਼ਿਲਾਫ਼ ਇਸ ਜਥੇਬੰਦੀ ਵੱਲੋਂ 26 ਫਰਵਰੀ ਨੂੰ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਜਮਹੂਰੀ ਅਤੇ ਵਿਦਿਆਰਥੀਆਂ ਦੀ ਇੱਕ ਸਾਂਝੀ ਮੀਟਿੰਗ ਬੁਲਾ ਲਈ ਗਈ ਹੈ। ਉਮੀਦ ਹੈ ਕਿ ਇਸ ਮੀਟਿੰਗ ਵਿਚ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਸੰਘਰਸ਼ਾਂ ਵਿਰੁੱਧ ਵਿੱਢੀ ਤਾਨਾਸ਼ਾਹ, ਜਾਬਰ ਮੁਹਿੰਮ ਦੇ ਖ਼ਿਲਾਫ ਸਾਂਝੇ ਸੰਘਰਸ਼ ਦਾ ਕੋਈ ਵੱਡਾ ਫ਼ੈਸਲਾ ਲਿਆ ਜਾਵੇਗਾ। ਜੋ ਹਕੂਮਤੀ ਦਹਿਸ਼ਤਵਾਦ ਨੂੰ ਠੱਲ੍ਹ ਪਾ ਕੇ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਲਈ ਇਤਿਹਾਸਕ ਭੂਮਿਕਾ ਨਿਭਾਏਗਾ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਦੇ ਸੰਘਰਸ਼ਾਂ ਦਾ ਮਨੋਬਲ ਵਧਾਏਗਾ।

# ਸ਼ਿਕਾਰੀ ਧੌਂਸਬਾਜ਼ੀ; ਟਰੰਪ ਵੱਲੋਂ ਅਮਰੀਕੀ ਤਾਕਤ ਦੇ ਇਸਤੇਮਾਲ ਨੂੰ ਕਿਵੇਂ ਸਮਝਿਆ ਜਾਵੇ

*ਉੱਘੇ ਅਮਰੀਕੀ ਰਾਜਨੀਤਕ ਵਿਗਿਆਨੀ ਅਤੇ ਕੌਮਾਂਤਰੀ ਮਾਮਲਿਆਂ ਦੇ ਵਿਦਵਾਨ ਸਟੀਫਨ ਐੱਮ. ਵਾਲਟ ਹਾਰਵਰਡ ਕੈਨੇਡੀ ਸਕੂਲ ਵਿਚ ਰੌਬਰਟ ਅਤੇ ਰੇਨੀ ਬੇਲਫਰ ਅੰਤਰਰਾਸ਼ਟਰੀ ਮਾਮਲਿਆਂ ਦੇ ਪ੍ਰੋਫੈਸਰ ਹਨ। ਉਨ੍ਹਾਂ ਨੇ ਟਰੰਪ ਵਰਤਾਰੇ ਦਾ ਰਾਜਨੀਤਕ ਵਿਸ਼ਲੇਸ਼ਣ ਕਰਦਿਆਂ ਲਿਖੇ ਲੰਮੇ ਲੇਖ ਵਿਚ ਅਮਰੀਕੀ ਸਟੇਟ ਦੀ ਬਦੇਸ਼ ਨੀਤੀ ਦੇ ਪ੍ਰਸੰਗ ਵਿਚ ਇਸ ਵਰਤਾਰੇ ਬਾਰੇ ਆਪਣੀ ਸਮਝ ਪੇਸ਼ ਕੀਤੀ ਹੈ। ਇਸ ਦੀ ਰਾਜਨੀਤਕ ਪ੍ਰਸੰਗਿਕਤਾ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਲੜੀਵਾਰ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ।-ਸੰਪਾਦਕ ॥*

ਜਦੋਂ ਤੋਂ ਡੋਨਲਡ ਟਰੰਪ 2017 ਵਿਚ ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਬਣੇ, ਟਿੱਪਣੀਕਾਰ ਉਨ੍ਹਾਂ ਦੀ ਬਦੇਸ਼ ਨੀਤੀ ਪਹੁੰਚ ਲਈ ਢੁੱਕਵਾਂ ਸ਼ਬਦ ਲੱਭਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਨ੍ਹਾਂ ਹੀ ਪੰਨਿਆਂ ਵਿਚ ਲਿਖਦਿਆਂ, ਸਿਆਸੀ ਵਿਗਿਆਨੀ ਬੈਰੀ ਪੋਸੇਨ ਨੇ 2018 ਵਿਚ ਸੁਝਾਅ ਦਿੱਤਾ ਸੀ ਕਿ ਟਰੰਪ ਦੀ ਧੜਵੈਲ ਯੁੱਧਨੀਤੀ 'ਗ਼ੈਰਉਦਾਰਵਾਦੀ ਧੌਂਸ' (illiberal hegemony) ਹੈ, ਅਤੇ ਵਿਸ਼ਲੇਸ਼ਕ ਓਰੇਨ ਕੈਸ ਨੇ ਪਿਛਲੇ ਪਤਝੜ ਵਿਚ ਦਲੀਲ ਦਿੱਤੀ ਕਿ ਇਸਦਾ ਮੂਲ ਤੱਤ 'ਪ੍ਰਸਪਰਿਕਤਾ' (reciprocity) ਦੀ ਮੰਗ ਹੈ। ਟਰੰਪ ਨੂੰ ਯਥਾਰਥਵਾਦੀ, ਰਾਸ਼ਟਰਵਾਦੀ, ਰਵਾਇਤੀ ਵਪਾਰਵਾਦੀ, ਸਾਮਰਾਜਵਾਦੀ ਅਤੇ



**ਸਟੀਫਨ ਐੱਮ. ਵਾਲਟ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਲੱਗ-ਥਲੱਗਵਾਦੀ ਤੱਕ ਕਿਹਾ ਗਿਆ ਹੈ। ਇਨ੍ਹਾਂ ਸਾਰੇ ਸ਼ਬਦਾਂ ਵਿਚ ਉਸ ਦੀ ਪਹੁੰਚ ਦੇ ਕੁਝ ਪਹਿਲੂਆਂ ਨੂੰ ਫੜਿਆ ਗਿਆ ਹੈ, ਪਰ ਉਸ ਦੇ ਦੂਜੇ ਕਾਰਜਕਾਲ ਦੀ ਧੜਵੈਲ ਯੁੱਧਨੀਤੀ ਨੂੰ ਸੰਭਵ ਤੌਰ 'ਤੇ ਸਭ ਤੋਂ ਸਹੀ ਰੂਪ ਵਿਚ 'ਸ਼ਿਕਾਰੀ ਧੌਂਸ' (predatory hegemony) ਕਿਹਾ ਜਾ ਸਕਦਾ ਹੈ। ਇਸਦਾ ਕੇਂਦਰੀ ਉਦੇਸ਼ ਵਾਸ਼ਿੰਗਟਨ ਦੀ ਵਿਸ਼ੇਸ਼ ਸਥਿਤੀ ਦਾ ਇਸਤੇਮਾਲ ਕਰਕੇ ਸਹਿਯੋਗੀਆਂ ਅਤੇ ਵਿਰੋਧੀਆਂ ਦੋਵਾਂ ਤੋਂ ਰਿਆਇਤਾਂ, ਸਨਮਾਨ ਅਤੇ ਜੀ-ਹਜ਼ੂਰੀ ਦੀ ਨੁਮਾਇਸ਼ ਹਾਸਲ ਕਰਨਾ ਹੈ—ਅਜਿਹੀ ਪਹੁੰਚ ਵਿਚ ਜੋ ਦੁਨੀਆ ਨੂੰ ਪੂਰੀ ਤਰ੍ਹਾਂ 'ਕੁਲ ਜੋੜ ਸਿਫ਼ਰ' (zero-sum) ਦੇ ਰੂਪ ਵਿਚ ਦੇਖਦੀ ਹੈ ਅਤੇ ਥੋੜ੍ਹੇ ਚਿਰ ਦੇ ਲਾਭ 'ਤੇ ਕੇਂਦ੍ਰਿਤ ਹੈ।

ਸੰਯੁਕਤ ਰਾਜ ਅਮਰੀਕਾ ਦੀਆਂ ਅਜੇ ਵੀ ਕਾਫ਼ੀ ਸੰਪਤੀਆਂ ਅਤੇ ਭੂਗੋਲਿਕ ਲਾਭਾਂ ਨੂੰ ਵੇਖਦਿਆਂ, ਸ਼ਿਕਾਰੀ ਧੌਂਸ ਕੁਝ ਸਮਾਂ ਕੰਮ ਕਰ ਸਕਦੀ ਹੈ। ਪਰ ਲੰਮੇ ਸਮੇਂ ਵਿਚ ਇਸਦਾ ਅਸਫ਼ਲ ਹੋਣਾ ਤੈਅ ਹੈ। ਇਹ ਕਈ ਮੁਕਾਬਲੇਬਾਜ਼ੀ 'ਚ ਜੁੱਟੀਆਂ ਮਹਾਸ਼ਕਤੀਆਂ ਵਾਲੀ ਦੁਨੀਆ—ਖ਼ਾਸ ਕਰਕੇ ਅਜਿਹੀ ਦੁਨੀਆ ਵਿਚ ਜਿੱਥੇ ਚੀਨ ਆਰਥਕ ਅਤੇ ਫ਼ੌਜੀ ਪੱਖੋਂ ਬਰਾਬਰ ਦਾ ਸ਼ਰੀਕ ਹੈ—ਲਈ ਢੁੱਕਵੀਂ ਨਹੀਂ ਹੈ, ਕਿਉਂਕਿ ਬਹੁਧਰੁਵੀਅਤਾ (multipolarity) ਦੂਜੇ ਸਟੇਟਾਂ ਨੂੰ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਦੇ ਬਦਲ ਦਿੰਦੀ ਹੈ। ਜੇਕਰ ਆਉਣ ਵਾਲੇ ਸਾਲਾਂ ਵਿਚ ਇਹ ਅਮਰੀਕੀ ਯੁੱਧਨੀਤੀ ਨੂੰ ਪਰਿਭਾਸ਼ਿਤ ਕਰਦੀ ਰਹੀ, ਤਾਂ ਸ਼ਿਕਾਰੀ ਧੌਂਸ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਦੋਹਾਂ ਨੂੰ ਕਮਜ਼ੋਰ ਕਰੇਗੀ, ਵਿਸ਼ਵਵਿਆਪੀ ਅਸੰਤੋਸ਼ ਵਧਾਏਗੀ, ਵਾਸ਼ਿੰਗਟਨ ਦੇ ਪ੍ਰਮੁੱਖ ਸ਼ਰੀਕਾਂ ਲਈ ਆਕਰਸ਼ਕ ਮੌਕੇ ਪੈਦਾ ਕਰੇਗੀ, ਅਤੇ ਅਮਰੀਕੀਆਂ ਨੂੰ ਘੱਟ ਸੁਰੱਖਿਅਤ, ਘੱਟ ਸੰਪੰਨ ਅਤੇ ਘੱਟ ਪ੍ਰਭਾਵਸ਼ਾਲੀ ਬਣਾ ਦੇਵੇਗੀ।

## ਅਤਿ ਸ਼ਿਕਾਰੀ

ਪਿਛਲੇ 80 ਸਾਲਾਂ ਵਿਚ ਵਿਸ਼ਵ ਸ਼ਕਤੀ ਦੀ ਵਿਆਪਕ ਬਣਤਰ ਦੋ-ਧਰੁਵੀ (bipolarity) ਤੋਂ ਇਕਧਰੁਵੀ (unipolarity) ਅਤੇ ਹੁਣ ਅਸੰਤੁਲਿਤ ਬਹੁਧਰੁਵੀ (unbalanced multipolarity) ਵਿਚ ਬਦਲ ਗਈ ਹੈ, ਅਤੇ ਅਮਰੀਕੀ ਧੜਵੈਲ ਯੁੱਧਨੀਤੀ ਵੀ ਇਨ੍ਹਾਂ ਤਬਦੀਲੀਆਂ ਦੇ ਨਾਲ ਬਦਲੀ ਹੈ। ਸ਼ੀਤ ਯੁੱਧ ਦੀ ਦੋ-ਧਰੁਵੀ ਦੁਨੀਆ ਵਿਚ, ਸੰਯੁਕਤ ਰਾਜ ਅਮਰੀਕਾ ਨੇ ਯੂਰਪ ਅਤੇ ਏਸ਼ੀਆ ਵਿਚ ਆਪਣੇ ਕਰੀਬੀ ਸਹਿਯੋਗੀਆਂ ਪ੍ਰਤੀ ਉਦਾਰ ਧੌਂਸਬਾਜ਼ (liberal hegemon) ਦੀ ਤਰ੍ਹਾਂ ਵਰਤਾਓ ਕੀਤਾ, ਕਿਉਂਕਿ ਅਮਰੀਕੀ ਆਗੂਆਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਸਹਿਯੋਗੀਆਂ ਦੀ ਭਲਾਈ ਸੋਵੀਅਤ ਸੰਘ ਨੂੰ ਰੋਕਣ ਲਈ ਜ਼ਰੂਰੀ ਹੈ। ਉਨ੍ਹਾਂ ਨੇ ਆਪਣੀ ਆਰਥਕ ਅਤੇ ਫ਼ੌਜੀ ਸ੍ਰੇਸ਼ਟਤਾ ਦਾ ਖੁੱਲ੍ਹ ਕੇ ਇਸਤੇਮਾਲ ਕੀਤਾ ਅਤੇ ਕਦੇ-ਕਦੇ ਕਰੜੇ ਕਦਮ ਵੀ ਚੁੱਕੇ—ਜਿਵੇਂ ਰਾਸ਼ਟਰਪਤੀ ਡਵਾਈਟ ਆਈਜ਼ਨਹਾਵਰ ਨੇ 1956 ਵਿਚ ਬ੍ਰਿਟੇਨ, ਫਰਾਂਸ ਅਤੇ ਇਜ਼ਰਾਈਲ ਵੱਲੋਂ ਮਿਸਰ 'ਤੇ ਹਮਲੇ ਦੌਰਾਨ ਕੀਤਾ, ਜਾਂ ਰਾਸ਼ਟਰਪਤੀ ਰਿਚਰਡ ਨਿਕਸਨ ਨੇ 1971 ਵਿਚ ਅਮਰੀਕਾ ਨੂੰ ਸੋਨੇ ਦੇ ਮਾਪਦੰਡ (gold standard) ਤੋਂ ਹਟਾਉਂਦੇ ਸਮੇਂ ਕੀਤਾ।

ਪਰ ਵਾਸ਼ਿੰਗਟਨ ਨੇ ਆਪਣੇ ਸਹਿਯੋਗੀਆਂ ਨੂੰ ਦੂਜੀ ਸੰਸਾਰ ਜੰਗ ਤੋਂ ਬਾਅਦ ਆਰਥਿਕ ਰੂਪ ਵਿਚ ਮੁੜ-ਉਸਾਰੀ ਵਿਚ ਮਦਦ ਵੀ ਕੀਤੀ; ਅਜਿਹੇ ਨਿਯਮ ਬਣਾਏ ਅਤੇ ਅਕਸਰ ਉਨ੍ਹਾਂ ਦੀ ਪਾਲਣਾ ਕੀਤੀ ਜੋ ਦੁਵੱਲੀ ਖ਼ੁਸ਼ਹਾਲੀ ਨੂੰ ਉਤਸ਼ਾਹਤ ਕਰਦੇ ਸਨ; ਮੁਦਰਾ ਸੰਕਟਾਂ ਅਤੇ ਹੋਰ ਆਰਥਕ ਰੁਕਾਵਟਾਂ ਨੂੰ ਮੈਨੇਜ ਕਰਨ ਵਿਚ ਸਹਿਯੋਗ ਕੀਤਾ; ਅਤੇ ਕਮਜ਼ੋਰ ਰਾਜਾਂ ਨੂੰ ਫ਼ੈਸਲੇ ਲੈਣ ਦੇ ਅਮਲ ਵਿਚ ਸਥਾਨ ਅਤੇ ਆਵਾਜ਼ ਦਿੱਤੀ। ਅਮਰੀਕੀ ਅਧਿਕਾਰੀ ਅਗਵਾਈ ਕਰਦੇ ਸਨ, ਪਰ ਉਹ ਸੁਣਦੇ ਵੀ ਸਨ, ਅਤੇ ਸ਼ਾਇਦ ਹੀ ਕਦੇ ਆਪਣੇ ਭਾਈਵਾਲਾਂ ਨੂੰ ਕਮਜ਼ੋਰ ਕਰਨ ਜਾਂ ਉਨ੍ਹਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਦੇ ਸਨ।

ਇਕਧਰੁਵੀ ਦੌਰ ਦੌਰਾਨ, ਸੰਯੁਕਤ ਰਾਜ ਅਮਰੀਕਾ ਹੰਕਾਰ ਦਾ ਸ਼ਿਕਾਰ ਹੋ ਗਿਆ ਅਤੇ ਬੇਪ੍ਰਵਾਹ ਅਤੇ ਮਨਮਾਨੀਆਂ ਕਰਨ ਵਾਲਾ ਧੌਂਸਬਾਜ਼ ਬਣ ਗਿਆ। ਕਿਸੇ ਸ਼ਕਤੀਸ਼ਾਲੀ ਸ਼ਰੀਕ ਦਾ ਸਾਹਮਣਾ ਨਾ ਹੋਣ ਅਤੇ ਇਹ ਵਿਸ਼ਵਾਸ ਹੋਣ ਕਾਰਨ ਕਿ ਜ਼ਿਆਦਾਤਰ ਸਟੇਟ ਅਮਰੀਕੀ ਅਗਵਾਈ ਅਤੇ ਉਦਾਰ ਮੁੱਲਾਂ ਨੂੰ ਸਵੀਕਾਰ ਕਰਨ ਲਈ ਉਤਸੁਕ ਹਨ, ਅਮਰੀਕੀ ਅਧਿਕਾਰੀਆਂ ਨੇ ਦੂਜੇ ਸਟੇਟਾਂ ਦੀਆਂ ਚਿੰਤਾਵਾਂ ਵੱਲ ਘੱਟ ਧਿਆਨ ਦਿੱਤਾ; ਅਫ਼ਗਾਨਿਸਤਾਨ, ਇਰਾਕ ਤੇ ਹੋਰ ਮੁਲਕਾਂ ਵਿਚ ਮਹਿੰਗੀਆਂ ਅਤੇ ਭਟਕਾਊ ਮੁਹਿੰਮਾਂ ਦੀ ਸ਼ੁਰੂਆਤ ਕੀਤੀ; ਅਜਿਹੀਆਂ ਟਕਰਾਊ ਨੀਤੀਆਂ ਅਪਣਾਈਆਂ ਜਿਨ੍ਹਾਂ ਤੋਂ ਚੀਨ ਤੇ ਰੂਸ ਕਰੀਬ ਆਏ; ਅਤੇ ਵਿਸ਼ਵ ਬਾਜ਼ਾਰਾਂ ਨੂੰ ਇਸ ਤਰ੍ਹਾਂ ਖੋਲ੍ਹਿਆ ਜਿਸ ਨਾਲ ਚੀਨ ਦਾ ਉਭਾਰ ਤੇਜ਼ ਹੋਇਆ, ਵਿਸ਼ਵਵਿਆਪੀ ਵਿੱਤੀ ਅਸਥਿਰਤਾ ਵਧੀ, ਅਤੇ ਅੰਤ ਵਿਚ ਘਰੇਲੂ ਪ੍ਰਤੀਕਿਰਿਆ ਪੈਦਾ ਹੋਈ ਜਿਸ ਨੇ ਟਰੰਪ ਨੂੰ ਵ੍ਹਾਈਟ ਹਾਊਸ ਤੱਕ ਪਹੁੰਚਾਉਣ ਵਿਚ ਮਦਦ ਕੀਤੀ।

ਨਿਸ਼ਚਿਤ ਰੂਪ ਵਿਚ, ਇਸ ਅਰਸੇ ਵਿਚ ਵਾਸ਼ਿੰਗਟਨ ਨੇ ਕਈ ਈਨ ਨਾ ਮੰਨਣ ਵਾਲੀਆਂ ਹਕੂਮਤਾਂ ਨੂੰ ਅਲੱਗ-ਥਲੱਗ ਕਰਨ, ਸਜ਼ਾ ਦੇਣ ਅਤੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਦੇ-ਕਦੇ ਤਾਂ ਦੂਜੇ ਸਟੇਟਾਂ ਦੇ ਸੁਰੱਖਿਆ ਫ਼ਿਕਰਾਂ ਦੀ ਅਣਦੇਖੀ ਕੀਤੀ। ਪਰ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਦੋਵੇਂ ਅਧਿਕਾਰੀਆਂ ਦਾ ਮੰਨਣਾ ਸੀ ਕਿ ਅਮਰੀਕੀ ਤਾਕਤ ਦਾ ਇਸਤੇਮਾਲ ਵਿਸ਼ਵਵਿਆਪੀ ਉਦਾਰ ਵਿਵਸਥਾ ਬਣਾਉਣ ਲਈ ਅਮਰੀਕਾ ਅਤੇ ਦੁਨੀਆ ਦੋਵਾਂ ਲਈ ਚੰਗਾ ਹੋਵੇਗਾ, ਅਤੇ ਗੰਭੀਰ ਵਿਰੋਧ ਸਿਰਫ਼ ਕੁਝ ਛੋਟੇ 'ਦੁਸ਼ਟ' ਰਾਜਾਂ ਤੱਕ ਸੀਮਿਤ ਰਹੇਗਾ। ਉਹ ਦੂਜੀਆਂ ਸਰਕਾਰਾਂ ਨੂੰ ਮਜਬੂਰ ਕਰਨ, ਆਪਣੇ ਨਾਲ ਜੋੜਨ ਜਾਂ ਇੱਥੋਂ ਤੱਕ ਕਿ ਡੇਗਣ ਲਈ ਸ਼ਕਤੀ ਦਾ ਇਸਤੇਮਾਲ ਕਰਨ ਤੋਂ ਪਰਹੇਜ਼ ਨਹੀਂ ਕਰਦੇ ਸਨ, ਪਰ ਉਨ੍ਹਾਂ ਦੀ ਕਠੋਰਤਾ ਮਾਨਤਾ ਪ੍ਰਾਪਤ ਵਿਰੋਧੀਆਂ ਦੇ ਖ਼ਿਲਾਫ਼ ਸੀ, ਨਾ ਕਿ ਅਮਰੀਕੀ ਭਾਈਵਾਲਾਂ ਦੇ ਵਿਰੁੱਧ।

ਜਦਕਿ ਟਰੰਪ ਦੇ ਅਧੀਨ, ਸੰਯੁਕਤ ਰਾਜ ਅਮਰੀਕਾ ਸ਼ਿਕਾਰੀ ਧੌਂਸਬਾਜ਼ (predatory hegemon) ਬਣ ਗਿਆ ਹੈ। ਇਹ ਯੁੱਧਨੀਤੀ ਬਹੁਧਰੁਵੀਅਤਾ ਦੀ ਵਾਪਸੀ ਲਈ ਕੋਈ ਚੱਜ ਨਾਲ ਸੋਚੀ-ਵਿਚਾਰੀ ਗਈ ਪ੍ਰਤੀਕਿਰਿਆ ਨਹੀਂ ਹੈ; ਵਾਸਤਵ ਵਿਚ, ਇਹ ਕਈ ਮਹਾਸ਼ਕਤੀਆਂ ਵਾਲੀ ਦੁਨੀਆ ਵਿਚ ਕਾਰਵਾਈ ਕਰਨ ਦਾ ਬਿਲਕੁਲ ਗ਼ਲਤ ਤਰੀਕਾ ਹੈ। ਬਲਕਿ ਇਹ ਸਾਰੇ ਸੰਬੰਧਾਂ ਪ੍ਰਤੀ ਟਰੰਪ ਦੇ ਲੈਣ-ਦੇਣ-ਅਧਾਰਤ ਨਜ਼ਰੀਏ ਅਤੇ ਇਸ ਵਿਸ਼ਵਾਸ ਦਾ ਸਿੱਧਾ ਪ੍ਰਤੀਬਿੰਬ ਹੈ ਕਿ ਸੰਯੁਕਤ ਰਾਜ ਅਮਰੀਕਾ ਦੁਨੀਆ ਦੇ ਲਗਭਗ ਹਰ ਮੁਲਕ 'ਤੇ ਭਾਰੀ ਅਤੇ ਸਥਾਈ ਪ੍ਰਭਾਵ ਪਾਉਣ ਦੇ ਸਮਰੱਥ ਹੈ।

ਅਪ੍ਰੈਲ 2025 ਵਿਚ ਟਰੰਪ ਨੇ ਕਿਹਾ, ਸੰਯੁਕਤ ਰਾਜ ਅਮਰੀਕਾ 'ਇੱਕ ਵੱਡੇ, ਸੋਹਣੇ ਡਿਪਾਰਟਮੈਂਟ ਸਟੋਰ' ਵਾਂਗ ਹੈ, ਅਤੇ 'ਹਰ ਕੋਈ ਉਸ ਸਟੋਰ ਦਾ ਇੱਕ ਹਿੱਸਾ ਚਾਹੁੰਦਾ ਹੈ।' ਜਾਂ ਜਿਵੇਂ ਉਸ ਨੇ ਵ੍ਹਾਈਟ ਹਾਊਸ ਪ੍ਰੈਸ



ਸਕੱਤਰ ਕੈਰੋਲਿਨ ਲੀਵਿਟ ਵੱਲੋਂ ਸਾਂਝੇ ਕੀਤੇ ਬਿਆਨ ਵਿਚ ਕਿਹਾ, ਅਮਰੀਕੀ ਖ਼ਪਤਕਾਰ 'ਉਹ ਚੀਜ਼ ਹੈ ਜੋ ਹਰ ਮੁਲਕ ਚਾਹੁੰਦਾ ਹੈ ਜੋ ਸਾਡੇ ਕੋਲ ਹੋਵੇ,' ਅਤੇ ਜੋੜਿਆ, 'ਦੂਜੇ ਸ਼ਬਦਾਂ ਵਿਚ ਕਹੀਏ ਤਾਂ, ਉਨ੍ਹਾਂ ਨੂੰ ਸਾਡੇ ਪੈਸੇ ਦੀ ਲੋੜ ਹੈ।'

ਟਰੰਪ ਦੇ ਪਹਿਲੇ ਕਾਰਜਕਾਲ ਵਿਚ ਰੱਖਿਆ ਮੰਤਰੀ ਜੇਮਜ਼ ਮੈਟਿਸ, ਟ੍ਰੈਜ਼ਰੀ ਸਕੱਤਰ ਸਟੀਵਨ ਮਨੂਚਿਨ, ਚੀਫ਼ ਆਫ਼ ਸਟਾਫ਼ ਜੌਨ ਕੈਲੀ ਅਤੇ ਕੌਮੀ ਸੁਰੱਖਿਆ ਸਲਾਹਕਾਰ ਐੱਚ. ਆਰ. ਮੈਕਮਾਸਟਰ ਵਰਗੇ ਵਧੇਰੇ ਤਜਰਬੇਕਾਰ ਸਲਾਹਕਾਰਾਂ ਨੇ ਉਸ ਦੀਆਂ ਸ਼ਿਕਾਰੀ ਪ੍ਰਵਿਰਤੀਆਂ ਨੂੰ ਕੁਝ ਹੱਦ ਤੱਕ ਕਾਬੂ ਕਰਕੇ ਰੱਖਿਆ। ਪਰ ਦੂਜੇ ਕਾਰਜਕਾਲ ਵਿਚ, ਦੂਜੇ ਰਾਜਾਂ ਦੀਆਂ ਕਮਜ਼ੋਰੀਆਂ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦੀ ਉਸ ਦੀ ਲਾਲਸਾ ਨੂੰ ਖੁੱਲ੍ਹੀ ਛੁੱਟੀ ਮਿਲ ਗਈ ਹੈ—ਅਜਿਹੇ ਨਿਯੁਕਤ ਅਧਿਕਾਰੀਆਂ ਦੀ ਨਿਯੁਕਤੀ ਨਾਲ ਜੋ ਵਿਅਕਤੀਗਤ ਵਫ਼ਾਦਾਰੀ ਦੇ ਆਧਾਰ 'ਤੇ ਚੁਣੇ ਗਏ ਹਨ, ਅਤੇ ਵਿਸ਼ਵ ਮਾਮਲਿਆਂ ਦੀ ਆਪਣੀ ਸਮਝ ਉੱਪਰ ਟਰੰਪ ਦੇ ਵਧਦੇ (ਹਾਲਾਂਕਿ ਉਲਝਣ ਵਾਲੇ) ਆਤਮ-ਵਿਸ਼ਵਾਸ ਦੇ ਕਾਰਨ।

## ਦਬਦਬਾ ਅਤੇ ਅਧੀਨਤਾ

ਇੱਕ ਸ਼ਿਕਾਰੀ ਧੌਂਸਬਾਜ਼ ਉਹ ਪ੍ਰਮੁੱਖ ਮਹਾਸ਼ਕਤੀ ਹੁੰਦੀ ਹੈ ਜੋ ਦੂਜਿਆਂ ਨਾਲ ਆਪਣੇ ਲੈਣ-ਦੇਣ ਨੂੰ ਪੂਰੀ ਤਰ੍ਹਾਂ ਸਿਫ਼ਰ-ਜੋੜ (zero-sum) ਤਰੀਕੇ ਨਾਲ ਸੰਚਾਰਿਤ ਕਰਨਾ ਚਾਹੁੰਦੀ ਹੈ—ਤਾਂ ਜੋ ਲਾਭ ਹਮੇਸ਼ਾ ਉਸਦੇ ਪੱਖ ਵਿਚ ਜਾਵੇ। ਸ਼ਿਕਾਰੀ ਧੌਂਸਬਾਜ਼ ਦਾ ਮੁੱਖ ਟੀਚਾ ਅਜਿਹੇ ਸਥਿਰ ਅਤੇ ਪਰਸਪਰ ਲਾਭਕਾਰੀ ਸੰਬੰਧ ਬਣਾਉਣਾ ਨਹੀਂ ਹੁੰਦਾ ਜਿਨ੍ਹਾਂ ਤੋਂ ਸਾਰੀਆਂ ਧਿਰਾਂ ਨੂੰ ਲਾਭ ਹੋਵੇ; ਬਲਕਿ ਉਸਦਾ ਟੀਚਾ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਹਰ ਵਾਰਤਾਲਾਪ/ਸਮਝੌਤੇ ਤੋਂ ਉਸਨੂੰ ਦੂਜਿਆਂ ਨਾਲੋਂ ਵਧੇਰੇ ਲਾਭ ਮਿਲੇ। ਅਜਿਹਾ ਸਮਝੌਤਾ ਜਿਸ ਵਿਚ ਧੌਂਸਬਾਜ਼ ਨੂੰ ਲਾਭ ਹੋਵੇ ਅਤੇ ਉਸਦੇ ਭਾਈਵਾਲ ਨੂੰ ਨੁਕਸਾਨ—ਉਸ ਲਈ ਇਹ ਉਸ ਸਮਝੌਤੇ ਨਾਲੋਂ ਬਿਹਤਰ ਹੈ ਜਿਸ ਵਿਚ ਦੋਵਾਂ ਨੂੰ ਲਾਭ ਮਿਲੇ ਪਰ ਭਾਈਵਾਲ ਨੂੰ ਜ਼ਿਆਦਾ ਲਾਭ ਹੋਵੇ, ਭਾਵੇਂ ਕਿ ਦੂਜੇ ਬਦਲ ਵਿਚ ਦੋਵਾਂ ਲਈ ਕੁੱਲ (absolute) ਲਾਭ ਵੱਡਾ ਹੋਵੇ। ਸ਼ਿਕਾਰੀ ਧੌਂਸਬਾਜ਼ ਹਮੇਸ਼ਾ ਵੱਡਾ ਹਿੱਸਾ ਚਾਹੁੰਦਾ ਹੈ।

ਬੇਸ਼ੱਕ, ਸਾਰੀਆਂ ਮਹਾਸ਼ਕਤੀਆਂ ਕਿਸੇ ਨਾ ਕਿਸੇ ਰੂਪ ਵਿਚ ਸ਼ਿਕਾਰ ਕਰਦੀਆਂ ਹਨ ਅਤੇ ਸਾਪੇਖਕ ਵਾਧੇ ਲਈ ਖਹਿਭੇੜ ਕਰਦੀਆਂ ਹਨ। ਸ਼ਰੀਕਾਂ ਨਾਲ ਨਜਿੱਠਦੇ ਸਮੇਂ ਸਾਰੇ ਸਟੇਟ ਕਿਸੇ ਵੀ ਸੌਦੇ ਵਿਚ ਬਿਹਤਰ ਸ਼ਰਤਾਂ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਜੋ ਚੀਜ਼ ਸ਼ਿਕਾਰੀ ਦਬਦਬੇ ਨੂੰ ਆਮ ਮਹਾਨ-ਸ਼ਕਤੀ ਵਰਤਾਓ ਤੋਂ ਅਲੱਗ ਕਰਦੀ ਹੈ, ਉਹ ਇਹ ਹੈ ਕਿ ਅਜਿਹਾ ਰਾਜ ਸਹਿਯੋਗੀਆਂ ਅਤੇ ਵਿਰੋਧੀਆਂ—ਦੋਵਾਂ—ਤੋਂ ਰਿਆਇਤਾਂ ਅਤੇ ਅਸਾਵੇਂ ਲਾਭ ਹਥਿਆਉਣ ਲਈ ਤਿਆਰ ਰਹਿੰਦਾ ਹੈ।

ਉਦਾਰ/ਕਲਿਆਣਕਾਰੀ ਧੌਂਸਬਾਜ਼ ਆਪਣੇ ਸਹਿਯੋਗੀਆਂ 'ਤੇ ਅਣਉਚਿਤ ਬੋਝ ਸਿਰਫ ਤਾਂ ਪਾਉਂਦਾ ਹੈ ਜਦੋਂ ਉਸਨੂੰ ਜ਼ਰੂਰੀ ਲੱਗਦਾ ਹੈ, ਕਿਉਂਕਿ ਉਹ ਮੰਨਦਾ ਹੈ ਕਿ ਉਸਦੇ ਭਾਈਵਾਲ ਖ਼ੁਸ਼ਹਾਲ ਹੋਣਗੇ ਤਾਂ ਉਸਦੀ ਸੁਰੱਖਿਆ ਅਤੇ ਖ਼ੁਸ਼ਹਾਲੀ ਵੀ ਵਧੇਗੀ। ਉਹ ਉਨ੍ਹਾਂ ਨਿਯਮਾਂ ਅਤੇ ਸੰਸਥਾਵਾਂ ਦਾ ਮਹੱਤਵ ਸਮਝਦਾ ਹੈ ਜੋ ਪਰਸਪਰ ਲਾਭਕਾਰੀ ਸਹਿਯੋਗ ਨੂੰ ਸੰਭਵ ਬਣਾਉਂਦੀਆਂ ਹਨ, ਦੂਜਿਆਂ ਨੂੰ ਵਾਜਬ ਲੱਗਦੀਆਂ ਹਨ, ਅਤੇ ਇੰਨੀਆਂ ਟਿਕਾਊ ਹੁੰਦੀਆਂ ਹਨ ਕਿ ਹੋਰ ਸਟੇਟ ਭਰੋਸਾ ਕਰ ਸਕਣ ਕਿ ਨਿਯਮ ਬਹੁਤ ਵਾਰ ਜਾਂ ਬਿਨਾਂ ਚੇਤਾਵਨੀ ਬਦਲੇ ਨਹੀਂ ਜਾਣਗੇ। ਅਜਿਹਾ ਧੌਂਸਬਾਜ਼ ਸਮਾਨ ਹਿੱਤ ਰੱਖਣ ਵਾਲੇ ਰਾਜਾਂ ਨਾਲ ਸਕਾਰਾਤਮਕ-ਜੋੜ (positive-sum) ਵਾਲੀ ਭਾਈਵਾਲੀ ਦਾ ਸਵਾਗਤ ਕਰਦਾ ਹੈ—ਜਿਵੇਂ ਕਿਸੇ ਸਾਂਝੇ ਦੁਸ਼ਮਣ ਨੂੰ ਕਾਬੂ ਵਿਚ ਰੱਖਣਾ—ਅਤੇ ਕਦੇ-ਕਦੇ ਦੂਜਿਆਂ ਨੂੰ ਅਸਮਾਨ ਰੂਪ ਵਿਚ ਵਧੇਰੇ ਲਾਭ ਲੈਣ ਵੀ ਦਿੰਦਾ ਹੈ, ਜੇਕਰ ਇਸ ਨਾਲ ਸਾਰਿਆਂ ਦੀ ਸਥਿਤੀ ਬਿਹਤਰ ਹੁੰਦੀ ਹੋਵੇ। ਦੂਜੇ ਸ਼ਬਦਾਂ ਵਿਚ, ਉਦਾਰ ਧੌਂਸਬਾਜ਼ ਕੇਵਲ ਆਪਣੀ ਸ਼ਕਤੀ-ਸਥਿਤੀ ਅੱਗੇ ਵਧਾਉਣ ਦੀ ਕੋਸ਼ਿਸ਼ ਨਹੀਂ ਕਰਦਾ, ਬਲਕਿ ਉਹ ਉਸ 'ਅਨੁਕੂਲ ਮਾਹੌਲ ਦੇ ਟੀਚੇ' ਵੀ ਲੈ ਕੇ ਚੱਲਦਾ ਹੈ ਜਿਨ੍ਹਾਂ ਦਾ ਜ਼ਿਕਰ ਅਰਥ-ਸ਼ਾਸਤਰੀ ਅਰਨੋਲਡ ਵੋਲਫਰਸ ਨੇ ਕੀਤਾ ਸੀ: ਯਾਨੀ ਅੰਤਰਰਾਸ਼ਟਰੀ ਮਾਹੌਲ ਨੂੰ ਇਸ ਤਰ੍ਹਾਂ ਢਾਲਣਾ ਕਿ ਸ਼ਕਤੀ ਦੇ ਨੰਗੇ ਇਸਤੇਮਾਲ ਦੀ ਘੱਟ ਜ਼ਰੂਰਤ ਪਵੇ।

ਇਸਦੇ ਉਲਟ, ਸ਼ਿਕਾਰੀ ਧੌਂਸਬਾਜ਼ ਆਪਣੇ ਭਾਈਵਾਲਾਂ ਦਾ ਉੰਨਾ ਹੀ ਸ਼ੋਸ਼ਣ ਕਰ ਸਕਦਾ ਹੈ ਜਿੰਨਾ ਉਹ ਕਿਸੇ ਵਿਰੋਧੀ ਦਾ ਕਰਦਾ ਹੈ। ਉਹ ਪਾਬੰਦੀਆਂ, ਵਿੱਤੀ ਦੰਡ, ਆਪਣੇ ਗੁਆਂਢੀ-ਨੂੰ-ਕੰਗਾਲ ਬਣਾਓ ਦੀਆਂ ਵਪਾਰ ਨੀਤੀਆਂ, ਮੁਦਰਾ ਹੇਰਾ-ਫੇਰੀ, ਅਤੇ ਹੋਰ ਆਰਥਕ ਦਬਾਅ ਦੇ ਸੰਦਾਂ ਦਾ ਇਸਤੇਮਾਲ ਕਰ ਸਕਦਾ ਹੈ ਤਾਂ ਜੋ ਦੂਜੇ ਮੁਲਕ ਵਪਾਰ ਦੀਆਂ ਸ਼ਰਤਾਂ ਉਸਦੇ ਪੱਖ ਵਿਚ ਸਵੀਕਾਰ ਕਰਨ ਜਾਂ ਗੈਰ-ਆਰਥਕ ਮੁੱਦਿਆਂ 'ਤੇ ਆਪਣਾ ਵਰਤਾਓ ਬਦਲਣ। ਉਹ ਫ਼ੌਜੀ ਸੁਰੱਖਿਆ ਨੂੰ ਆਪਣੀਆਂ ਆਰਥਕ ਮੰਗਾਂ ਨਾਲ ਜੋੜ ਦੇਵੇਗਾ ਅਤੇ ਉਮੀਦ ਕਰੇਗਾ ਕਿ ਗੱਠਜੋੜ ਭਾਈਵਾਲ ਉਸਦੀ ਵਿਆਪਕ ਬਦੇਸ਼-ਨੀਤੀ ਪਹਿਲਕਦਮੀਆਂ ਦੀ ਹਮਾਇਤ ਕਰਨ। ਕਮਜ਼ੋਰ ਰਾਜ ਅਜਿਹੇ ਦਬਾਅ ਸਹਿਣਗੇ ਜੇਕਰ ਉਹ ਵੱਡੇ ਬਾਜ਼ਾਰ ਤੱਕ ਪਹੁੰਚ ਲਈ ਅਤਿ-ਨਿਰਭਰ ਹੋਣ, ਜਾਂ ਜੇਕਰ ਉਨ੍ਹਾਂ ਨੂੰ ਦੂਜੇ ਰਾਜਾਂ ਤੋਂ ਵੱਡੇ ਖ਼ਤਰੇ ਹੋਣ ਅਤੇ ਇਸ ਲਈ ਉਨ੍ਹਾਂ ਨੂੰ ਧੌਂਸਬਾਜ਼ ਦੀ ਸੁਰੱਖਿਆ 'ਤੇ ਨਿਰਭਰ ਰਹਿਣਾ ਪਵੇ—ਭਾਵੇਂ ਉਸਦੇ ਨਾਲ ਸ਼ਰਤਾਂ ਜੁੜੀਆਂ ਹੋਣ।

ਕਿਉਂਕਿ ਸ਼ਿਕਾਰੀ ਧੌਂਸਬਾਜ਼ ਦੀ ਜਬਰਨ ਤਾਕਤ ਦੂਜਿਆਂ ਨੂੰ ਸਥਾਈ ਅਧੀਨਤਾ ਦੀ ਸਥਿਤੀ ਵਿਚ ਰੱਖ ਕੇ ਹੀ ਟਿਕਦੀ ਹੈ, ਉਸਦੇ ਆਗੂ ਆਪਣੇ ਪ੍ਰਭਾਵ-ਖੇਤਰ ਦੇ ਮੁਲਕਾਂ ਤੋਂ ਵਾਰ-ਵਾਰ, ਅਕਸਰ ਪ੍ਰਤੀਕਾਤਮਕ, ਅਧੀਨਤਾ ਦਿਖਾਉਣ ਦੀ ਉਮੀਦ ਕਰਨਗੇ। ਉਨ੍ਹਾਂ ਤੋਂ ਰਸਮੀ ਮਾਣ-ਸਨਮਾਨ ਦੇਣ ਦੀ ਮੰਗ ਕੀਤੀ ਜਾ ਸਕਦੀ ਹੈ ਜਾਂ ਉਨ੍ਹਾਂ ਨੂੰ ਖੁੱਲ੍ਹੇ ਤੌਰ 'ਤੇ ਧੌਂਸਬਾਜ਼ ਗੁਣਾਂ ਦੀ ਪ੍ਰਸ਼ੰਸਾ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ੰਸਾ ਦੇ ਅਜਿਹੇ ਰਸਮੀ ਪ੍ਰਗਟਾਵੇ ਵਿਰੋਧ ਨੂੰ ਨਿਰੁਤਸਾਹਿਤ ਕਰਦੇ ਹਨ—ਇਹ ਸੰਕੇਤ ਦੇ ਕੇ ਕਿ ਧੌਂਸਬਾਜ਼ ਬਹੁਤ ਸ਼ਕਤੀਸ਼ਾਲੀ ਹੈ ਅਤੇ ਉਸਦੇ ਖ਼ਿਲਾਫ਼ ਜਾਣਾ ਅਸੰਭਵ ਹੈ—ਅਤੇ ਉਸਨੂੰ ਆਪਣੇ ਮਤਹਿਤਾਂ ਨਾਲੋਂ ਵਧੇਰੇ ਸਿਆਣਾ ਦਿਖਾ ਕੇ ਇਹ ਧਾਰਨਾ ਬਣਾਉਂਦੇ ਹਨ ਕਿ ਉਸਨੂੰ ਹੁਕਮ ਦੇਣ ਦਾ ਅਧਿਕਾਰ ਹੈ।

ਸ਼ਿਕਾਰੀ ਦਬਦਬਾ ਕੋਈ ਨਵਾਂ ਵਰਤਾਰਾ ਨਹੀਂ ਹੈ। ਏਥਨਜ਼ ਨੇ ਆਪਣੇ ਸਾਮਰਾਜ ਵਿਚ ਕਮਜ਼ੋਰ ਨਗਰ-ਰਾਜਾਂ ਨਾਲ ਇਸੇ ਆਧਾਰ 'ਤੇ ਸੰਬੰਧ ਰੱਖੇ ਸਨ—ਦਬਦਬਾ ਜਿਸਨੂੰ ਉਸ ਦੌਰ ਦੇ ਪ੍ਰਮੁੱਖ ਏਥੇਨੀਅਨ ਆਗੂ ਪੇਰੀਕਲੀਜ਼ ਨੇ ਆਪ 'ਤਾਨਾਸ਼ਾਹੀ' ਕਿਹਾ ਸੀ। ਪੂਰਵ-ਆਧੁਨਿਕ ਪੂਰਬੀ ਏਸ਼ੀਆ ਦੀ ਸਿਨੋ-ਕੇਂਦਰਤ ਪ੍ਰਣਾਲੀ ਵੀ ਇਸੇ ਤਰ੍ਹਾਂ ਦੇ ਨਿਰਭਰਤਾ ਸੰਬੰਧਾਂ 'ਤੇ ਟਿਕੀ ਹੋਈ ਸੀ, ਜਿਨ੍ਹਾਂ ਵਿਚ ਸਨਮਾਨ ਅਤੇ ਰਸਮੀ ਅਧੀਨਤਾ ਸ਼ਾਮਲ ਸੀ—ਹਾਲਾਂਕਿ ਵਿਦਵਾਨ ਇਸ ਗੱਲ 'ਤੇ ਅਸਹਿਮਤ ਹਨ ਕਿ ਉਹ ਪ੍ਰਣਾਲੀ ਲਗਾਤਾਰ ਲੋਟੂ ਸੀ ਜਾਂ ਨਹੀਂ। ਬਸਤੀਵਾਦੀ ਸਾਮਰਾਜਾਂ—ਬੈਲਜੀਅਨ, ਬ੍ਰਿਟਿਸ਼, ਫਰਾਂਸੀਸੀ, ਪੁਰਤਗਾਲੀ ਅਤੇ ਸਪੇਨੀ—ਵਿਚ ਬਸਤੀਆਂ ਤੋਂ ਧਨ ਹਥਿਆਉਣ ਦੀ ਖ਼ਵਾਇਸ਼ ਕੇਂਦਰੀ ਤੱਤ ਸੀ। ਇਸੇ ਤਰ੍ਹਾਂ ਦੇ ਉਦੇਸ਼ ਨਾਜ਼ੀ ਜਰਮਨੀ ਦੇ ਮੱਧ ਅਤੇ ਪੂਰਬੀ ਯੂਰਪ ਦੇ ਵਪਾਰਕ ਭਾਈਵਾਲਾਂ ਨਾਲ ਇਕਪਾਸੜ ਆਰਥਕ ਸੰਬੰਧਾਂ ਵਿੱਚ, ਅਤੇ ਸੋਵੀਅਤ ਸੰਘ ਦੇ ਵਾਰਸਾ ਸੰਧੀ ਦੇ ਭਾਈਵਾਲਾਂ ਨਾਲ ਸੰਬੰਧਾਂ ਵਿਚ ਵੀ ਦਿਸੇ। ਇਹ ਮਿਸਾਲਾਂ ਕਈ ਮਹੱਤਵਪੂਰਨ ਪਹਿਲੂਆਂ ਵਿਚ ਵੱਖਰੀਆਂ ਹਨ, ਪਰ ਹਰ ਮਾਮਲੇ ਵਿਚ ਇੱਕ ਦਬਦਬਾਸ਼ਾਲੀ ਸ਼ਕਤੀ ਨੇ ਕਮਜ਼ੋਰ ਭਾਈਵਾਲਾਂ ਦਾ ਇਸਤੇਮਾਲ ਕਰਕੇ ਆਪਣੇ ਲਈ ਅਸਾਵੇਂ ਲਾਭ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ—ਭਾਵੇਂ ਇਹ ਯਤਨ ਹਮੇਸ਼ਾ ਸਫ਼ਲ ਨਾ ਰਹੇ ਹੋਣ, ਅਤੇ ਕੁਝ 'ਗਾਹਕ' (clients) ਹਾਸਲ ਕਰਨ ਅਤੇ ਬਚਾਈ ਰੱਖਣ ਵਿਚ ਜਿੰਨਾ ਖ਼ਰਚ ਹੋਇਆ, ਉੰਨਾ ਲਾਭ ਉਨ੍ਹਾਂ ਨੇ ਨਾ ਦਿੱਤਾ ਹੋਵੇ।

ਸੰਖੇਪ ਵਿਚ, ਸ਼ਿਕਾਰੀ ਧੌਂਸਬਾਜ਼ ਸਾਰੇ ਦੁਵੱਲੇ ਸੰਬੰਧਾਂ ਨੂੰ ਸੁਭਾਵਿਕ ਤੌਰ 'ਤੇ ਕੁਲ-ਜੋੜ ਸਿਫ਼ਰ ਮੰਨਦਾ ਹੈ ਅਤੇ ਹਰੇਕ ਤੋਂ ਵੱਧ ਤੋਂ ਵੱਧ ਲਾਭ ਕੱਢਣਾ ਚਾਹੁੰਦਾ ਹੈ। ਉਸਦਾ ਮਾਰਗਦਰਸ਼ਕ ਸੂਤਰ ਕੁਝ ਇੰਝ ਹੈ: 'ਜੋ ਮੇਰਾ ਹੈ ਉਹ ਮੇਰਾ ਹੈ; ਅਤੇ ਜੋ ਤੁਹਾਡਾ ਹੈ, ਉਹ ਗੱਲਬਾਤ ਯੋਗ ਹੈ।' ਮੌਜੂਦਾ ਸਮਝੌਤਿਆਂ ਦਾ ਆਪਣੇ-ਆਪ ਵਿਚ ਕੋਈ ਮੁੱਲ ਜਾਂ ਵਾਜਬੀਅਤ ਨਹੀਂ ਹੁੰਦੀ; ਜੇਕਰ ਉਹ ਕਾਫ਼ੀ ਅਸਾਵੇਂ ਲਾਭ ਨਾ ਦੇਣ ਤਾਂ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ ਜਾਂ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ। ਬੇਸ਼ੱਕ ਕੁਝ ਸ਼ਿਕਾਰੀ ਯਤਨ ਅਸਫ਼ਲ ਵੀ ਹੋ ਸਕਦੇ ਹਨ ਅਤੇ ਸਭ ਤੋਂ ਸ਼ਕਤੀਸ਼ਾਲੀ ਰਾਜ ਵੀ ਦੂਜਿਆਂ ਤੋਂ ਸਭ ਕੁਝ ਨਹੀਂ ਕੱਢ ਸਕਦੇ। ਪਰ ਸ਼ਿਕਾਰੀ ਧੌਂਸਬਾਜ਼ ਲਈ ਭਾਰੂ ਟੀਚਾ ਇਹੀ ਹੁੰਦਾ ਹੈ ਕਿ ਉਹ ਉਨ੍ਹਾਂ ਹੱਦਾਂ ਨੂੰ ਜਿੰਨਾ ਹੋ ਸਕੇ ਓਨਾ ਹੀ ਅੱਗੇ ਧੱਕੇ।

## ਦਾਅ ਵਧਾਉਣਾ

ਟਰੰਪ ਦੀ ਬਦੇਸ਼ ਨੀਤੀ ਦਾ ਸ਼ਿਕਾਰੀ ਸੁਭਾਅ ਸਭ ਤੋਂ ਉੱਘੜਵੇਂ ਰੂਪ ਵਿਚ ਉਸ ਦੇ ਵਪਾਰ ਘਾਟਿਆਂ (trade deficits) ਪ੍ਰਤੀ ਜਨੂੰਨ ਅਤੇ ਟੈਰਿਫ਼ਾਂ ਰਾਹੀਂ ਆਰਥਕ ਲਾਭ ਨੂੰ ਵਾਸ਼ਿੰਗਟਨ ਦੇ ਪੱਖ ਵਿਚ ਮੁੜ-ਵੰਡਣ ਦੀਆਂ ਕੋਸ਼ਿਸ਼ਾਂ ਵਿਚ ਦਿਸਦਾ ਹੈ। ਟਰੰਪ ਵਾਰ-ਵਾਰ ਕਹਿ ਚੁੱਕਾ ਹੈ ਕਿ ਵਪਾਰ ਘਾਟੇ 'ਲੁੱਟ' ਹਨ ਅਤੇ ਲੁੱਟ-ਮਾਰ ਦਾ ਇੱਕ ਰੂਪ ਹਨ; ਉਸ ਦੇ ਨਜ਼ਰੀਏ ਵਿਚ, ਜਿਨ੍ਹਾਂ ਮੁਲਕਾਂ ਕੋਲ ਵਪਾਰ ਵਾਫ਼ਰ (surplus) ਹੁੰਦਾ ਹੈ ਉਹ 'ਜਿੱਤ' ਰਹੇ ਹੁੰਦੇ ਹਨ, ਕਿਉਂਕਿ ਸੰਯੁਕਤ ਰਾਜ ਅਮਰੀਕਾ ਉਨ੍ਹਾਂ ਨੂੰ ਜਿੰਨਾ ਭੁਗਤਾਨ ਕਰਦਾ ਹੈ, ਓਨਾ ਉਹ ਵਾਸ਼ਿੰਗਟਨ ਨੂੰ ਨਹੀਂ ਦਿੰਦੇ। ਇਸ ਲਈ ਟਰੰਪ ਨੇ ਜਾਂ ਤਾਂ ਉਨ੍ਹਾਂ ਮੁਲਕਾਂ 'ਤੇ ਟੈਰਿਫ਼ ਲਗਾਏ—ਕਥਿਤ ਤੌਰ 'ਤੇ ਅਮਰੀਕੀ ਨਿਰਮਾਤਾਵਾਂ ਦੀ ਰੱਖਿਆ ਕਰਨ ਲਈ ਬਦੇਸ਼ੀ ਵਸਤਾਂ ਨੂੰ ਮਹਿੰਗਾ ਬਣਾ ਕੇ (ਹਾਲਾਂਕਿ ਟੈਰਿਫ਼ ਦੇ ਮੁੱਲ ਦਾ ਵੱਡਾ ਹਿੱਸਾ ਅਮਰੀਕੀ ਖ਼ਪਤਕਾਰ ਹੀ ਚੁਕਾਉਂਦੇ ਹਨ)—ਜਾਂ ਫਿਰ ਅਜਿਹੇ ਟੈਰਿਫ਼ ਦੀ ਧਮਕੀ ਦੇ ਕੇ ਬਦੇਸ਼ੀ ਸਰਕਾਰਾਂ ਅਤੇ ਕੰਪਨੀਆਂ ਨੂੰ ਮਜਬੂਰ ਕੀਤਾ ਕਿ ਉਹ ਰਾਹਤ ਦੇ ਬਦਲੇ ਅਮਰੀਕਾ ਵਿਚ ਪੂੰਜੀ-ਨਿਵੇਸ਼ ਕਰਨ।

**(ਚਲਦਾ)**

# ਕੈਨੇਡੀਅਨ ਤੇਲ ਕਿਊਬਾ ਨੂੰ ਭੇਜੋ

ਅਮਰੀਕਾ ਦੀ ਘੇਰਾਬੰਦੀ ਕਾਰਨ ਕਿਊਬਾ ਵਿਚ ਸਥਿਤੀ ਵਿਗੜ ਰਹੀ ਹੈ। ਇਸ ਦੇ ਨਾਲ ਹੀ ਕੈਨੇਡਾ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿਚ ਕਿਊਬਾ ਦੇ ਹੱਕ ਵਿਚ ਅਵਾਜ਼ ਬੁਲੰਦ ਹੋ ਰਹੀ ਹੈ। ਉਦਾਹਰਨ ਲਈ 11 ਫਰਵਰੀ ਨੂੰ ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ (ਕੱਪ ਡਬਲਿਊ-CUPW) ਨੇ ਅਮਰੀਕਾ ਵਲੋਂ ਕਿਊਬਾ ਦੀ ਕੀਤੀ ਜਾ ਰਹੀ ਘੇਰਾਬੰਦੀ ਦੀ ਨਿਖੇਧੀ ਕੀਤੀ ਹੈ ਅਤੇ ਕਿਊਬਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ। ਇਸੇ ਹੀ ਤਰ੍ਹਾਂ 13 ਫਰਵਰੀ ਨੂੰ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ (ਕਿਊਪੀ-CUPE) ਨੇ ਕਿਊਬਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ, ਅਮਰੀਕਾ ਦੇ ਐਕਸ਼ਨ ਦੀ ਨਿਖੇਧੀ ਕੀਤੀ ਅਤੇ ਕੈਨੇਡਾ ਦੀ ਸਰਕਾਰ ਤੋਂ ਮੰਗ ਕੀਤੀ ਕਿ ਉਹ ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰੇ ਅਤੇ ਕਿਊਬਾ ਨਾਲ ਆਪਣੇ ਵਪਾਰਕ ਸੰਬੰਧ ਕਾਇਮ ਰੱਖੇ। ਕੈਨੇਡਾ ਦੇ ਕਈ ਲੋਕਾਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਕਿਊਬਾ ਨੂੰ ਤੇਲ ਭੇਜੇ। ਇਸ ਸੰਬੰਧ ਵਿਚ ਕੈਨੇਡੀਅਨ ਸੈਂਟਰ ਫਾਰ ਪੌਲਿਸੀ ਆਲਟਰਨੇਟਿਵ ਦੇ ਸੀਨੀਅਰ ਕਮਿਊਨੀਕੇਸ਼ਨ ਸਪੈਸ਼ਲਿਸਟ ਜੋਨ ਮਿਲਟਨ ਵਲੋਂ 12 ਫਰਵਰੀ ਨੂੰ ਲਿਖੇ ਇਕ ਆਰਟੀਕਲ 'ਸੈਂਡ ਕੈਨੇਡੀਅਨ ਓਇਲ ਟੂ ਕਿਊਬਾ' ਦਾ ਪੰਜਾਬੀ ਅਨੁਵਾਦ ਸੁਖਵੰਤ ਹੁੰਦਲ ਨੇ ਕੀਤਾ ਹੈ।

**ਲੇਖਕ: ਜੋਨ ਮਿਲਟਨ**
**ਅਨੁਵਾਦ: ਸੁਖਵੰਤ ਹੁੰਦਲ**

29 ਜਨਵਰੀ ਨੂੰ, ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਨਸੀ ਸ਼ੋਸ਼ਣ ਲਈ ਬੱਚਿਆਂ ਦੀ ਤਸਕਰੀ ਕਰਨ ਵਾਲੇ ਜੈਫਰੀ ਐਪਸਟੀਨ ਨਾਲ ਆਪਣੇ ਚੰਗੀ ਤਰ੍ਹਾਂ ਰਿਕਾਰਡ ਕੀਤੇ ਗਏ ਸੰਬੰਧਾਂ ਬਾਰੇ ਇਨਕਾਰ ਕਰਨ ਤੋਂ ਬ੍ਰੇਕ ਲੈ ਕੇ ਇੱਕ ਨਵਾਂ ਰਾਸ਼ਟਰਪਤੀ ਹੁਕਮ ਜਾਰੀ ਕੀਤਾ, ਜਿਸ ਵਿਚ ਕਿਊਬਾ ਵੱਲੋਂ ਪੈਦਾ ਹੋਏ 'ਅਸਧਾਰਨ ਅਤੇ ਵਿਲੱਖਣ ਖ਼ਤਰੇ' ਬਾਰੇ ਐਮਰਜੈਂਸੀ ਦੀ ਸਥਿਤੀ ਘੋਸ਼ਿਤ ਕੀਤੀ ਗਈ। ਇਸ ਦਸਤਾਵੇਜ਼ ਵਿਚ ਕਈ ਹਾਸੋ-ਹੀਣੇ ਅਤੇ ਸਪੱਸ਼ਟ ਤੌਰ 'ਤੇ ਝੂਠੇ ਦਾਅਵੇ ਦਰਜ ਕੀਤੇ ਗਏ ਹਨ, ਜਿਵੇਂ ਕਿ ਕਿਊਬਾ ਹਿਜ਼ਬੁੱਲਾਹ ਅਤੇ ਹਮਾਸ ਲਈ ਸਟੇਜਿੰਗ ਗ੍ਰਾਊਂਡ (ਮੁਢਲੇ ਖੇਤਰ) ਵਜੋਂ ਕੰਮ ਕਰਦਾ ਹੈ। ਇਨ੍ਹਾਂ ਦਾਅਵਿਆਂ ਦੀ ਵਰਤੋਂ ਕਰਕੇ ਇਹ ਫੈਸਲਾ ਜਾਇਜ਼ ਠਹਿਰਾਇਆ ਗਿਆ ਕਿ ਅਮਰੀਕਾ ਦੀ ਸਰਕਾਰ ਕਿਸੇ ਵੀ ਉਸ ਦੇਸ਼ ਉੱਤੇ ਸਖ਼ਤ ਟੈਰਿਫ ਲਾਏਗੀ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਊਬਾ ਨੂੰ ਤੇਲ ਵੇਚੇਗਾ।

ਇਹ ਕਦਮ ਸੰਯੁਕਤ ਰਾਜ ਅਮਰੀਕਾ ਵਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਅਗਵਾ ਕਰਨ ਦੀ ਕਾਰਵਾਈ, ਜਿਸ ਵਿਚ ਕਿਊਬਾ ਦੇ 32 ਫੌਜੀ ਮਾਰੇ ਗਏ ਸਨ, ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਚੁੱਕਿਆ ਗਿਆ ਹੈ। ਵੈਨੇਜ਼ੁਏਲਾ ਦੀ ਅੰਤਰਿਮ ਰਾਸ਼ਟਰਪਤੀ ਡੈਲਸੀ ਰੋਡਰਿਗੇਜ਼ ਦਾ ਦਾਅਵਾ ਹੈ ਕਿ ਅਮਰੀਕਾ ਉਸ ਨੂੰ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਮਾਰਨ ਦੀ ਧਮਕੀ ਦੇ ਰਿਹਾ ਹੈ ਜੇ ਉਹ ਅਮਰੀਕਾ ਦੀਆਂ ਸਾਰੀਆਂ ਮੰਗਾਂ ਨਾ ਮੰਨਣ, ਜਿਨ੍ਹਾਂ ਵਿਚ ਕਿਊਬਾ ਨੂੰ ਤੇਲ ਸਪਲਾਈ ਖਤਮ ਕਰਨਾ ਵੀ ਸ਼ਾਮਲ ਹੈ, ਅਤੇ ਵੈਨੇਜ਼ੁਏਲਾ ਦੀ ਸਰਕਾਰ ਨੇ ਇਸ ਨੂੰ ਮੰਨ ਲਿਆ ਹੈ।

ਇਸ ਤੋਂ ਬਾਅਦ ਵੈਨੇਜ਼ੁਏਲਾ ਦੇ ਨਾਲ ਕਿਊਬਾ ਨੂੰ ਵੱਡੀ ਪੱਧਰ 'ਤੇ ਤੇਲ ਸਪਲਾਈ ਕਰਨ ਵਾਲੇ ਮੈਕਸੀਕੋ ਨੇ ਵੀ ਕਿਊਬਾ ਨੂੰ ਤੇਲ ਦੀਆਂ ਸ਼ਿੱਪਮੈਂਟਾਂ ਬੰਦ ਕਰ ਦਿੱਤੀਆਂ ਹਨ। ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਊਮ ਦੇ ਇਸ ਦਾਅਵੇ ਦੇ ਬਾਵਜੂਦ ਕਿ ਇਹ ਉਨ੍ਹਾਂ ਦਾ 'ਖੁਦ ਮੁਖਤਾਰ (ਸੌਵਰਨ) ਫੈਸਲਾ' ਹੈ, ਇਹ ਸਪੱਸ਼ਟ ਤੌਰ 'ਤੇ ਅਮਰੀਕਾ ਦੇ ਦਬਾਅ ਅਤੇ ਧਮਕੀਆਂ ਦਾ ਨਤੀਜਾ ਹੈ, ਕਿਉਂਕਿ ਅਮਰੀਕਾ ਨੇ ਹਾਲ ਹੀ ਵਿਚ ਮੈਕਸੀਕੋ ਵਿਰੁੱਧ ਫੌਜੀ ਕਾਰਵਾਈ ਕਰਨ ਦੀ ਯੋਜਨਾ ਦਾ ਸੰਕੇਤ ਦਿੱਤਾ ਹੈ। ਮੈਕਸੀਕੋ ਨੇ ਕਿਊਬਾ ਨੂੰ ਮਨੁੱਖੀ ਸਹਾਇਤਾ ਭੇਜੀ ਹੈ, ਪਰ ਉਸ ਨੂੰ ਦੁਬਾਰਾ ਤੇਲ ਸਪਲਾਈ ਕਰਨਾ ਸ਼ੁਰੂ ਨਹੀਂ ਕੀਤਾ, ਇਸ ਦਾਅਵੇ ਦੇ ਬਾਵਜੂਦ ਕਿ ਉਹ ਅਜਿਹਾ ਕਰਨ ਲਈ ਕੂਟਨੀਤਕ (ਡਿਪਲੋਮੈਟਕ) ਹੱਲ ਲੱਭ ਰਹੇ ਹਨ। ਵੈਨੇਜ਼ੁਏਲਾ ਅਤੇ ਮੈਕਸੀਕੋ ਨੂੰ ਮਿਲਾ ਕੇ, ਕਿਊਬਾ ਦੇ ਤੇਲ ਆਯਾਤ ਦਾ 75 ਫੀਸਦੀ ਤੋਂ ਵੱਧ ਹਿੱਸਾ ਇੱਕ ਮਹੀਨੇ ਵਿਚ ਗਾਇਬ ਹੋ ਗਿਆ ਹੈ।

ਕਿਊਬਾ ਵਿਚ ਸਥਿਤੀ ਬਹੁਤ ਗੰਭੀਰ ਹੈ। ਪਹਿਲਾਂ ਹੀ ਟਰੰਪ ਦੇ ਪਹਿਲੇ ਕਾਰਜਕਾਲ ਵਿਚ ਅਮਰੀਕਾ ਦੇ ਆਰਥਿਕ ਬਲੌਕੇਡ ਵਧਣ ਤੋਂ ਬਾਅਦ (ਜੋ ਬਾਈਡਨ ਅਧੀਨ ਜਾਰੀ ਰਿਹਾ) ਬ੍ਰੇਕਿੰਗ ਪੁਆਇੰਟ (ਟੁੱਟਣ ਦੀ ਹੱਦ) ਤੱਕ ਪਹੁੰਚ ਚੁੱਕੇ ਇਸ ਦੇਸ਼ ਵਿਚ ਹੁਣ ਰੋਜ਼ਾਨਾ 16 ਘੰਟੇ ਤੱਕ ਬਿਜਲੀ ਦੇ ਕੱਟ ਲਗਾਏ ਜਾ ਰਹੇ ਹਨ। ਫਿਊਲ (ਤੇਲ ਅਤੇ ਊਰਜਾ ਦੇ ਹੋਰ ਸ੍ਰੋਤਾਂ) ਦੀ ਕਮੀ ਵਿਆਪਕ ਹੈ—ਅਤੇ ਖਾਣੇ ਦੀ ਕਮੀ ਵੀ ਵਧ ਰਹੀ ਹੈ। ਫਿਊਲ ਦੀ ਘਾਟ ਕਾਰਨ ਸਥਾਨਕ ਖੇਤੀਬਾੜੀ ਦੇ ਢਹਿ-ਢੇਰੀ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ, ਜੋ ਟਾਪੂ (ਕਿਊਬਾ) ਨੂੰ ਕਾਲ ਵੱਲ ਧੱਕ ਸਕਦੀ ਹੈ। ਹਸਪਤਾਲ ਜਨਰੇਟਰਾਂ 'ਤੇ ਚੱਲ ਰਹੇ ਹਨ ਅਤੇ ਫਿਊਲ ਖਤਮ ਹੋ ਰਿਹਾ ਹੈ। ਸੰਭਵ ਹੈ ਕਿ ਪਹਿਲਾਂ ਹੀ ਲੋਕ ਕਿਊਬਾ ਵਲੋਂ ਕੀਤੀ ਕਿਸੇ ਭੜਕਾਹਟ ਦੀ ਕਾਰਵਾਈ ਤੋਂ ਬਿਨਾਂ ਬਲੌਕੇਡ ਵਿਚ ਕੀਤੇ ਇਸ ਵਾਧੇ ਦੇ ਨਤੀਜੇ ਵਜੋਂ ਮਰ ਰਹੇ ਹਨ।

ਕੈਨੇਡਾ, ਅਮਰੀਕਾ ਨੂੰ ਇੱਕ ਛੋਟੇ ਅਤੇ ਸ਼ਾਂਤੀਪੂਰਨ ਦੇਸ਼ ਨੂੰ ਬਿਨਾਂ ਕਿਸੇ ਕਾਰਨ, ਸਿਰਫ ਅਮਰੀਕਾ ਦੇ ਸੀਨੀਅਰ ਅਧਿਕਾਰੀਆਂ ਦੀਆਂ ਇੱਛਾਵਾਂ ਕਰਕੇ, ਤਬਾਹ ਨਹੀਂ ਕਰਨ ਦੇ ਸਕਦਾ। ਇਸ ਮਾਮਲੇ ਵਿਚ ਅਮਰੀਕਾ ਦੇ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਦੀਆਂ ਇੱਛਾਂਵਾਂ ਕਰਕੇ, ਜੋ ਸਪੱਸ਼ਟ ਤੌਰ 'ਤੇ ਟਰੰਪ ਨੂੰ ਇਸ ਫਾਈਲ ਬਾਰੇ ਜਾਣਕਾਰੀ ਦਿੱਤੇ ਬਿਨਾਂ ਆਪਣੇ ਆਪ ਕੰਮ ਕਰ ਰਿਹਾ ਹੈ।

ਕੈਨੇਡਾ ਅਤੇ ਕਿਊਬਾ ਵਿਚਕਾਰ ਕੂਟਨੀਤਕ ਸੰਬੰਧਾਂ ਅਤੇ ਦੋਸਤੀ ਦਾ ਇਕ ਲੰਮਾ ਇਤਿਹਾਸ ਹੈ; ਕੈਨੇਡਾ ਉਨ੍ਹਾਂ ਗਿਣਤੀ ਦੇ ਦੇਸ਼ਾਂ ਵਿਚੋਂ ਇੱਕ ਹੈ ਜਿਨ੍ਹਾਂ ਨੇ ਕਦੇ ਵੀ ਕਿਊਬਾ ਨਾਲ ਕੂਟਨੀਤਕ ਸੰਬੰਧ ਖਤਮ ਨਹੀਂ ਕੀਤੇ। ਕੈਨੇਡਾ ਦੇ ਲੋਕ ਕੈਰੇਬੀਅਨ ਜਾਂ ਸੈਂਟਰਲ ਅਮਰੀਕਾ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਕਿਊਬਾ ਨੂੰ ਜਾਂਦੇ ਹਨ, ਅਤੇ ਕੈਨੇਡਾ ਕਿਊਬਾ ਦਾ ਵਿਦੇਸ਼ੀ ਨਿਵੇਸ਼ ਲਈ ਦੂਜਾ ਸਭ ਤੋਂ ਵੱਡਾ ਸਰੋਤ ਹੈ। ਇੱਥੋਂ ਤੱਕ ਕਿ ਕਿਊਬਾ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮੈਨੀਟੋਬਾ ਦੇ ਆਦਿਵਾਸੀ ਭਾਈਚਾਰਿਆਂ ਵਿਚ ਡਾਕਟਰਾਂ ਦੀ ਟੁਕੜੀ ਭੇਜਣ ਦੀ ਪੇਸ਼ਕਸ਼ ਵੀ ਕੀਤੀ ਸੀ ਤਾਂ ਜੋ ਸਥਾਨਕ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਘਟਾਇਆ ਜਾ ਸਕੇ।

ਕੈਨੇਡਾ, ਦੁਨੀਆ ਦੇ ਲਗਭਗ ਸਾਰੇ ਹੋਰ ਦੇਸ਼ਾਂ ਵਾਂਗ, ਕਿਊਬਾ ਵਿਰੁੱਧ ਅਮਰੀਕਾ ਦੇ ਦਹਾਕਿਆਂ ਤੋਂ ਚੱਲ ਰਹੇ ਬਲੌਕੇਡ ਦਾ ਰਸਮੀ ਵਿਰੋਧ ਕਰਦਾ ਹੈ। ਹੁਣ ਇਸ ਵਿਰੋਧ ਨੂੰ ਅਮਲ ਵਿਚ ਲਿਆਉਣ ਦਾ ਸਮਾਂ ਹੈ।

### ਬਲੌਕੇਡ

ਸਯੁੰਕਤ ਰਾਜ ਅਮਰੀਕਾ ਨੇ ਕਿਊਬਾ ਵਿਚ 1959 ਦੇ ਇਨਕਲਾਬ ਤੋਂ ਥੋੜ੍ਹੇ ਸਮੇਂ ਬਾਅਦ ਕਿਊਬਾ ਦੀ ਆਰਥਕ ਘੇਰਾਬੰਦੀ ਸ਼ੁਰੂ ਕੀਤੀ। ਨਾਕਾਬੰਦੀ (ਇੰਬਾਰਗੋ) ਕਈ ਨੀਤੀਆਂ ਦਾ ਸਮੂਹ ਹੈ ਜੋ ਕਿਊਬਾ ਨੂੰ ਵਿਸ਼ਵ ਆਰਥਕਤਾ ਤੱਕ ਪਹੁੰਚ ਕਰਨ ਤੋਂ ਰੋਕਦੀਆਂ ਹਨ।

ਕਹਿਣ ਨੂੰ ਇਹ ਕਿਊਬਾ ਵਲੋਂ ਅਮਰੀਕਾ ਦੇ ਕਾਰੋਬਾਰਾਂ ਦੀਆਂ ਜਾਇਦਾਦਾਂ ਦੇ ਰਾਸ਼ਟਰੀਕਰਨ ਕਰਨ ਦੀ ਸਜ਼ਾ ਵਜੋਂ ਲਗਾਈਆਂ ਗਈਆਂ ਸਨ, ਜਿਹੜੇ ਪਹਿਲਾਂ ਦੇਸ਼ ਦੀਆਂ 40 ਫੀਸਦੀ ਸ਼ੂਗਰ ਪਲਾਂਟੇਸ਼ਨਾਂ, 80 ਫੀਸਦੀ ਯੂਟਿਲਿਟੀਆਂ ਅਤੇ 90 ਫੀਸਦੀ ਖਾਣਾਂ 'ਤੇ ਕੰਟਰੋਲ ਕਰਦੇ ਸਨ। ਇਨਕਲਾਬ ਤੋਂ ਪਹਿਲਾਂ ਲਗਭਗ ਪੂਰੇ ਦਾ ਪੂਰਾ ਟੂਰਿਜ਼ਮ ਸੈਕਟਰ ਅਮਰੀਕਾ ਦੇ ਮਾਫੀਆ ਦੇ ਕਬਜ਼ੇ ਵਿਚ ਸੀ, ਜੋ ਅਮਰੀਕਾ ਦੇ ਸਮਰਥਨ ਵਾਲੇ ਤਾਨਾਸ਼ਾਹ ਫੁਲਜੈਂਸੀਓ ਬਤੀਸਤਾ ਦੇ ਰਾਜ ਪਿੱਛੇ ਕੰਮ ਕਰਦੀ ਅਸਲ ਸੱਤਾ ਸੀ ਅਤੇ ਕਿਊਬਾ ਨੂੰ ਅਮਰੀਕਾ ਦੇ ਵੇਸਵਾਵਾਂ ਦੇ ਕੋਠੇ (ਬਰੌਥਲ) ਵਜੋਂ ਚਲਾਉਂਦਾ ਸੀ।

ਬਲੌਕੇਡ ਰਸਮੀ ਤੌਰ 'ਤੇ 1962 ਵਿਚ ਜੌਹਨ ਐਫ. ਕੈਨੇਡੀ ਅਧੀਨ ਰਾਸ਼ਟਰਪਤੀ ਦੇ ਫਰਮਾਨ ਨਾਲ ਸ਼ੁਰੂ ਹੋਇਆ ਅਤੇ ਉਸ ਦੇ ਉੱਤਰਾਧਿਕਾਰੀ ਲਿਨਡਨ ਜੌਹਨਸਨ ਅਧੀਨ ਹੋਰ ਵਧ ਗਿਆ, ਜਿਸ ਨੇ ਦੁਨੀਆ ਦੇ ਜ਼ਿਆਦਾਤਰ ਹਿੱਸੇ—ਖਾਸ ਕਰਕੇ ਲਾਤੀਨੀ ਅਮਰੀਕਾ ਵਿਚ ਅਮਰੀਕਾ ਦੇ ਸਮਰਥਨ ਵਾਲੀਆਂ ਤਾਨਾਸ਼ਾਹੀਆਂ—ਨੂੰ ਕਿਊਬਾ ਨਾਲ ਸੰਬੰਧ ਤੋੜਨ ਲਈ ਮਨਾਇਆ। 1980ਵਿਆਂ ਵਿਚ ਰੌਨਾਲਡ ਰੇਗਨ ਨੇ ਕਿਊਬਾ ਨੂੰ ਪਹਿਲੀ ਵਾਰ ਦਹਿਸ਼ਤਵਾਦ ਨੂੰ ਸਪਾਂਸਰ ਕਰਨ ਵਾਲੇ ਦੇਸ਼ਾਂ (ਸਟੇਟ ਸਪਾਂਸਰਜ਼ ਆਫ ਟੈਰਰ -ਐੱਸ ਐੱਸ ਓ ਟੀ) ਦੀ ਸੂਚੀ ਵਿਚ ਸ਼ਾਮਲ ਕੀਤਾ। ਅਜਿਹਾ ਕਰਨ ਲਈ ਉਸ ਨੇ ਇਹ ਦਲੀਲ ਦਿੱਤੀ ਕਿ ਕਿਊਬਾ ਲਾਤੀਨੀ ਅਮਰੀਕਾ ਵਿਚ ਖੱਬੇਪੱਖੀ ਵਿਦਰੋਹੀ ਗਰੁੱਪਾਂ ਨੂੰ ਸਮਰਥਨ ਦਿੰਦਾ ਹੈ (ਅਸਲ ਵਿਚ ਉਸ ਸਮੇਂ ਅਮਰੀਕਾ ਖੁਦ ਨਿਕਾਰਾਗੁਆ ਵਿਚ ਕੌਂਟਰਾਜ਼ ਨਾਂ ਦੇ ਇੱਕ ਬਦਨਾਮ ਦਹਿਸ਼ਤਵਾਦੀ ਗਰੁੱਪ ਦਾ ਸਮਰਥਨ ਕਰ ਰਿਹਾ ਸੀ ਅਤੇ ਗੁਆਟੇਮਾਲਾ ਵਿਚ ਮਾਇਆ ਮੂਲਵਾਸੀ ਭਾਈਚਾਰਿਆਂ ਦੀ ਨਸਲਕੁਸ਼ੀ ਵਿਚ ਸਹਾਇਤਾ ਕਰ ਰਿਹਾ ਸੀ)। ਐੱਸ ਐੱਸ ਓ ਟੀ ਦੀ ਸ਼੍ਰੇਣੀ ਵਿਚ ਨਾਮਜ਼ਦ ਕੀਤੇ ਜਾਣ ਦੇ ਕਈ ਮਹੱਤਵਪੂਰਨ ਅਸਰ ਪੈਂਦੇ ਹਨ, ਜਿਵੇਂ ਕਿ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਅਮਰੀਕਾ ਵਿਚ ਦਾਖਲੇ



'ਤੇ ਪਾਬੰਦੀ ਲਾਉਣਾ, ਜਿਹੜੇ ਹਾਲ ਹੀ ਵਿਚ ਕਿਊਬਾ ਗਏ ਹੋਣ।

ਕਿਊਬਾ ਦੇ ਮੁੱਖ ਵਪਾਰਕ ਭਾਈਵਾਲ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਤੋਂ ਬਾਅਦ 'ਸਪੈਸ਼ਲ ਪੀਰੀਅਡ' ਦੇ ਨਾਂ ਨਾਲ ਜਾਣੇ ਜਾਂਦੇ ਕਿਊਬਾ ਵਿਚ ਆਰਥਿਕ ਸੰਕਟ ਦੇ ਦੌਰ ਦੌਰਾਨ ਸੰਯੁਕਤ ਰਾਜ ਨੇ ਆਪਣਾ ਬਲੌਕੇਡ ਹੋਰ ਸਖ਼ਤ ਕਰ ਦਿੱਤਾ। ਇਸ ਨੇ ਹੈਲਮਜ਼-ਬਰਟਨ ਐਕਟ ਅਤੇ ਅਖੌਤੀ ਕਿਊਬਨ ਡੈਮੋਕਰੇਸੀ ਐਕਟ ਪਾਸ ਕੀਤੇ, ਜਿਨ੍ਹਾਂ ਨਾਲ ਬਲੌਕੇਡ ਪਹਿਲੀ ਵਾਰ ਰਾਸ਼ਟਰਪਤੀ ਫਰਮਾਨ ਦੀ ਬਜਾਏ ਕਾਨੂੰਨ ਦਾ ਹਿੱਸਾ ਬਣ ਗਿਆ। ਇਨ੍ਹਾਂ ਕਾਨੂੰਨਾਂ ਨੇ ਅਮਰੀਕੀ ਕੰਪਨੀਆਂ ਦੀਆਂ ਵਿਦੇਸ਼ੀ ਸਹਾਇਕ ਕੰਪਨੀਆਂ 'ਤੇ ਕਿਊਬਾ ਨਾਲ ਵਪਾਰ ਕਰਨ ਤੋਂ ਰੋਕ ਲਾ ਦਿੱਤੀ (ਪਹਿਲਾਂ ਇਸ ਤੋਂ ਛੋਟ ਸੀ)। ਇਸ ਨੇ ਕਿਊਬਾ ਵਿਚ ਡੌਕ ਹੋਏ ਕਿਸੇ ਵੀ ਅੰਤਰਰਾਸ਼ਟਰੀ ਵਪਾਰਕ ਜਹਾਜ਼ (ਇੰਟਰਨੈਸ਼ਨਲ ਮਰਚੈਂਟ ਸ਼ਿੱਪ) 'ਤੇ 6 ਮਹੀਨਿਆਂ ਲਈ ਅਮਰੀਕਾ ਦੀਆਂ ਬੰਦਰਗਾਹਾਂ 'ਤੇ ਆਉਣ 'ਤੇ ਰੋਕ ਲਾ ਦਿੱਤੀ। ਨਤੀਜੇ ਵਜੋਂ ਕੰਪਨੀਆਂ ਨੂੰ ਅਮਰੀਕਾ ਦੀ ਵੱਡੀ ਮੰਡੀ ਅਤੇ ਕਿਊਬਾ ਦੀ ਛੋਟੀ ਮੰਡੀ ਵਿਚਕਾਰ ਚੋਣ ਕਰਨੀ ਪਈ।

ਬਲੌਕੇਡ ਸਿਰਫ਼ ਅਮਰੀਕਾ ਨਾਲ ਵਪਾਰ 'ਤੇ ਹੀ ਅਸਰ ਨਹੀਂ ਪਾਉਂਦਾ — ਸਗੋਂ ਇਸ ਨੇ ਯੋਜਨਾਬੱਧ ਢੰਗ ਨਾਲ ਕਿਊਬਾ ਨੂੰ ਹੋਰ, ਗੈਰ-ਅਮਰੀਕੀ ਭਾਈਵਾਲਾਂ ਨਾਲ ਵਪਾਰ ਕਰਨ ਤੋਂ ਵੀ ਰੋਕਿਆ ਹੈ। ਇਹ ਇਸ ਲਈ ਸੰਭਵ ਹੈ ਕਿਉਂਕਿ ਅਮਰੀਕਾ ਦੇ ਡਾਲਰ ਨੂੰ ਵਿਸ਼ਵ ਰਿਜ਼ਰਵ ਮੁਦਰਾ (ਕਰੰਸੀ) ਦਾ ਦਰਜਾ ਪ੍ਰਾਪਤ ਹੈ। ਵਿਸ਼ਵ ਦੇ ਲਗਭਗ 90 ਫੀਸਦੀ ਵਿਦੇਸ਼ੀ ਐਕਸਚੇਂਜ ਦੇ ਲੈਣ-ਦੇਣ ਅਮਰੀਕੀ ਡਾਲਰ ਰਾਹੀਂ ਹੁੰਦੇ ਹਨ, ਵਿਸ਼ਵ ਵਿਦੇਸ਼ੀ ਐਕਸਚੇਂਜ ਰਿਜ਼ਰਵ ਦਾ 58 ਫੀਸਦੀ ਹਿੱਸਾ ਅਮਰੀਕਨ ਡਾਲਰਾਂ (ਯੂ ਐੱਸ ਡੀ) ਵਿਚ ਰੱਖਿਆ ਜਾਂਦਾ ਹੈ, ਅਤੇ ਬੈਂਕਾਂ ਵਿਚਕਾਰ 50 ਫੀਸਦੀ ਤੋਂ ਵੱਧ ਦਾ ਅੰਤਰਰਾਸ਼ਟਰੀ ਲੈਣ-ਦੇਣ ਅਮਰੀਕੀ ਡਾਲਰਾਂ (ਸਵਿਫਟ ਰਾਹੀਂ) ਵਿਚ ਹੁੰਦਾ ਹੈ। ਲਗਭਗ ਅਮਰੀਕਾ ਦੇ ਡਾਲਰ ਦੇ ਸਾਰੇ ਲੈਣ-ਦੇਣ ਕਿਸੇ ਨਾ ਕਿਸੇ ਰੂਪ ਵਿਚ ਅਮਰੀਕੀ ਬੈਂਕਾਂ ਰਾਹੀਂ ਲੰਘਦੇ ਹਨ।

ਵਿਸ਼ਵ ਰਿਜ਼ਰਵ ਮੁਦਰਾ ਤੱਕ ਪਹੁੰਚ ਨਾ ਕਰ ਸਕਣ ਦੀ ਲੱਗੀ ਇਸ ਪਾਬੰਦੀ ਕਾਰਨ ਕਿਊਬਾ ਆਮ ਤੌਰ 'ਤੇ ਆਯਾਤ ਲਈ ਨਕਦ ਵਿਚ ਭੁਗਤਾਨ ਕਰਦਾ ਹੈ, ਅਤੇ ਇਸ ਨੂੰ ਵਿਸ਼ਵ ਦੇ ਜ਼ਿਆਦਾਤਰ ਦੇਸ਼ਾਂ ਲਈ ਉਪਲਬਧ ਵਿੱਤੀ ਸਹੂਲਤਾਂ ਪ੍ਰਾਪਤ ਨਹੀਂ ਹਨ।

ਗਲੋਬਲ ਵਿੱਤੀ ਸਿਸਟਮ ਦੇ ਪ੍ਰਬੰਧ ਵਿਚ ਅਮਰੀਕਾ ਦੇ ਡਾਲਰ ਦੀ ਵਰਤੋਂ ਕਾਰਨ ਅਮਰੀਕਾ ਦੀ ਸਰਕਾਰ ਗੈਰ-ਅਮਰੀਕੀ ਸੰਸਥਾਵਾਂ 'ਤੇ ਵੱਡੀ ਪੱਧਰ ਦਾ ਦਬਾਅ ਪਾ ਸਕਦੀ ਹੈ ਅਤੇ ਅਮਰੀਕਾ ਦੀਆਂ ਪਾਬੰਦੀਆਂ ਨੂੰ ਵਿਸ਼ਵ ਪੱਧਰ 'ਤੇ ਲਾਗੂ ਕਰ ਸਕਦੀ ਹੈ, ਜਿਨ੍ਹਾਂ ਵਿਚ ਅਮਰੀਕਾ ਦੀਆਂ ਪਾਬੰਦੀਆਂ ਦਾ ਵਿਰੋਧ ਕਰਨ ਵਾਲੇ ਦੇਸ਼ਾਂ ਦੀਆਂ ਸੰਸਥਾਵਾਂ ਵੀ ਸ਼ਾਮਲ ਹਨ।

ਇਹ ਕੋਈ ਫਰਜ਼ੀ ਗੱਲ ਨਹੀਂ ਹੈ— ਅਮਰੀਕਾ ਦੇ ਰੈਗੂਲੇਟਰਾਂ ਨੇ, ਖਾਸ ਕਰਕੇ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ, ਕਿਊਬਾ ਦੇ ਸੰਬੰਧ ਵਿਚ 'ਪਾਬੰਦੀਆਂ ਦੀ ਉਲੰਘਣਾ' ਕਰਨ ਵਾਲੀਆਂ ਗੈਰ-ਅਮਰੀਕੀ ਸੰਸਥਾਵਾਂ 'ਤੇ ਲਗਾਤਾਰ ਵੱਡੀਆਂ ਰਕਮਾਂ ਦੇ ਜੁਰਮਾਨੇ ਲਗਾਏ ਸਨ। ਫਰਾਂਸੀਸੀ ਬੈਂਕ ਸੋਸਾਇਟੀ ਜਨਰਲ ਨੇ 2018 ਵਿਚ ਕਿਊਬਾ ਨਾਲ ਵਪਾਰ ਕਰਨ ਦੇ 'ਅਪਰਾਧ' ਲਈ 1.34 ਬਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਭਰਿਆ, ਜਦੋਂ ਕਿ ਯੂ.ਕੇ. ਅਧਾਰਤ ਸਟੈਂਡਰਡ ਚਾਰਟਰਡ (ਬੈਂਕ) ਨੇ 2019 ਵਿਚ ਪਾਬੰਦੀਆਂ ਵਾਲੇ ਦੇਸ਼ਾਂ, ਕਿਊਬਾ ਸਮੇਤ, ਨਾਲ ਵਪਾਰ ਕਰਨ ਬਦਲੇ 1.1 ਬਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਭਰਿਆ। ਇਹ ਸਭ ਇਸ ਦੇ ਬਾਵਜੂਦ ਹੈ ਕਿ ਫਰਾਂਸ ਅਤੇ ਯੂ ਕੇ ਦੋਵੇਂ ਅਮਰੀਕਾ ਦੇ ਬਲੌਕੇਡ ਦਾ ਰਸਮੀ ਤੌਰ 'ਤੇ ਵਿਰੋਧ ਕਰਦੇ ਹਨ ਅਤੇ ਹਰ ਸਾਲ ਅਮਰੀਕਾ, ਇਜ਼ਰਾਈਲ ਅਤੇ ਅਮਰੀਕਾ ਤੋਂ ਦਇਆ ਦੀ ਉਮੀਦ ਕਰ ਰਹੇ ਕੁੱਝ ਬਦਨਾਮ ਮੁਲਕਾਂ ਨੂੰ ਛੱਡ ਕੇ ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਨਾਲ ਮਿਲ ਕੇ ਸੰਯੁਕਤ ਰਾਸ਼ਟਰ (ਯੂਨਾਈਟਡ ਨੇਸ਼ਨਜ਼) ਵਿਚ ਇਸ ਦੀ ਨਿੰਦਾ ਕਰਨ ਲਈ ਵੋਟ ਪਾਉਂਦੇ ਹਨ।

ਅਮਰੀਕਾ ਵਲੋਂ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕੀਤੇ ਜਾਣ ਕਾਰਨ ਗਲੋਬਲ ਵਿੱਤੀ ਸੰਸਥਾਵਾਂ ਨੇ ਹਾਲ ਹੀ ਵਿਚ ਕਿਊਬਾ ਦਾ ਸਾਥ ਪੂਰੀ ਤਰ੍ਹਾਂ ਛੱਡ ਦਿੱਤਾ ਹੈ। ਸੰਯੁਕਤ ਰਾਸ਼ਟਰ (ਯੂਨਾਈਟਿਡ ਨੇਸ਼ਨਜ਼) ਅਨੁਸਾਰ, ਅਮਰੀਕਾ ਵਲੋਂ ਕਿਊਬਾ ਦੇ ਕੀਤੇ ਆਰਥਕ ਬਲੌਕੇਡ ਕਾਰਨ ਸੰਨ 2018 ਵਿਚ ਕਿਊਬਾ ਨੂੰ ਘੱਟੋ-ਘੱਟ 130 ਅਰਬ (ਬਿਲੀਅਨ) ਡਾਲਰ ਦਾ ਨੁਕਸਾਨ ਹੋਇਆ ਸੀ- ਹੁਣ ਇਹ ਅੰਕੜਾ ਬਲੌਕੇਡ ਦੇ ਹੋਰ ਬਦਤਰ ਹੋਣ ਕਾਰਨ ਤੇਜ਼ੀ ਨਾਲ ਵਧ ਰਿਹਾ ਹੈ।

### ਘੇਰਾਬੰਦੀ ਤੋੜੋ

ਸੰਯੁਕਤ ਰਾਜ ਅਮਰੀਕਾ ਨੇ ਹੁਣ ਕਿਊਬਾ ਵਿਰੁੱਧ ਆਪਣੇ ਹਮਲੇ ਨੂੰ ਆਰਥਿਕ ਬਲੌਕੇਡ ਤੋਂ ਵਧਾ ਕੇ ਫੌਜੀ ਘੇਰਾਬੰਦੀ ਤੱਕ ਲੈ ਆਂਦਾ ਹੈ। ਅਮਰੀਕਾ ਦੇ ਡਰੋਨ ਮੈਕਸੀਕਨ ਸ਼ਿਪਿੰਗ ਰੂਟਾਂ ਦੀ ਨਿਗਰਾਨੀ ਕਰ ਰਹੇ ਹਨ, ਅਤੇ ਅਮਰੀਕੀ ਫੌਜੀ ਉਨ੍ਹਾਂ ਦੇਸ਼ਾਂ 'ਤੇ ਪਾਬੰਦੀਆਂ ਲਾਗੂ ਕਰਨ ਲਈ ਅੰਤਰਰਾਸ਼ਟਰੀ ਪਾਣੀਆਂ ਵਿਚ ਤੇਲ ਟੈਂਕਰਾਂ ਨੂੰ ਹਾਈਜੈਕ ਕਰ ਰਹੇ ਹਨ ਜਿਨ੍ਹਾਂ ਦਾ ਅਮਰੀਕਾ ਦੀ ਵਪਾਰਕ ਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਹੁਣ ਤੱਕ ਕੈਨੇਡੀਅਨ ਲੀਡਰ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਹਨ। ਕਿਊਬਾ ਵਿਚ ਵਿਗੜਦੀ ਸਥਿਤੀ ਦੇ ਬਾਵਜੂਦ, ਨਾ ਤਾਂ ਪ੍ਰਧਾਨ ਮੰਤਰੀ ਦੇ ਦਫਤਰ ਨੇ ਅਤੇ ਨਾ ਹੀ ਗਲੋਬਲ ਅਫੇਅਰਜ਼ ਕੈਨੇਡਾ ਨੇ ਇਕ ਵਿਦੇਸ਼ੀ ਦੇਸ਼ ਵਿਰੁੱਧ ਬਿਨਾਂ ਕਿਸੇ ਭੜਕਾਹਟ ਦੇ ਅਮਰੀਕਾ ਵਲੋਂ ਅਪਣਾਈ ਤਾਜ਼ਾ ਹਮਲਾਵਰਤਾ ਬਾਰੇ ਇੱਕ ਵੀ ਬਿਆਨ ਜਾਰੀ ਕੀਤਾ ਹੈ।

ਕੈਨੇਡਾ ਦਾ ਪਹਿਲਾਂ ਹੀ ਇਕ ਕਾਨੂੰਨ ਹੈ ਜੋ ਕੈਨੇਡੀਅਨ ਕੰਪਨੀਆਂ ਨੂੰ ਬਲੌਕੇਡ ਦੀ ਉਲੰਘਣਾ ਕਰਨ 'ਤੇ ਸੁਰੱਖਿਆ ਦਿੰਦਾ ਹੈ। ਸੰਨ 1984 ਵਿਚ ਅਮਰੀਕਾ ਦੀਆਂ ਕਿਊਬਾ ਵਿਰੋਧੀ ਪਾਬੰਦੀਆਂ ਦੇ ਸੰਬੰਧ ਵਿਚ ਕੈਨੇਡੀਅਨ ਸਰਕਾਰ ਨੇ ਫੌਰਨ ਐਕਸਟਰਾਟੈਰੀਟੋਰੀਅਲ ਮੈਜ਼ਰਜ਼ ਐਕਟ (ਫੀਮਾ - FEMA) ਪਾਸ ਕੀਤਾ ਸੀ, ਜਿਸ ਦਾ ਮਕਸਦ ਅਮਰੀਕਾ ਦੇ ਰੈਗੂਲੇਟਰਾਂ ਵਲੋਂ ਕੈਨੇਡੀਅਨ ਕੰਪਨੀਆਂ ਨੂੰ ਕਿਊਬਾ ਨਾਲ ਵਪਾਰ ਕਾਰਨ ਨਿਸ਼ਾਨਾ ਬਣਾਉਣ ਤੋਂ ਰੋਕਣਾ ਸੀ। ਅਮਰੀਕਾ ਦੇ ਹੈਲਮਸ-ਬਰਟਨ ਐਕਟ ਤੋਂ ਬਾਅਦ ਕੈਨੇਡਾ ਦੀ ਪਾਰਲੀਮੈਂਟ ਨੇ 1997 ਤੋਂ ਬਾਅਦ ਇਸ ਕਾਨੂੰਨ ਨੂੰ ਸੋਧਿਆ ਅਤੇ ਅਪਡੇਟ ਕੀਤਾ ਸੀ। ਇਹ ਕਾਨੂੰਨ ਅੱਜ ਵੀ ਮੌਜੂਦ ਹੈ।

ਡੈਵੋਜ਼ ਵਿਚ ਆਪਣੀ ਸਪੀਚ ਵਿਚ ਮਾਰਕ ਕਾਰਨੀ ਨੇ ਅਮਰੀਕਾ ਵਰਗੇ 'ਸਰਦਾਰ - ਹੈਜਮਨ' ਦੀ ਸੱਤਾ ਨਾਲ ਲੜਨ ਲਈ 'ਮਿਡਲ ਪਾਵਰਜ਼' ਵਲੋਂ ਇਕੱਠੇ ਹੋਣ ਦੀ ਲੋੜ ਬਾਰੇ ਗੱਲ ਕੀਤੀ ਸੀ। ਹੁਣ ਇਹ ਕਰਨ ਦਾ ਸਮਾਂ ਹੈ। ਕੈਨੇਡਾ ਨੂੰ ਮੈਕਸੀਕੋ ਅਤੇ ਹੋਰ ਖੇਤਰੀ ਦੇਸ਼ਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਇਹ ਘੇਰਾਬੰਦੀ ਤੋੜਨੀ ਚਾਹੀਦੀ ਹੈ।

ਇਸ ਦਾ ਮਤਲਬ ਹੈ, ਸਭ ਤੋਂ ਪਹਿਲਾਂ ਤੇਲ—ਜਿਸ ਦੀ ਕੈਨੇਡਾ ਵਿਚ ਕੋਈ ਕਮੀ ਨਹੀਂ, ਭਾਵੇਂ ਕਿ ਇਹ ਮੁੱਖ ਤੌਰ 'ਤੇ ਅਮਰੀਕੀ ਨਿਵੇਸ਼ਕਾਂ (ਇਨਵੈਸਟਰਾਂ) ਦੀ ਮਲਕੀਅਤ ਹੈ, ਜੋ ਕੈਨੇਡਾ ਦੀ ਪ੍ਰਭੂਸੱਤਾ (ਸੌਵਰਨਿਟੀ) ਦੀ ਵਧ ਰਹੀ ਸਮੱਸਿਆ ਲਈ ਆਪਣੇ ਆਪ ਵਿਚ ਗੁੰਝਲਦਾਰ ਮੁੱਦੇ ਪੈਦਾ ਕਰਦੀ ਹੈ। ਕੈਨੇਡਾ ਨੂੰ ਘੱਟੋ-ਘੱਟ ਜਨਤਕ ਤੌਰ 'ਤੇ ਮੈਕਸੀਕੋ ਦੀ ਇਸ ਪੁਜ਼ੀਸ਼ਨ ਦਾ ਸਮਰਥਨ ਕਰਨਾ ਚਾਹੀਦਾ ਹੈ ਕਿ ਉਹ ਕਿਊਬਾ ਨੂੰ ਤੇਲ ਸਪਲਾਈ ਮੁੜ ਸ਼ੁਰੂ ਕਰ ਸਕੇ ਅਤੇ ਵਧਾ ਸਕੇ, ਅਤੇ ਹੋਰ ਖੇਤਰੀ ਉਤਪਾਦਕਾਂ ਜਿਵੇਂ ਬ੍ਰਾਜ਼ੀਲ ਦੀ ਪੈਟਰੋਬਰਾਸ ਨੂੰ ਵੀ ਇਹੀ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤੋਂ ਅਗਾਂਹ, ਇਸ ਨੂੰ ਮਨੁੱਖੀ ਰਾਹਤ ਵਜੋਂ ਸਿੱਧੇ ਤੌਰ 'ਤੇ ਕਿਊਬਾ ਨੂੰ ਤੇਲ ਖਰੀਦ ਕੇ ਭੇਜਣ 'ਤੇ ਗੰਭੀਰ ਵਿਚਾਰ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਮੈਕਸੀਕੋ ਨੇ ਦਹਾਕਿਆਂ ਤੋਂ ਕੀਤਾ ਹੈ।

ਇਸ ਵਿਚ ਜਹਾਜ਼ਾਂ ਵਿਚ ਵਰਤੇ ਜਾਂਦੇ ਤੇਲ (ਜੈੱਟ ਫਿਊਲ) ਵਰਗੇ ਰਿਫਾਈਂਡ ਉਤਪਾਦ ਸ਼ਾਮਲ ਹੋ ਸਕਦੇ ਹਨ, ਜੋ ਕਿਊਬਾ ਵਿਚ ਪਹਿਲਾਂ ਹੀ ਖਤਮ ਹੋ ਚੁੱਕੇ ਹਨ, ਅਤੇ ਡੀਜ਼ਲ ਅਤੇ ਪੈਟਰੋਲ ਵੀ, ਜੋ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਚਲਾਉਣ ਲਈ ਜ਼ਰੂਰੀ ਹਨ।

ਇਸ ਵਿਚ ਕੱਚੇ ਤੇਲ (ਕਰੂਡ) ਦਾ ਸਿੱਧਾ ਦਾਨ ਵੀ ਹੋ ਸਕਦਾ ਹੈ। ਕਿਊਬਾ ਦੀ ਸਰਕਾਰੀ ਆਇਲ ਕੰਪਨੀ ਕਿਊਪਟ (CUPET) ਦੀਆਂ ਦੇਸ਼ ਵਿਚ ਚਾਰ ਰਿਫਾਈਨਰੀਆਂ ਹਨ, ਜਿਨ੍ਹਾਂ ਵਿਚ ਸਭ ਤੋਂ ਵੱਡੀ ਸੀਏਨਫਿਊਗੋਸ ਵਿਚ ਹੈ। ਇਹ ਰਿਫਾਈਨਰੀਆਂ ਦੇਸ਼ ਦੀ ਉੱਤਰੀ ਤੇਲ ਬੈਲਟ (ਨੌਰਦਰਨ ਆਇਲ ਬੈਲਟ) ਤੋਂ ਪ੍ਰਾਪਤ ਭਾਰੀ ਕੱਚੇ ਤੇਲ (ਹੈਵੀ ਕਰੂਡ ਓਇਲ) ਅਤੇ ਵੈਨੇਜ਼ੂਏਲਾ ਅਤੇ ਮੈਕਸੀਕੋ ਤੋਂ ਆਯਾਤ ਕੀਤੇ ਜਾਂਦੇ ਭਾਰੀ ਕੱਚੇ ਤੇਲ ਨੂੰ ਪ੍ਰੋਸੈੱਸ ਕਰਦੀਆਂ ਹਨ। ਕੈਨੇਡਾ ਦਾ ਕੱਚਾ ਤੇਲ (ਕਰੂਡ ਆਇਲ) ਵੀ ਭਾਰੀ ਹੈ। ਜਿਸ ਦਾ ਮਤਲਬ ਹੈ ਕਿ ਕਿਊਬਾ ਦੀਆਂ ਮੌਜੂਦਾ ਰਿਫਾਈਨਰੀਆਂ ਨੂੰ ਇਸ ਨੂੰ ਲੋੜੀਂਦੇ ਵਰਤੋਂ ਯੋਗ ਤੇਲ ਵਿਚ ਬਦਲਣ ਲਈ ਘੱਟ ਤਬਦੀਲੀਆਂ ਕਰਨ ਦੀ ਲੋੜ ਪਵੇਗੀ।

ਇਕ ਵਿਚੋਲੇ ਵਜੋਂ ਕਿਊਬਾ ਵਿਚ ਬਿਜਲੀਕਰਨ ਦੇ ਅਮਲ ਵਿਚ ਮਦਦ ਕਰਕੇ, ਇਸ ਦੀ ਪਾਵਰ ਗਰਿੱਡ ਨੂੰ ਸੂਤ ਕਰਕੇ ਅਤੇ ਵਿਸ਼ਵ ਮੰਡੀ ਵਿਚ ਇਸ ਦੀ ਪਹੁੰਚ ਵਿਚ ਵਾਧਾ ਕਰਕੇ ਕੈਨੇਡਾ ਨੂੰ ਕਿਊਬਾ ਨੂੰ ਇਸ ਤਰ੍ਹਾਂ ਦੇ ਧੱਕੇ ਦਾ ਸਾਹਮਣਾ ਕਰਨ ਦੇ ਯੋਗ ਬਣਾਉਣਾ ਚਾਹੀਦਾ ਹੈ।

ਇਹ ਕਦਮ ਜ਼ਰੂਰ ਹੀ ਖਤਰੇ ਵਾਲਾ ਹੋਵੇਗਾ। ਅਮਰੀਕਾ ਮਹੀਨਿਆਂ ਤੋਂ ਅੰਤਰਰਾਸ਼ਟਰੀ ਪਾਣੀਆਂ (ਇੰਟਰਨੈਸ਼ਨਲ ਵਾਟਰਜ਼) ਵਿਚ ਤੇਲ ਸਪਲਾਈ ਨੂੰ ਹਾਈਜੈਕ ਕਰ ਰਿਹਾ ਹੈ ਅਤੇ ਕੈਨੇਡਾ ਨੂੰ ਧਮਕਾ ਰਿਹਾ ਹੈ। ਪਰ ਕੈਨੇਡਾ ਦੀ ਮਨੁੱਖੀ ਸਹਾਇਤਾ ਦੇ ਨਿਸ਼ਾਨ ਵਾਲੀ ਸਪਲਾਈ ਰੂਸ ਦੇ 'ਤਿਆਗੇ ਜਹਾਜ਼ਾਂ (ਗੋਸਟ ਸ਼ਿਪਾਂ)' ਤੋਂ ਵੱਖਰੀ ਹੋਵੇਗੀ, ਅਤੇ ਅਮਰੀਕਾ ਵਲੋਂ ਨੇਟੋ ਦੇ ਸਾਥੀ ਮੈਂਬਰ 'ਤੇ ਖੁੱਲ੍ਹੇਆਮ ਹਮਲਾ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ, ਜਿਵੇਂ ਕਿ ਗ੍ਰੀਨਲੈਂਡ ਵਿਚ ਅਮਰੀਕੀ ਧਮਕੀਆਂ ਦੇ ਬਾਵਜੂਦ ਵੇਖਿਆ ਗਿਆ ਹੈ। ਨੇਟੋ ਦੇ ਮੈਂਬਰ ਅਤੇ ਅਖੌਤੀ 'ਅੰਤਰਰਾਸ਼ਟਰੀ ਭਾਈਚਾਰੇ' ਦੇ ਸਤਿਕਾਰ ਯੋਗ ਮੈਂਬਰ ਹੁੰਦਿਆਂ, ਇੱਥੇ ਕੈਨੇਡਾ ਕੋਲ ਇਕ ਵਿਲੱਖਣ ਸ਼ਕਤੀ ਹੈ। ਅਮਰੀਕਾ ਨੂੰ ਮੈਕਸੀਕੋ ਜਾਂ ਵੈਨੇਜ਼ੂਏਲਾ ਵਿਚ ਡਰੱਗਾਂ ਅਤੇ ਕਾਰਟੈਲਾਂ ਬਾਰੇ ਬਣਾਈਆਂ ਕਹਾਣੀਆਂ ਦੇ ਮੁਕਾਬਲੇ ਸਾਡੇ ਵਿਰੁੱਧ ਕਾਰਵਾਈ ਨੂੰ ਜਾਇਜ਼ ਠਹਿਰਾਉਣਾ ਬਹੁਤ ਮੁਸ਼ਕਿਲ ਹੋਵੇਗਾ। ਕੈਨੇਡਾ ਲਈ ਇਸ ਸ਼ਕਤੀ ਦੀ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ।

ਇਸ ਦਾ ਮਤਲਬ ਇਹ ਕਹਿਣਾ ਨਹੀਂ ਹੈ ਕਿ ਇਸ ਦਾ ਕੈਨੇਡਾ 'ਤੇ ਕੋਈ ਅਸਰ ਨਹੀਂ ਪਵੇਗਾ। ਜਦੋਂ ਕਿ ਇਸ ਗੱਲ ਦੀ ਘੱਟ ਸੰਭਾਵਨਾ ਹੈ ਕਿ ਅਮਰੀਕਾ ਕੈਨੇਡਾ ਦੀ ਮਦਦ ਲਈ ਭੇਜੀ ਸ਼ਿੱਪਮੈਂਟ ਨੂੰ ਖੁੱਲ੍ਹੇਆਮ ਹਾਈਜੈਕ ਕਰ ਲਏਗਾ, ਪਰ ਉਹ ਕਿਊਬਾ ਦਾ ਸਮਰਥਨ ਕਰਨ ਲਈ ਕੈਨੇਡਾ 'ਤੇ ਵਿੱਤੀ ਅਤੇ ਆਰਥਿਕ ਜੁਰਮਾਨੇ (ਪੈਨਲਟੀਜ਼) ਜ਼ਰੂਰ ਲਾਏਗਾ। ਪਰ ਅਮਰੀਕਾ ਇਹ ਧਮਕੀਆਂ ਪਹਿਲਾਂ ਹੀ ਦੇ ਰਿਹਾ ਹੈ। ਮੈਕਸੀਕੋ, ਆਪਣੀ ਥਾਂ 'ਤੇ, ਕੋਈ ਕਦਮ ਪੁੱਟਣ ਤੋਂ ਸ਼ਾਇਦ ਇਸ ਲਈ ਪਿੱਛੇ ਹਟ ਰਿਹਾ ਹੈ ਕਿਉਂਕਿ ਉਸ ਦੇ ਨੇਤਾਵਾਂ ਨੂੰ ਸ਼ੱਕ ਹੈ ਕਿ ਕੈਨੇਡਾ ਵਰਗੇ ਹੋਰ ਖੇਤਰੀ ਮੁਲਕ ਉਸ ਦਾ ਸਮਰਥਨ ਨਹੀਂ

*(ਬਾਕੀ ਅਗਲੇ ਸਫੇ 'ਤੇ)*

# ਦੱਖਣ, ਪੂਰਬੀ ਰਾਜਾਂ ਵਿਚ ਚੋਣਾਂ ਦਾ ਘਮਸਾਨ

ਭਾਰਤ ਦੇ ਪੂਰਬੀ ਹਿੱਸੇ ਦੇ ਮਹੱਤਵਪੂਰਨ ਸੂਬੇ ਪੱਛਮੀ ਬੰਗਾਲ ਵਿਚ ਸਿਆਸੀ ਧਿਰ ਤ੍ਰਿਣਮੂਲ ਕਾਂਗਰਸ ਦੀ ਤਿੰਨ ਵਾਰ ਚੁਣੀ ਗਈ ਮੁੱਖ ਮੰਤਰੀ ਚੋਣ ਮੋਰਚੇ 'ਤੇ ਅਡਿੱਗ ਖੜ੍ਹੀ ਦਿਖਾਈ ਦੇ ਰਹੀ ਹੈ, ਜਦਕਿ ਦੇਸ਼ ਦੇ ਦੱਖਣੀ ਸੂਬੇ ਤਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ.ਡੀ.ਐੱਮ.ਕੇ. ਵਿਚਕਾਰ ਸਖ਼ਤ ਟੱਕਰ ਹੈ। ਭਾਜਪਾ ਬੰਗਾਲ ਵਿਚ ਕਿਸੇ ਮਜ਼ਬੂਤ ਚਿਹਰੇ ਦੀ ਤਲਾਸ਼ ਵਿਚ ਹੈ।

ਬੰਗਾਲ ਦੀ ਸਿਆਸੀ ਹਵਾ ਵਿਚ ਮਹਿਲਾ, ਮੁਸਲਿਮ, ਮਸਜਿਦ, ਮੰਦਰ, ਮਟਨ, ਮਛਲੀ, ਮਨੀ ਪਾਵਰ, ਮਸਲ ਪਾਵਰ, ਮਮਤਾ ਅਤੇ ਮੋਦੀ ਹਾਵੀ ਹਨ। ਤ੍ਰਿਣਮੂਲ ਕਾਂਗਰਸ ਦੀ ਕੋਸ਼ਿਸ਼ ਚੋਣਾਂ ਵਿਚ ਦੀਦੀ ਬਨਾਮ ਮੋਦੀ ਬਣਾਉਣ ਦੀ ਹੈ, ਜਦਕਿ ਮੁੱਖ ਮੁਕਾਬਲੇ ਵਿਚ ਖੜ੍ਹੀ ਭਾਜਪਾ ਚੋਣਾਂ- ਹਿੰਦੂ-ਮੁਸਲਿਮ ਘੁਸਪੈਠ ਅਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੜਨ ਦੀ ਚਾਹਵਾਨ ਹੈ।

ਦੱਖਣ ਦੇ ਮਹੱਤਵਪੂਰਨ ਸੂਬੇ ਤਾਮਿਲਨਾਡੂ 'ਚ ਪਿਛਲੇ ਪੰਜ ਦਹਾਕਿਆਂ ਤੋਂ ਕੋਈ ਵੀ ਰਾਸ਼ਟਰੀ ਪਾਰਟੀ ਸੂਬਾ ਸਰਕਾਰ ਨਾ ਬਣਾ ਸਕੀ ਅਤੇ ਨਾ ਹੀ ਕਿਸੇ ਗੱਠਜੋੜ ਦੇ ਬਾਵਜੂਦ ਸੱਤਾ 'ਚ ਸ਼ਾਮਲ ਹੋ ਸਕੀ ਹੈ। ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. 'ਚ ਸੂਬੇ ਦੀ ਸੱਤਾ ਲਈ ਲੜਾਈ ਹੁੰਦੀ ਰਹੀ ਹੈ।

ਮਈ 2026 ਵਿਚ ਦੱਖਣੀ ਸੂਬਿਆਂ ਕੇਰਲਾ ਅਤੇ ਤਾਮਿਲਨਾਡੂ 'ਚ ਵਿਧਾਨ ਸਭਾ ਚੋਣ ਹੈ। ਕੇਰਲ ਵਿਚ ਖੱਬੀ ਲੋਕਤੰਤਰਿਕ ਧਿਰ ਅਤੇ ਤਾਮਿਲਨਾਡੂ 'ਚ ਡੀ.ਐੱਮ.ਕੇ ਦਾ ਰਾਜ-ਭਾਗ ਹੈ। ਪੂਰਬੀ ਸੂਬੇ ਬੰਗਾਲ, ਉੱਤਰੀ ਪੂਰਬੀ ਸੂਬੇ ਅਸਾਮ ਅਤੇ ਪੌਂਡੀਚੇਰੀ 'ਚ ਵਿਧਾਨ ਸਭਾ ਚੋਣਾਂ ਮਈ 2026 'ਚ ਨਿਰਧਾਰਤ ਹਨ। ਅਸਾਮ 'ਚ ਭਾਜਪਾ ਅਤੇ ਪੌਂਡੀਚੇਰੀ 'ਚ ਆਲ ਇੰਡੀਆ ਐਨ.ਆਰ. ਕਾਂਗਰਸ ਅਤੇ ਭਾਜਪਾ ਭਾਈਵਾਲੀ ਨਾਲ ਰਾਜ ਕਰ ਰਹੇ ਹਨ।

ਭਾਰਤੀ ਚੋਣ ਕਮਿਸ਼ਨ ਵੱਲੋਂ ਐੱਸ.ਆਈ.ਆਰ. ਕਾਰਨ ਸਿਆਸੀ ਪਾਰਾ ਵਧਦਾ ਰਿਹਾ। ਸੂਬੇ ਦਾ ਪੱਖ ਪੇਸ਼ ਕਰਨ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿਚ ਨਿੱਜੀ ਤੌਰ 'ਤੇ ਪੇਸ਼ ਹੋਈ, ਕਿਉਂਕਿ ਭਾਜਪਾ ਵੱਲੋਂ ਤ੍ਰਿਣਮੂਲ ਕਾਂਗਰਸ ਨੂੰ ਪ੍ਰੇਸ਼ਾਨ ਕਰਨ ਅਤੇ ਰਾਜ ਸ਼ਕਤੀ ਪ੍ਰਾਪਤ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਇਸ ਵੇਲੇ ਟੱਕਰ ਵੀ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਹੈ। ਕਦੇ ਇਹ ਟੱਕਰ ਕਾਂਗਰਸ ਅਤੇ ਖੱਬੀਆਂ ਧਿਰਾਂ ਦਰਮਿਆਨ ਹੋਇਆ ਕਰਦੀ ਸੀ। ਖੱਬੀਆਂ ਧਿਰਾਂ ਨੇ ਬੰਗਾਲ 'ਚ 34 ਸਾਲ ਰਾਜ ਕੀਤਾ। ਖੱਬੀ ਧਿਰ ਦਾ ਰਾਜ ਖ਼ਤਮ ਕਰਕੇ ਮਮਤਾ ਬੈਨਰਜੀ ਡੇਢ ਦਹਾਕੇ ਤੋਂ ਸੱਤਾ 'ਚ ਹੈ। ਕੁੱਲ ਮਿਲਾ ਕੇ 294 ਸੀਟਾਂ ਵਿਚੋਂ 213 ਸੀਟਾਂ 'ਤੇ ਕਾਬਜ਼ ਹੈ।

ਸਾਲ 2021 ਵਿਧਾਨ ਸਭਾ ਚੋਣ ਸਮੇਂ ਟੀ.ਐੱਮ.ਸੀ. ਨੇ 48.5 ਫ਼ੀਸਦੀ ਵੋਟ ਲਈ ਅਤੇ ਭਾਜਪਾ ਨੇ 38.5 ਫ਼ੀਸਦੀ ਵੋਟ ਪ੍ਰਾਪਤ ਕਰਕੇ 77 ਸੀਟਾਂ ਜਿੱਤੀਆਂ, ਕਾਂਗਰਸ ਅਤੇ ਖੱਬੀ ਧਿਰ ਨੂੰ ਕੋਈ ਵੀ ਸੀਟ ਨਾ ਮਿਲੀ। ਕਾਂਗਰਸ ਨੂੰ ਤਿੰਨ ਫ਼ੀਸਦੀ ਅਤੇ ਖੱਬੀ ਧਿਰ ਨੂੰ 2.7 ਫ਼ੀਸਦੀ ਵੋਟ ਮਿਲੇ ਸਨ। ਮਮਤਾ ਬੈਨਰਜੀ ਸਰਕਾਰ ਦੇ ਸਾਹਮਣੇ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ। ਉਸਦੇ ਕਈ ਮੰਤਰੀ ਭ੍ਰਿਸ਼ਟਾਚਾਰ, ਭਰਤੀ ਘੁਟਾਲੇ ਕਾਰਨ ਵੱਡੀ ਚਰਚਾ 'ਚ ਹਨ। ਪਰ ਐੱਸ.ਆਈ.ਆਰ. ਦੇ ਮੁੱਦੇ 'ਤੇ ਤ੍ਰਿਣਮੂਲ ਕਾਂਗਰਸ ਦੇ ਵਰਕਰ ਪਿੰਡਾਂ, ਸ਼ਹਿਰਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ। ਉੱਧਰ ਭਾਜਪਾ ਵਰਕਰ ਤੇਜ਼ੀ ਨਾਲ ਹੁਣ ਤੋਂ ਹੀ ਵੋਟਰਾਂ ਕੋਲ ਘਰ-ਘਰ ਜਾ ਕੇ ਪ੍ਰਚਾਰ ਆਰੰਭ ਕਰ ਚੁੱਕੇ ਹਨ। ਭਾਵੇਂ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਸਿੱਧੀ ਟੱਕਰ ਵਿਚ ਹਨ, ਪਰ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਨੂੰ ਐੱਮ.ਪੀ. ਦੀ ਇੱਕ ਸੀਟ ਮਿਲੀ ਸੀ ਅਤੇ ਪੂਰੇ ਰਾਜ ਵਿਚ ਉਸ ਦੀ ਵੋਟ ਪ੍ਰਤੀਸ਼ਤ 15.7 ਹੋ ਗਈ। ਜਦ ਕਿ ਟੀ.ਐੱਮ.ਸੀ. 46.2 ਫ਼ੀਸਦੀ ਅਤੇ ਭਾਜਪਾ 39.1 ਫ਼ੀਸਦੀ ਵੋਟ ਪ੍ਰਾਪਤ ਕਰ ਸਕੀ। ਟੀ.ਐੱਮ.ਸੀ. ਨੇ 29 ਲੋਕ ਸਭਾ ਸੀਟਾਂ, ਭਾਜਪਾ ਨੇ 12 ਅਤੇ ਕਾਂਗਰਸ ਨੇ ਇੱਕ ਸੀਟ ਜਿੱਤੀ। ਲੋਕ ਸਭਾ ਦੀਆਂ ਬੰਗਾਲ 'ਚ ਕੁੱਲ 42 ਸੀਟਾਂ ਹਨ।

ਦੂਜੇ ਪਾਸੇ ਦੱਖਣੀ ਰਾਜ ਤਾਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. ਦੇ ਦਰਮਿਆਨ ਜਦੋਂ 2021 'ਚ ਵਿਧਾਨ ਸਭਾ ਚੋਣ ਯੁੱਧ ਹੋਇਆ ਤਾਂ ਡੀ.ਐੱਮ.ਕੇ. 133, ਅੰਨਾ ਡੀ.ਐੱਮ.ਕੇ. 66 ਸੀਟਾਂ ਲਿਜਾ ਸਕੀ। ਡੀ.ਐੱਮ.ਕੇ. ਨੇ 37.70 ਫ਼ੀਸਦੀ ਅਤੇ ਅੰਨਾ ਡੀ.ਐੱਮ.ਕੇ. ਨੇ 33.23 ਫ਼ੀਸਦੀ ਵੋਟ ਪ੍ਰਾਪਤ ਕੀਤੇ ਜਦ ਕਿ ਕਾਂਗਰਸ 18 ਸੀਟਾਂ ਲੈ ਕੇ 4.27 ਫ਼ੀਸਦੀ, ਭਾਜਪਾ 04 ਸੀਟਾਂ ਲੈ ਕੇ 2.62 ਫ਼ੀਸਦੀ ਵੋਟ ਲਿਜਾ ਸਕੀ ਸੀ। ਲੋਕ ਸਭਾ ਦੀਆਂ 39 ਸੀਟਾਂ ਵਿਚੋਂ 22 ਡੀ.ਐੱਮ.ਕੇ., ਕਾਂਗਰਸ 09, ਸੀ.ਪੀ.ਐੱਮ. 02, ਅਤੇ ਹੋਰ 06 ਸੀਟਾਂ ਪ੍ਰਾਪਤ ਕਰ ਸਕੇ ਪਰ ਅੰਨਾ ਡੀ.ਐੱਮ.ਕੇ. 20.7 ਫ਼ੀਸਦੀ ਵੋਟ ਬੈਂਕ ਲੈ ਕੇ ਵੀ ਕੋਈ ਸੀਟ ਨਾ ਜਿੱਤ ਸਕੀ। ਵਿਧਾਨ ਸਭਾ ਚੋਣਾਂ 'ਚ ਏ.ਆਈ. ਡੀ.ਐੱਮ.ਕੇ. ਅਤੇ ਭਾਜਪਾ ਇਕੱਠਿਆਂ ਚੋਣ ਲੜੇਗੀ। ਜਦ ਕਿ ਡੀ.ਐੱਮ.ਕੇ. ਅਤੇ ਕਾਂਗਰਸ ਦਾ ਗੱਠਜੋੜ ਸੀਟਾਂ ਦੀ ਆਪਸੀ ਵੰਡ ਨਾਲ ਚੋਣ ਲੜੇਗਾ। ਸੂਬੇ ਵਿਚ ਅੰਨਾ ਡੀ.ਐੱਮ.ਕੇ. 'ਤੇ ਭਾਜਪਾ ਵਲੋਂ ਭ੍ਰਿਸ਼ਟਾਚਾਰ, ਰੁਜ਼ਗਾਰ, ਪਰਿਵਾਰਵਾਦ ਦੇ ਦੋਸ਼ ਲਗਾਏ ਜਾ ਰਹੇ ਹਨ ਜਦ ਕਿ ਸੱਤਾ ਧਿਰ ਡੀ.ਐੱਮ.ਕੇ. ਆਪਣੀ ਲੋਕ-ਹਿਤੈਸ਼ੀ ਸਕੀਮ ਅਤੇ ਕੇਂਦਰ ਵੱਲੋਂ ਸੂਬੇ ਵਿਚ ਹਿੰਦੀ ਨੂੰ ਜ਼ਬਰੀ ਥੋਪਣ, ਐੱਸ.ਆਈ. ਆਰ. ਅਤੇ ਸੂਬੇ ਨਾਲ ਲਗਾਤਾਰ ਵਿਤਕਰਿਆਂ ਨੂੰ ਚੋਣ ਮੁੱਦਾ ਬਣਾ ਰਹੀ ਹੈ।

ਤਾਮਿਲਨਾਡੂ, ਜਿੱਥੇ ਫਿਲਮੀ ਅਦਾਕਾਰਾ ਜੈ ਲਲਿਤਾ ਨੇ ਲੰਮਾ ਸਮਾਂ ਰਾਜ ਕੀਤਾ, ਵਿਖੇ ਇਸ ਵਾਰ ਤੀਜੀ ਧਿਰ ਦੋ ਸਾਲ ਪੁਰਾਣੀ ਟੀ.ਵੀ.ਕੇ. ਅਦਾਕਾਰ ਥਲਾਪਤੀ ਵਿਜੈ ਦੀ ਅਗਵਾਈ 'ਚ ਚੋਣ ਚੁਣੌਤੀ ਪੇਸ਼ ਕਰ ਰਹੀ ਹੈ, ਜਿਸ ਨਾਲ ਤਿਕੋਣੇ ਮੁਕਾਬਲੇ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਭਾਵੇਂ ਕਿ ਰਜਨੀਕਾਂਤ ਅਤੇ ਕਮਲ ਹਸਨ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਈਆਂ, ਪਰ ਅਦਾਕਾਰ




ਥਲਾਪਤੀ ਵਿਜੈ ਦੀ ਵੱਡੀ ਚਰਚਾ ਅਤੇ ਹਰਮਨ-ਪਿਆਰਤਾ ਹੈ।

ਤਾਮਿਲਨਾਡੂ 'ਚ ਥਲਾਪਤੀ ਵਿਜੈ ਦੀ ਵੱਡੀ ਰੈਲੀ ਦੌਰਾਨ ਭਗਦੜ ਕਾਰਨ 41 ਲੋਕਾਂ ਦੀ ਮੌਤ ਹੋ ਗਈ, ਪਰ ਲੋਕ ਇਸ ਹਾਦਸੇ ਲਈ ਵੀ ਡੀ.ਐੱਮ.ਕੇ. ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਮੰਨ ਰਹੇ ਹਨ। ਉਂਵ ਦੱਖਣੀ ਤਾਮਿਲਨਾਡੂ ਅਤੇ ਨੌਜਵਾਨਾਂ 'ਚ ਟੀ.ਵੀ.ਕੇ. ਦਾ ਪ੍ਰਭਾਵ ਹੈ ਅਤੇ ਉਸ ਵੱਲੋਂ 15 ਫ਼ੀਸਦੀ ਵੋਟਾਂ ਲੈ ਜਾਣ ਦੀ ਸੰਭਾਵਨਾ ਹੈ। ਦੱਖਣੀ ਰਾਜ ਕੇਰਲਾ 'ਚ ਰਾਜ-ਭਾਗ ਸੀ.ਪੀ.ਐੱਮ. ਅਤੇ ਖੱਬੇ ਫਰੰਟ ਦੇ ਕੋਲ ਹੈ। 2021 'ਚ 140 ਵਿਚੋਂ 99 ਸੀਟਾਂ ਜਿੱਤੀਆਂ। 2024 ਦੀਆਂ ਲੋਕ ਸਭਾ ਚੋਣਾਂ 'ਚ ਇੰਡੀਆ ਫਰੰਟ, ਜਿਸ ਵਿਚ ਕਾਂਗਰਸ ਤੇ ਖੱਬੀਆਂ ਧਿਰਾਂ ਸ਼ਾਮਲ ਸਨ। ਕੁੱਲ 20 ਲੋਕ ਸਭਾ ਸੀਟਾਂ ਵਿਚੋਂ 19 ਸੀਟਾਂ ਜਿੱਤੀਆਂ ਅਤੇ ਐਨ.ਡੀ.ਏ. ਨੇ ਸਿਰਫ਼ ਇੱਕ। ਕਾਂਗਰਸ ਨੇ 14, ਸੀ.ਪੀ.ਐੱਮ. ਇੱਕ ਤੇ ਹੋਰ ਭਾਈਵਾਲ ਚਾਰ ਸੀਟਾਂ ਜਿੱਤੇ, ਜਦ ਕਿ ਭਾਜਪਾ ਇੱਕ ਸੀਟ ਹੀ ਲੈ ਜਾ ਸਕੀ।

ਕੇਰਲ 'ਚ ਮੁਕਾਬਲਾ ਖੱਬੀਆਂ ਧਿਰਾਂ ਫਰੰਟ, ਜਿਸ ਵਿਚ ਸੀ.ਪੀ.ਐੱਮ., ਸੀ.ਪੀ.ਆਈ., ਕੇਰਲਾ ਕਾਂਗਰਸ ਅਤੇ ਯੂਨਾਈਟਿਡ ਡੈਮੋਕਰੇਟਿਕ ਫਰੰਟ ਦਰਮਿਆਨ ਹੈ, ਜਿਸ ਵਿਚ ਕਾਂਗਰਸ, ਆਰ.ਐੱਸ.ਪੀ., ਇੰਡੀਅਨ ਯੂਨੀਅਨ ਮੁਸਲਿਮ ਦਰਮਿਆਨ ਹੈ। ਜਦ ਕਿ ਐਨ.ਡੀ.ਏ. ਜਿਸ ਵਿਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੈ, ਵੀ ਇੱਕ ਧਿਰ ਹੈ। ਚੋਣਾਂ 'ਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਘੱਟ ਗਿਣਤੀਆਂ ਦੇ ਹਿੱਤ ਮੁੱਖ ਮੁੱਦੇ ਹਨ। ਇਸ ਸੂਬੇ 'ਚ ਭਾਜਪਾ ਦਾ ਖ਼ਾਸ ਆਧਾਰ ਵੇਖਣ ਨੂੰ ਨਹੀਂ ਮਿਲਦਾ।

ਅਸਾਮ 'ਚ ਭਾਜਪਾ ਅਤੇ ਏ.ਐੱਸ.ਓ.ਐੱਮ. ਵਿਚਕਾਰ ਟੱਕਰ ਰਹਿੰਦੀ ਹੈ। ਇਸ ਸਮੇਂ ਰਾਜ ਭਾਜਪਾ ਦਾ ਹੈ। ਪੌਂਡੀਚੇਰੀ ਵਿਚ ਐਨ.ਡੀ.ਏ. ਜਿਸ ਵਿਚ ਭਾਜਪਾ ਅਤੇ ਏ.ਆਈ.ਐੱਨ.ਆਰ.ਸੀ. ਸ਼ਾਮਲ ਹਨ ਅਤੇ ਐੱਸ.ਪੀ.ਏ., ਜਿਸ ਵਿਚ ਡੀ.ਐੱਮ.ਕੇ. ਅਤੇ ਕਾਂਗਰਸ ਸ਼ਾਮਲ ਹਨ, ਵਿਚ ਮੁਕਾਬਲਾ ਹੋਏਗਾ। ਭਾਵੇਂ ਕਿ ਨਵੀਂ ਪਾਰਟੀ ਟੀ.ਵੀ.ਕੇ. ਪਾਰਟੀ ਦਾ ਐਕਟਰ ਵਿਜੈ ਦੋਹਾਂ ਫਰੰਟਾਂ ਦੇ ਵਿਚਕਾਰ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਇਨ੍ਹਾਂ ਪੰਜਾਂ ਰਾਜਾਂ ਵਿਚ ਕੇਰਲਾ ਨੂੰ ਛੱਡ ਕੇ ਭਾਜਪਾ ਆਪਣੀ ਵਿਸ਼ੇਸ਼ ਭੂਮਿਕਾ 'ਚ ਹੈ। ਭਾਜਪਾ ਉੱਤੇ ਦੋਸ਼ ਲੱਗ ਰਹੇ ਹਨ ਕਿ ਉਹ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਹਿੱਤ ਵਿਚ ਵਰਤ ਕੇ ਹਰ ਹੀਲੇ ਖ਼ਾਸ ਕਰਕੇ ਪੱਛਮੀ ਬੰਗਾਲ ਦੀ ਖਾੜਕੂ ਨੇਤਾ ਮਮਤਾ ਬੈਨਰਜੀ ਨੂੰ ਹਰਾਉਣਾ ਚਾਹੁੰਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬੰਗਾਲ ਦੌਰਿਆਂ ਦਰਮਿਆਨ ਚੋਣ ਮਾਹੌਲ ਭਖਵਾਂ ਦਿਖਦਾ ਹੈ।

ਚੋਣਾਂ ਜਿੱਤਣ ਲਈ ਸੱਤਾ ਧਾਰੀ ਧਿਰ, ਹਰ ਹਰਬਾ ਵਰਤ ਰਹੀ ਹੈ। ਵਿਰੋਧੀ ਧਿਰਾਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਮੰਗ ਕਰ ਰਹੀਆਂ ਹਨ, ਜਿਸਦਾ ਖ਼ਦਸ਼ਾ ਲਗਾਤਾਰ ਬਣਿਆ ਹੋਇਆ ਹੈ। ਪਿਛਲੇ ਦਿਨਾਂ 'ਚ ਬਿਹਾਰ ਵਿਚ ਸੱਤਾ ਧਿਰ ਨੇ ਵੋਟਰਾਂ ਲਈ ਕੈਸ਼ ਟ੍ਰਾਂਸਫ਼ਰ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਵੱਲੋਂ ਇਸ 'ਭ੍ਰਿਸ਼ਟਾਚਾਰ' ਨੂੰ ਨਜ਼ਰ-ਅੰਦਾਜ਼ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਰਹੀ ਕਿ ਜਦੋਂ ਪ੍ਰਸ਼ਾਂਤ ਕਿਸ਼ੋਰ ਦੀ ਜਨ ਪਾਰਟੀ (ਜੇ.ਐੱਸ.ਪੀ.) ਵੱਲੋਂ ਸੁਪਰੀਮ ਕੋਰਟ 'ਚ ਇਸ ਸੰਬੰਧੀ ਪਟੀਸ਼ਨ ਦਾਇਰ ਕੀਤੀ ਗਈ ਤਾਂ ਇਸ ਨੂੰ ਸੁਪਰੀਮ ਕੋਰਟ ਵੱਲੋਂ ਵੀ ਅਣਦੇਖਿਆ ਕੀਤਾ ਗਿਆ। ਕੇ.ਐੱਸ.ਪੀ. ਨੇ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ 'ਮੁੱਖ ਮੰਤਰੀ ਨੇ ਮਹਿਲਾ ਰੁਜ਼ਗਾਰ ਯੋਜਨਾ' ਤਹਿਤ ਮਹਿਲਾ ਲਾਭਪਾਤਰੀਆਂ ਨੂੰ 10,000 ਰੁਪਏ ਟ੍ਰਾਂਸਫ਼ਰ ਕਰਕੇ ਆਦਰਸ਼ ਚੋਣ ਜ਼ਾਬਤਾ ਦੀ ਉਲੰਘਣਾ ਕੀਤੀ ਹੈ, ਜਿਸਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਵਰਚੁਅਲੀ ਕੀਤੀ ਗਈ। ਕੀ ਇਸ ਕਿਸਮ ਦਾ 'ਮਨੀ ਟ੍ਰਾਂਸਫ਼ਰ' ਪੌਂਡੀਚੇਰੀ ਅਤੇ ਅਸਾਮ ਵਿਚ ਨਹੀਂ ਹੋਏਗਾ, ਜਿੱਥੇ ਭਾਜਪਾ ਸਰਕਾਰ ਹੈ?

ਭਾਵੇਂ ਕਿ ਸੁਪਰੀਮ ਕੋਰਟ ਨੇ ਵੋਟਾਂ ਪ੍ਰਾਪਤ ਕਰਨ ਲਈ ਮੁਫ਼ਤ ਰਿਉੜੀਆਂ ਵੰਡਣ ਉੱਤੇ ਨਾ ਖ਼ੁਸ਼ੀ ਪ੍ਰਗਟ ਕੀਤੀ ਹੈ, ਪਰ ਇਹ ਚਲਨ ਦੇਸ਼ ਵਿਚ ਲਗਾਤਾਰ ਜਾਰੀ ਹੈ। ਉਸ ਤੋਂ ਉੱਪਰ ਭਾਰਤੀ ਚੋਣ ਕਮਿਸ਼ਨ ਦੀ ਐੱਸ.ਆਈ.ਆਰ. ਨੇ ਭਾਰਤੀ ਵੋਟਰਾਂ ਲਈ ਖ਼ਦਸ਼ੇ ਪ੍ਰਗਟ ਕੀਤੇ ਹਨ। ਕਾਬਜ਼ ਸਰਕਾਰੀ ਧਿਰਾਂ ਵੱਲੋਂ ਬੇਵਜਹ ਵੋਟਾਂ ਵੋਟਰ ਸੂਚੀਆਂ ਵਿਚੋਂ ਕੱਟੀਆਂ ਗਈਆਂ ਹਨ, ਜਿਸ ਨਾਲ ਲੋਕਾਂ ਵਿਚ ਲੋਕਤੰਤਰੀ ਵੋਟ ਪ੍ਰਕਿਰਿਆ ਸੁਖਾਵੀਂ ਬਣਾਈ ਰੱਖਣ ਲਈ ਰੁਕਾਵਟ ਪੈਦਾ ਹੋਈ ਹੈ। ਜਿਵੇਂ ਦੇਸ਼ ਦੀ ਮੁੱਖ ਹਾਕਮ ਧਿਰ ਵੱਲੋਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਯੋਜਨਾਬੱਧ ਉਲੰਘਣਾ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਕੀਤੀ ਜਾ ਰਹੀ ਹੈ ਅਤੇ ਜਿਵੇਂ ਵੋਟਰਾਂ ਨੂੰ ਵਿਆਪਕ ਪ੍ਰੇਰਨਾ ਜਾਂ ਰਿਸ਼ਵਤਖੋਰੀ ਨਾਲ ਪ੍ਰਭਾਵਿਤ ਕੀਤੇ ਜਾਣ ਦੇ ਅਮਲ ਜਾਰੀ ਹਨ ਉਹ ਭਾਰਤ ਦੇ ਸੰਵਿਧਾਨ ਦੇ ਮੂਲ ਢਾਂਚੇ ਲਈ ਸਿੱਧਾ ਖੋਰਾ ਹਨ। ਦੱਖਣ, ਪੂਰਬੀ ਰਾਜਾਂ ਦੇ ਸੂਝਵਾਨ ਵੋਟਰ ਆਪਣੇ ਵਿਵੇਕ ਅਤੇ ਬੁੱਧੀ ਨਾਲ ਕੀ ਉਨ੍ਹਾਂ ਸਾਰੇ ਗ਼ਲਤ ਅਮਲਾਂ ਨੂੰ ਪਿਛਾੜ ਦੇਣਗੇ, ਜਿਸ ਦਾ ਹਮਲਾ ਉਹ ਆਉਣ ਵਾਲੇ ਦਿਨਾਂ 'ਚ ਆਪਣੇ 'ਤੇ ਝੱਲਣਗੇ? ਸਾਮ, ਦਾਮ, ਦੰਡ ਅਤੇ ਧੂੰਆਂਧਾਰ ਫ਼ਿਰਕੂ ਪ੍ਰਚਾਰ ਉਨ੍ਹਾਂ ਦੇ ਇਰਾਦਿਆਂ ਨੂੰ ਕੀ ਦ੍ਰਿੜ ਰੱਖ ਸਕੇਗਾ ਜਾਂ ਫਿਰ ਮੁੱਠੀ ਭਰ 'ਸਿੱਧੀ ਨਕਦੀ ਰਕਮ' ਦੇ ਵਹਾਅ ਵਿਚ ਵਹਿ ਕੇ ਉਹ ਦੇਸ਼ ਦੀ ਸੰਵਿਧਾਨਕ ਲੋਕਤੰਤਰੀ ਤਾਕਤ ਨੂੰ ਖੇਰੂੰ-ਖੇਰੂੰ ਕਰਨ ਵਾਲਿਆਂ ਦੇ ਪੱਖ 'ਚ ਖੜ੍ਹੇ ਜਾਣਗੇ?

## ਕੈਨੇਡੀਅਨ ਤੇਲ

*(ਪਿਛਲੇ ਸਫੇ ਦਾ ਬਾਕੀ)*

ਕਰਨਗੇ। ਘੇਰਾਬੰਦੀ ਤੋੜਨ ਦਾ ਇੱਕੋ ਇੱਕ ਤਰੀਕਾ ਖੇਤਰੀ ਦੇਸ਼ਾਂ ਨੂੰ ਇਕੱਠੇ ਕਰਨਾ ਅਤੇ ਸਾਂਝੇ ਤੌਰ 'ਤੇ ਕੰਮ ਕਰਨਾ ਹੈ। ਕੈਨੇਡਾ ਕੋਲ ਇਹ ਕਰਨ ਦੀ ਸ਼ਕਤੀ ਹੈ।

ਸਭ ਤੋਂ ਵੱਡਾ ਅਣਕਿਹਾ ਖ਼ਤਰਾ ਇਹ ਹੈ ਕਿ ਅਸੀਂ ਕੁੱਝ ਵੀ ਨਾ ਕਰੀਏ ਅਤੇ ਅਮਰੀਕਾ ਨੂੰ ਯੋਜਨਾਬੱਧ ਢੰਗ ਨਾਲ ਇਸ ਖੇਤਰ ਦੇ ਆਜ਼ਾਦ ਮੁਲਕਾਂ ਨੂੰ ਖਤਮ ਕਰਨ ਦੇਈਏ, ਅਤੇ ਜਦੋਂ ਉਹ ਸਾਡੇ 'ਤੇ ਹਮਲਾ ਕਰਨ ਆਉਣ ਤਾਂ ਉਸ ਸਮੇਂ ਸਾਡੇ ਪਿੱਛੇ ਆਉਣ ਵਾਲਾ ਕੋਈ ਨਾ ਹੋਵੇ।

ਸ਼ਾਂਤੀ ਖੇਤਰ ਦੀ ਰੱਖਿਆ

2014 ਵਿਚ, ਲਾਤੀਨੀ ਅਮਰੀਕੀ ਅਤੇ ਕੈਰੇਬੀਅਨ ਸਟੇਟਸ ਦੀ ਕਮਿਊਨਿਟੀ (ਸੀ ਈ ਐੱਲ ਏ ਸੀ - CELAC) ਦੇ ਮੈਂਬਰ-ਦੇਸ਼ਾਂ ਨੇ, ਜਿਸ ਵਿਚ ਮੈਕਸੀਕੋ, ਸੈਂਟਰਲ ਅਮਰੀਕਾ ਅਤੇ ਕੈਰੇਬੀਅਨ ਦੇ ਸਾਰੇ ਦੇਸ਼ ਅਤੇ ਦੱਖਣੀ ਅਮਰੀਕਾ ਦੇ ਸਾਰੇ ਦੇਸ਼ ਸ਼ਾਮਲ ਹਨ, ਆਪਣੇ ਖੇਤਰ ਨੂੰ 'ਸ਼ਾਂਤੀ ਦਾ ਖੇਤਰ' ਘੋਸ਼ਿਤ ਕੀਤਾ ਸੀ। ਇਹ ਇੱਕ ਅਸਾਧਾਰਨ ਅਤੇ ਇਤਿਹਾਸਕ ਘੋਸ਼ਣਾ ਸੀ, ਜਿਸ ਵਿਚ ਅਰਧ ਗੋਲੇ (ਹੈਮੀਸਫੀਅਰ) ਦੇ ਦੇਸ਼ਾਂ ਨੇ ਖੇਤਰੀ ਏਕੀਕਰਨ ਨੂੰ ਡੂੰਘਾ ਕਰਨ, ਰਾਸ਼ਟਰੀ ਪ੍ਰਭੂਸੱਤਾ (ਸੌਵਰਨਿਟੀ) ਦਾ ਸਤਿਕਾਰ ਕਰਨ ਅਤੇ ਝਗੜਿਆਂ ਦਾ ਹੱਲ ਲੱਭਣ ਲਈ ਫੌਜੀ ਤਰੀਕੇ ਵਰਤਣ ਦੀ ਥਾਂ ਸ਼ਾਂਤੀਪੂਰਨ ਕੂਟਨੀਤਕ ਤਰੀਕੇ ਵਰਤਣ ਦਾ ਸੰਕਲਪ ਲਿਆ ਸੀ। ਘੋਸ਼ਣਾ ਵਾਲੇ ਸਾਲ ਵਿਚ ਸੀ ਈ ਐੱਲ ਏ ਸੀ - CELAC ਦੀ ਬਦਲਦੀ ਰਹਿਣ ਵਾਲੀ ਪ੍ਰਧਾਨਤਾ (ਰੋਟੇਟਿੰਗ ਪ੍ਰੈਜ਼ੀਡੈਂਸੀ) ਕਿਊਬਾ ਕੋਲ ਸੀ ਅਤੇ ਇਸ ਬਾਰੇ ਵੋਟ ਹਵਾਨਾ ਵਿਚ ਹੋਈ ਸੀ।

ਅੱਜ, ਲਾਤੀਨੀ ਅਮਰੀਕਾ ਨੂੰ ਸ਼ਾਂਤੀ ਖੇਤਰ ਵਜੋਂ ਰੱਖਣ ਦੇ ਲੰਬੇ ਸਮੇਂ ਦੇ ਸੁਪਨੇ ਨੂੰ ਖੇਤਰ ਵਿਚ ਅਮਰੀਕਾ ਦੀ ਨਵੀਂ ਧੱਕੇਸ਼ਾਹੀ - ਕਿਊਬਾ, ਵੈਨੇਜ਼ੂਏਲਾ, ਕੋਲੰਬੀਆ, ਮੈਕਸੀਕੋ, ਬ੍ਰਾਜ਼ੀਲ ਅਤੇ ਹੋਰਾਂ ਵਿਰੁੱਧ ਕੀਤੀ ਜਾ ਰਹੀ ਧੱਕੇਸ਼ਾਹੀ-ਨਾਲ ਤਬਾਹ ਕੀਤਾ ਜਾ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਰਾਸ਼ਟਰੀ ਚੋਣਾਂ ਵਿਚ ਸਿੱਧਾ ਦਖਲ ਦੇ ਰਿਹਾ ਹੈ ਅਤੇ ਆਜ਼ਾਦ (ਸੌਵਰਨ) ਦੇਸ਼ਾਂ ਵਿਰੁੱਧ ਖੁੱਲ੍ਹੇਆਮ ਗੈਰ-ਕਾਨੂੰਨੀ ਫੌਜੀ ਦਖਲ ਦੇ ਰਿਹਾ ਹੈ।

ਅਮਰੀਕਾ ਕਿਊਬਾ ਨੂੰ ਉਦਾਹਰਨ ਬਣਾਉਣਾ ਚਾਹੁੰਦਾ ਹੈ ਤਾਂ ਜੋ ਬਾਕੀ ਖੇਤਰ (ਅਤੇ ਦੁਨੀਆ) ਨੂੰ ਡਰਾ ਕੇ ਅਧੀਨਤਾ ਵਿਚ ਲਿਆਂਦਾ ਜਾ ਸਕੇ। ਕੈਨੇਡਾ ਅਤੇ ਬਾਕੀ ਦੁਨੀਆ ਨੂੰ ਵੀ ਕਿਊਬਾ ਨੂੰ ਉਦਾਹਰਣ ਬਣਾਉਣਾ ਚਾਹੀਦਾ ਹੈ— ਅੰਤਰਰਾਸ਼ਟਰੀ ਏਕਤਾ ਦੀ ਸ਼ਕਤੀ ਦੀ ਉਦਾਹਰਣ ਜੋ ਸਾਮਰਾਜਵਾਦੀ ਧੱਕੇਸ਼ਾਹੀ ਨੂੰ ਚੁਣੌਤੀ ਦੇ ਸਕੇ।

****

ਕੈਨੇਡਾ ਦੀ ਸਰਕਾਰ ਨੂੰ ਭੇਜੀ ਜਾ ਰਹੀ ਪਟੀਸ਼ਨ 'ਲੈਟ ਕਿਊਬਾ ਲਿਵ! -ਕਿਊਬਾ ਨੂੰ ਜੀਉਣ ਦਿਉ!' 'ਤੇ ਦਸਤਖਤ ਕਰਨ ਲਈ ਇਸ ਲਿੰਕ 'ਤੇ ਜਾਉ: https://www.ourcommons.ca/petitions/en/Petition/Details? Petition =e-7082

# ਇੰਟਰਨੈੱਟ 'ਤੇ ਖੁਸ਼ੀਆਂ ਭਾਲਦੇ ਲੋਕ

ਅੱਜ ਦਾ ਦੌਰ ਤਕਨੀਕ ਦਾ ਦੌਰ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਵਧੇਰੇ ਆਰਾਮਦਾਇਕ ਅਤੇ ਸਹੂਲਤ ਭਰਿਆ ਬਣਾ ਦਿੱਤਾ ਹੈ। ਦਿਨਾਂ ਦੇ ਕੰਮ ਘੰਟਿਆਂ ਅਤੇ ਮਿੰਟਾਂ ਦੇ ਕੰਮ ਸਕਿੰਟਾਂ ਵਿਚ ਹੋਣ ਲੱਗੇ ਹਨ। ਦੁਨੀਆਂ ਭਰ ਦੀ ਹਰ ਖ਼ਬਰ ਆਮ ਲੋਕਾਂ ਕੋਲ ਮੋਬਾਈਲ ਸਕਰੀਨ ਦੇ ਜ਼ਰੀਏ ਝੱਟਪਟ ਅੱਪੜ ਜਾਂਦੀ ਹੈ। ਮਨੁੱਖ ਕੋਲ ਸੂਚਨਾ ਪ੍ਰਾਪਤੀ ਦੇ ਸਾਧਨ ਤੇਜ਼



**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

ਹੋ ਗਏ ਹਨ। ਹੁਣ ਲੋਕ ਚਿੱਠੀ-ਪੱਤਰ ਜਾਂ ਕਿਸੇ ਸੁਨੇਹੇ ਦੀ ਉਡੀਕ ਨਹੀਂ ਕਰਦੇ ਬਲਕਿ ਸੋਸ਼ਲ-ਮੀਡੀਏ ਰਾਹੀਂ ਖ਼ਬਰ ਦੀ ਤਹਿ ਤਕ ਝੱਟ ਅੱਪੜ ਜਾਂਦੇ ਹਨ। ਇੱਕ ਗੱਲ ਹੋਰ, ਅੱਜ ਸੂਚਨਾ (ਖ਼ਬਰ) ਨੂੰ ਪਰਖ਼ਣ ਦੇ ਵਿਭਿੰਨ ਸਾਧਨ ਵੀ ਇੰਟਰਨੈੱਟ ਰਾਹੀਂ ਹੀ ਮੌਜੂਦ ਹਨ। ਕਿਹੜੀ ਖ਼ਬਰ ਸੱਚੀ ਹੈ? ਤੇ ਕਿਹੜੀ ਅਫ਼ਵਾਹ? ਇਨ੍ਹਾਂ ਬਾਰੇ ਵੀ ਇੰਟਰਨੈੱਟ ਤੋਂ ਹੀ ਪਤਾ ਲਗਾਇਆ ਜਾ ਸਕਦਾ ਹੈ। ਕੁਲ ਮਿਲਾ ਕੇ ਮਨੁੱਖ ਕੋਲ ਸੂਚਨਾ ਕ੍ਰਾਂਤੀ ਦੇ ਬਹੁ-ਵਿਕਲਪ ਮੌਜੂਦ ਹਨ। ਖ਼ੈਰ!

ਇੰਟਰਨੈੱਟ ਨੇ ਜਿੱਥੇ ਮਨੁੱਖ ਕੋਲ ਸੂਚਨਾਵਾਂ ਦੇ ਸਾਧਨ ਪੈਦਾ ਕੀਤੇ ਹਨ, ਉੱਥੇ ਹੀ ਆਮ ਸਮਾਜਿਕ ਜੀਵਨ ਨਾਲੋਂ ਤੋੜ ਕੇ ਵੀ ਰੱਖ ਦਿੱਤਾ ਹੈ। ਅੱਜ ਦੇ ਬਹੁਤੇ ਲੋਕਾਂ ਦਾ ਸੰਸਾਰ ਕੇਵਲ ਉਨ੍ਹਾਂ ਦੇ ਮੋਬਾਈਲ ਦੀ ਸਕਰੀਨ ਹੀ ਰਹਿ ਗਈ ਹੈ। ਇਹ ਗੱਲ ਕੇਵਲ ਬੱਚਿਆਂ 'ਤੇ ਹੀ ਲਾਗੂ ਨਹੀਂ ਹੁੰਦੀ, ਬਲਕਿ ਹੁਣ ਤਾਂ ਬਜ਼ੁਰਗ ਵੀ ਦਿਨ ਭਰ ਮੋਬਾਈਲ ਦੀ ਸਕਰੀਨ 'ਤੇ ਆਪਣਾ ਵਕਤ ਗੁਜ਼ਾਰਦੇ ਆਮ ਹੀ ਦੇਖੇ ਗਏ ਹਨ। ਇਸ ਆਦਤ ਨਾਲ ਮਨੁੱਖ ਬਾਹਰੀ ਮਾਹੌਲ ਨਾਲੋਂ ਉੱਕਾ ਹੀ ਟੁੱਟ ਜਾਂਦਾ ਹੈ ਅਤੇ ਅਕਸਰ ਕਲਪਨਾ ਦੀ ਦੁਨੀਆਂ ਵਿਚ ਗੁਆਚ ਜਾਂਦਾ ਹੈ। ਇਹ ਕਲਪਨਾ ਦੀ ਦੁਨੀਆਂ ਵਿਚ ਬੰਦਾ ਜਿੱਥੇ ਖ਼ੁਸ਼ੀ ਮਹਿਸੂਸ ਕਰਦਾ ਹੈ, ਆਪਣੇ ਦੁੱਖਾਂ-ਦਰਦਾਂ ਨੂੰ ਵੀ ਕੁਝ ਵਕਤ ਲਈ ਭੁੱਲ ਜਾਂਦਾ ਹੈ। ਜਿਸ ਪ੍ਰਕਾਰ ਨਸ਼ੇ ਦਾ ਸੇਵਨ ਕਰਦੇ ਲੋਕ ਕੁਝ ਵਕਤ ਲਈ ਆਪਣੇ ਦੁੱਖਾਂ ਨੂੰ ਭੁੱਲ ਜਾਂਦੇ ਹਨ, ਇੰਝ ਹੀ ਸੋਸ਼ਲ-ਮੀਡੀਆ ਉੱਪਰ ਬਿਜ਼ੀ ਲੋਕ ਵੀ ਬਾਹਰੀ ਦੁਨੀਆਂ ਨੂੰ ਭੁੱਲ ਜਾਂਦੇ ਹਨ।

ਪਰ, ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਇਸ ਕਲਪਨਾ ਦੀ ਦੁਨੀਆਂ ਵਿਚ ਕੁਝ ਸਮੇਂ ਦੀ ਖ਼ੁਸ਼ੀ ਤਾਂ ਮਿਲ ਸਕਦੀ ਹੈ। ਪਰ, ਲੰਮੇ ਸਮੇਂ ਲਈ ਨਹੀਂ। ਫੇਰ ਕਿਸੇ ਦੁੱਖ ਜਾਂ ਮੁਸੀਬਤ ਵਿਚ ਇੰਟਰਨੈੱਟ 'ਤੇ ਬਣੀਆਂ ਦੋਸਤੀਆਂ ਕੰਮ ਨਹੀਂ ਆਉਂਦੀਆਂ। ਅਜਿਹੀ ਸਥਿਤੀ ਵਿਚ ਮਨੁੱਖ ਇਕੱਲਾ ਰਹਿ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਜਾਂਦਾ ਹੈ। ਪਰ ਬਦਕਿਸਮਤੀ, ਮਨੁੱਖ ਆਪਣੇ ਆਲੇ-ਦੁਆਲੇ ਨੂੰ ਛੱਡ ਕੇ ਇੰਟਰਨੈੱਟ ਜਾਂ ਸੋਸ਼ਲ-ਮੀਡੀਆ 'ਤੇ ਖ਼ੁਸ਼ੀਆਂ ਭਾਲਦਾ ਫਿਰਦਾ ਹੈ। ਅੱਜ ਹਾਲਾਤ ਅਜਿਹੇ ਬਣ ਗਏ ਹਨ ਕਿ ਬਹੁਤੇ ਲੋਕ ਖਾਣ-ਪੀਣ ਲਈ ਵੀ ਸਭ ਤੋਂ ਪਹਿਲਾਂ ਮੋਬਾਈਲ ਚਲਾ ਕੇ ਅੱਗੇ ਰੱਖਦੇ ਹਨ ਅਤੇ ਫਿਰ ਨਾਲ-ਨਾਲ ਖਾਣਾ ਖਾਂਦੇ ਹਨ। ਬੱਸ, ਰੇਲ ਜਾਂ ਕਿਸੇ ਯਾਤਰਾ ਦੇ ਮੌਕੇ ਬਹੁਤੇ ਯਾਤਰੀ ਇੱਕ-ਦੂਜੇ ਵੱਲ ਝਾਕਦੇ ਤਕ ਨਹੀਂ, ਗੱਲਬਾਤ ਤਾਂ ਬਹੁਤ ਦੂਰ ਦੀ ਗੱਲ ਹੈ। ਮੁਸਾਫ਼ਰ ਆਪਣੇ ਮੋਬਾਈਲਾਂ 'ਤੇ ਮਸਰੂਫ ਦੇਖੇ ਜਾ ਸਕਦੇ ਹਨ। ਸੈਰ ਕਰਦਿਆਂ, ਦੌੜਦਿਆਂ, ਰੋਟੀ ਖਾਂਦਿਆਂ, ਸਫ਼ਰ ਕਰਦਿਆਂ, ਮੰਦਰ-ਗੁਰਦੁਆਰੇ ਵਿਚ ਬੈਠੇ ਸ਼ਰਧਾਲੂਆਂ ਨੂੰ ਮੋਬਾਈਲਾਂ 'ਤੇ ਬਿਜ਼ੀ ਦੇਖਿਆ ਜਾ ਸਕਦਾ ਹੈ। ਅੱਜ ਅਸਲ ਦੋਸਤ (ਉਹ ਭਾਵੇਂ ਆਂਢ-ਗੁਆਂਢ ਦੇ ਹੋਣ ਜਾਂ ਫਿਰ ਸਕੂਲ-ਕਾਲਜ) ਦੇ ਸਮੇਂ ਦੇ ਹੋਣ; ਉਨ੍ਹਾਂ ਨਾਲ ਜ਼ਿਆਦਾ ਵਾ-ਵਾਸਤਾ ਨਹੀਂ ਰੱਖਿਆ ਜਾਂਦਾ ਬਲਕਿ ਇੰਟਰਨੈੱਟ 'ਤੇ ਚੰਦ ਦਿਨਾਂ ਦੀ ਦੋਸਤੀ ਵਧੇਰੇ ਖਿੱਚ ਦਾ ਕੇਂਦਰ ਹੁੰਦੀ ਹੈ। ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੱਖਾਂ ਲੋਕਾਂ ਨਾਲ ਦੋਸਤੀ ਵਾਲੇ ਬੰਦੇ ਕਿਸੇ ਮੁਸੀਬਤ ਵਿਚ ਇਕੱਲੇ ਦੇਖੇ ਜਾ ਸਕਦੇ ਹਨ। ਇੱਥੇ ਗੱਲ ਸਿਰਫ਼ ਮੁਸੀਬਤ ਦੀ ਨਹੀਂ ਬਲਕਿ ਕਈ ਵਾਰ ਇੰਟਰਨੈੱਟ 'ਤੇ ਹੋਈ ਦੋਸਤੀ ਵਿਆਹ-ਸ਼ਾਦੀ ਤਕ ਅੱਪੜ ਜਾਂਦੀ ਹੈ ਪਰ, ਜਦੋਂ ਫ਼ੈਸਲਾ ਗਲਤ ਹੋ ਜਾਂਦਾ ਹੈ ਤਾਂ ਮਨੁੱਖ ਕੋਲ ਸਿਰਫ਼ ਪਛਤਾਵਾ ਹੀ ਰਹਿ ਜਾਂਦਾ ਹੈ। ਇਸ ਲਈ ਕੋਈ ਵੀ ਫ਼ੈਸਲਾ ਕਰਨਾ ਹੈ ਤਾਂ ਸੋਚ-ਸਮਝ ਕੇ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ ਵਿਚ ਕਿਸੇ ਉਲਾਂਭੇ ਦੀ ਸੰਭਾਵਨਾ ਨਾ ਰਹੇ। ਇੰਟਰਨੈੱਟ ਦੀ ਦੁਨੀਆਂ ਅਸਲ ਹਕੀਕਤ ਨਹੀਂ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਇੰਟਰਨੈੱਟ 'ਤੇ ਹੋਈਆਂ ਸਾਰੀਆਂ ਦੋਸਤੀਆਂ ਹੀ ਗ਼ਲਤ ਜਾਂ ਗ਼ੈਰ ਜ਼ਰੂਰੀ ਨਹੀਂ ਹੁੰਦੀਆਂ ਪਰ, ਅਸਲ ਜੀਵਨ ਦੇ ਦੋਸਤ-ਮਿੱਤਰ ਅਤੇ ਪਰਿਵਾਰਕ ਮੈਂਬਰ ਹੀ ਵਧੇਰੇ ਕੰਮ ਆਉਂਦੇ ਹਨ। ਮਨੁੱਖ ਨੂੰ ਜਿੰਨੀ ਖ਼ੁਸ਼ੀ ਆਪਣੇ ਘਰ ਤੋਂ, ਆਪਣੇ ਪਰਿਵਾਰਕ ਮੈਂਬਰਾਂ ਵਿਚ ਬੈਠ ਕੇ ਮਿਲ ਸਕਦੀ ਹੈ, ਉਨੀ ਇੰਟਰਨੈੱਟ 'ਤੇ ਨਹੀਂ ਮਿਲ ਸਕਦੀ। ਜਿਸ ਪਰਿਵਾਰਕ ਮੈਂਬਰ ਨੇ ਤੁਹਾਨੂੰ ਨਿੱਕੇ ਹੁੰਦਿਆਂ ਤੋਂ ਦੇਖਿਆ, ਜਾਣਿਆ ਅਤੇ ਸਮਝਿਆ ਹੈ ਉਹ ਤੁਹਾਡੇ ਲਈ ਵਧੇਰੇ ਸਾਰਥਕ ਅਤੇ ਮੱਦਦਗਾਰ ਸਾਬਿਤ ਹੋ ਸਕਦਾ ਹੈ। ਪਰ ਦਿਨ ਭਰ ਇੰਟਰਨੈੱਟ 'ਤੇ ਖ਼ੁਸ਼ੀਆਂ ਭਾਲਦੇ ਲੋਕ ਇਹ ਗੱਲ ਨੂੰ ਕਿੰਨਾ ਕੁ ਸਮਝਣਗੇ, ਇਹ ਦੇਖਣ ਵਾਲੀ ਗੱਲ ਹੋਵੇਗੀ। ਜਿਉਂਦੇ-ਵੱਸਦੇ ਰਹੋ ਸਾਰੇ।

# ‘ਰੇਨ ਰੇਨ ਗੋ ਅਵੇ’ ਬਨਾਮ ‘ਰੱਬਾ ਰੱਬਾ ਮੀਂਹ ਬਰਸਾ’

ਭਾਸ਼ਾ ਮਹਿਜ਼ ਅੱਖਰ ਨਹੀਂ ਹੁੰਦੇ ਤੇ ਨਾ ਹੀ ਅੱਖਰਾਂ ਦੇ ਜੋੜ ਦੇ ਰੂਪ ਵਿਚ ਸ਼ਬਦ ਜਾਂ ਵਾਕ ਹੁੰਦੇ ਹਨ... ਨਾ ਹੀ ਇਹ ਮਹਿਜ਼ ਵਿਆਕਰਨਿਕ ਇਕਾਈ ਹੁੰਦੀ ਹੈ। ਭਾਸ਼ਾ ਉਸ ਨੂੰ ਬੋਲਣ ਵਾਲਿਆਂ ਦਾ ਗਿਆਨ ਸ਼ਾਸਤਰੀ ਅਤੇ ਸਿਰਜਣਾਤਮਕ ਬਿਰਤਾਂਤ ਹੁੰਦਾ ਹੈ, ਸਦੀਆਂ ਤੋਂ ਸਮੋਈ ਵਿਰਾਸਤ ਹੁੰਦੀ ਹੈ ਅਤੇ ਜਿਉਂਦੀ ਜਾਗਦੀ ਪਰੰਪਰਾ ਹੁੰਦੀ ਹੈ। ਭਾਸ਼ਾ ਪਾਣੀਆਂ ਵਾਂਗ ਵਹਿੰਦੀ ਹੋਈ ਬਹੁਤ ਕੁਝ ਛੱਡਦੀ ਜਾਂਦੀ ਹੈ ਅਤੇ ਬਹੁਤ ਕੁਝ ਨਾਲ ਰਲਾਉਂਦੀ ਜਾਂਦੀ ਹੈ। ਹਰ ਭਾਸ਼ਾ ਦਾ ਇਕ ਭਾਵਨਾਤਮਕ, ਸਮਾਜਿਕ ਅਤੇ ਸਭਿਆਚਾਰਕ ਸੰਦਰਭ ਹੁੰਦਾ ਹੈ, ਜਿਸ ਦੀਆਂ ਜੜ੍ਹਾਂ ਉਸ ਦੇ ਲੰਮੇ ਇਤਿਹਾਸਕ ਕਾਲਖੰਡ ਰਾਹੀਂ ਪ੍ਰਾਪਤ ਕੀਤੇ

**ਕੁਲਦੀਪ ਸਿੰਘ ਦੀਪ (ਡਾ.)**
**ਫੋਨ: 98768-20600**

ਸਮੂਹਕ ਅਤੇ ਵਿਅਕਤੀਗਤ ਅਨੁਭਵ ਵਿਚ ਹੁੰਦੀਆਂ ਹਨ। ਸੱਸਿਓਰ ਦੀ ਭਾਸ਼ਾ ਵਿਚ ਇਹ ‘ਲੈਂਗ ਤੇ ਪੈਰੋਲ’ ਹੈ ਅਤੇ ਨੋਆਮ ਚੌਮਸਕੀ ਦੀ ਭਾਸ਼ਾ ਵਿਚ ਇਹ ‘ਯੋਗਤਾ ਅਤੇ ਨਿਭਾਓ’ ਹੈ। ਸਾਡੀ ਲੋਕਧਾਰਾ ਕਹਿੰਦੀ ਹੈ :

ਰਾਈ ਰਾਈ ਰਾਈ
ਇਹ ਵੀ ਤੇਰਾ ਸ਼ੁਕਰ ਰੱਬਾ, ਸਿੱਧੀ ਦਿਲ ਨੂੰ ਜੀਭ ਨਾ ਲਾਈ।

ਆਪਣੀ ਭਾਸ਼ਾ ਵਿਚ ਦਿਲ ਨੂੰ ਜੀਭ ਲਗਦੀ ਹੈ ਅਤੇ ਆਪਣੀ ਭਾਸ਼ਾ ਜਜ਼ਬਿਆਂ, ਖਿਆਲਾਂ, ਸਿਰਜਣਾਵਾਂ ਅਤੇ ਗਿਆਨ ਦਾ ਆਧਾਰ ਹੁੰਦੀ ਹੈ, ਜਦ ਕਿ ਦੂਜੀ ਭਾਸ਼ਾ ਨੂੰ ਅਸੀਂ ਦਿਮਾਗ਼ ਦੀ ਪੱਧਰ ‘ਤੇ ਉਪਭੋਗੀ ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ। ਆਪਣੀ ਭਾਸ਼ਾ ਰਾਹੀਂ ਸੱਭਿਆਚਾਰਕ ਅਤੇ ਵਿਰਾਸਤੀ ਚਿਹਨਾਂ ਦਾ ਇਕ ਪੂਰਾ ਸੰਸਾਰ ਸਾਡੇ ਸਾਮ੍ਹਣੇ ਆ ਖੜ੍ਹਾ ਹੁੰਦਾ ਹੈ। ਇਸ ਨੂੰ ਇਕ ਬਾਲ ਗੀਤ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਸਾਡੇ ਬਹੁਤ ਸਾਰੇ ਅੰਗਰੇਜ਼ੀ ਮਾਨਸਿਕਤਾ ਵਾਲੇ ਸਕੂਲਾਂ ਦੀਆਂ ਦੀਵਾਰਾਂ ‘ਤੇ ਇਹ ਅੰਗਰੇਜ਼ੀ ਰ੍ਹਾਇਮ ਲਿਖਿਆ ਹੋਇਆ ਮਿਲਦਾ ਹੈ :

Rain, rain, go away
Come again some other day
We want to go outside and play
Come again some other day

ਇਹ ਸ਼ਾਨਦਾਰ ਗੀਤ ਹੈ, ਪਰ ਬੁਨਿਆਦੀ ਤੌਰ ‘ਤੇ ਇਹ ਉਨ੍ਹਾਂ ਧਰਤੀਆਂ ਦਾ ਗੀਤ ਹੈ, ਜਿੱਥੇ ਠੰਢ ਅਤੇ ਬਾਰਿਸ਼ ਜ਼ਿਆਦਾ ਪੈਂਦੀ ਹੈ ਅਤੇ ਧੁੱਪ ਨਾਮਾਤਰ ਨਿਕਲਦੀ ਹੈ। ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਮੀਂਹ ਪੈਂਦਾ ਰਹਿੰਦਾ ਹੈ ਅਤੇ ਬਹੁਤ ਜ਼ਿਆਦਾ ਠੰਢਾ ਮੌਸਮ ਹੋਣ ਕਾਰਨ ਬੱਚੇ ਮੀਂਹ ਦੌਰਾਨ ਬਾਹਰ ਨਹੀਂ ਖੇਡ ਸਕਦੇ। ਇਸ ਲਈ ਉਨ੍ਹਾਂ ਥਾਵਾਂ ਦੇ ਬੱਚੇ ਕਹਿੰਦੇ ਹਨ:

ਵਰਖਾ ਵਰਖਾ ਜਾ/ਫੇਰ ਕਿਸੇ ਦਿਨ ਆ
ਅਸੀਂ ਬਾਹਰ ਹੈ ਖੇਡਣਾ/ਸਾਨੂੰ ਨਾ ਸਤਾ
ਵਰਖਾ ਵਰਖਾ ਜਾ/ਫੇਰ ਕਿਸੇ ਦਿਨ ਆ

ਪਰ ਪੰਜਾਬ ਦਾ ਕੁਦਰਤੀ ਅਤੇ ਆਰਥਿਕ ਵਾਤਾਵਰਨ ਇਸ ਬਾਲ ਗੀਤ ਦੀ ਭਾਵਨਾ ਦੇ ਉਲਟ ਹੈ। ਖੇਤੀ ਆਧਾਰਿਤ ਆਰਥਿਕਤਾ ਵਾਲੇ ਸਮਾਜ ਵਿਚ ਧਰਤੀ ਬਾਰਿਸ਼ ਮੰਗਦੀ ਹੈ, ਫਸਲਾਂ ਪੈਦਾ ਹੁੰਦੀਆਂ ਹਨ ਅਤੇ ਜੀਵਨ ਧਾਰਾ (Life-line) ਚਲਦੀ ਹੈ। ਇਸ ਲਈ ਸਾਡੇ ਬੱਚੇ ਕਦੇ ਇਹ ਨਹੀਂ ਕਹਿਣਗੇ ਕਿ ‘ਵਰਖਾ ਵਰਖਾ ਜਾ’...ਬਲਕਿ ਇਹ ਕਹਿਣਗੇ:

ਕਾਲੀਆਂ ਇੱਟਾਂ ਕਾਲੇ ਰੋੜ/ਮੀਂਹ ਬਰਸਾ ਦੇ ਜ਼ੋਰੋ ਜ਼ੋਰ
ਰੱਬਾ ਰੱਬਾ ਮੀਂਹ ਬਰਸਾ/ਸਾਡੀ ਕੋਠੀ ਦਾਣੇ ਪਾ...

ਸਾਡੀ ਧਰਤੀ ਦੇ ਬਾਲ ਮੀਂਹ ਨੂੰ ਉਡੀਕਦੇ ਹਨ, ਮੀਂਹ ਵਿਚ ਨਹਾਉਂਦੇ ਹਨ, ਕਿਸ਼ਤੀਆਂ ਚਲਾਉਂਦੇ ਹਨ ਅਤੇ ਦੁੜੰਗੇ ਲਾਉਂਦੇ ਹਨ। ਜਦ ਜਲ-ਥਲ ਹੋ ਜਾਂਦਾ ਹੈ ਤਾਂ ਦਰਿਆ, ਖੂਹ, ਛੱਪੜ, ਖੇਤ ਸਭ ਭਰ ਜਾਂਦੇ ਹਨ ਅਤੇ ਤ੍ਰਿਹਾਈ ਬਨਸਪਤੀ ਮੌਲ ਉਠਦੀ ਹੈ ਅਤੇ ਚੀਚ-ਵਹੁਟੀਆਂ ਲਾਲ ਵਸਤਰ ਪਾ ਕੇ ਬਾਹਰ ਨਿਲਦੀਆਂ ਹਨ। ਵਰਖਾ ਸਾਡੀ ਜੀਵਨ ਰੇਖਾ ਹੈ ਜੋ ਸਾਡੇ ਬਾਲ ਗੀਤਾਂ ‘ਰੱਬਾ-ਰੱਬਾ ਮੀਂਹ ਬਰਸਾ’ ਰਾਹੀਂ ਪੇਸ਼ ਹੁੰਦੀ ਹੈ। ਇਉਂ ਹਰ ਭਾਸ਼ਾ ਦਾ ਆਪਣਾ ਸੱਭਿਆਚਾਰਕ ਸੰਦਰਭ ਹੁੰਦਾ ਹੈ। ਫਿਰ ਸਾਡੇ ਸਕੂਲਾਂ ਵਿਚ ‘ਰੇਨ-ਰੇਨ ਗੋ ਅਵੇ ਕਿਉਂ?

ਭਾਸ਼ਾ ਦੀ ਸਿਰਜਣਾਤਮਕ ਅਤੇ ਮੌਲਿਕਤਾ ਦਾ ਵੀ ਆਪਣਾ ਅਹਿਮ ਪਾਸਾਰ ਹੁੰਦਾ ਹੈ। ਭਾਸ਼ਾ ਨੇ ਸਿਰਫ਼ ਦਿਖਦੇ ਵਰਤਾਰਿਆਂ, ਉਪਭੋਗ ਦੀਆਂ







ਵਸਤਾਂ ਅਤੇ ਨਾਵਾਂ-ਥਾਵਾਂ ਤਕ ਹੀ ਸੀਮਤ ਨਹੀਂ ਹੋਣਾ ਹੁੰਦਾ, ਸਗੋਂ ਭਾਸ਼ਾ ਦਾ ਗਿਆਨ ਸ਼ਾਸਤਰੀ, ਸੁਹਜ ਸ਼ਾਸਤਰੀ ਅਤੇ ਸਿਰਜਣ ਸ਼ਾਸਤਰੀ ਧਰਮ ਹੁੰਦਾ ਹੈ, ਹਰ ਭਾਸ਼ਾ ਦਾ ਸੁਤੰਤਰ, ਵਿਲੱਖਣ ਅਤੇ ਮੌਲਿਕ ਸੰਦਰਭ ਹੁੰਦਾ ਹੈ। ਹਰ ਭਾਸ਼ਾ ਆਪਣੇ ਮੌਲਿਕ ਸੰਕਲਪ ਘੜਦੀ ਹੈ, ਅਭਿਧਾ ਤੋਂ ਸ਼ੁਰੂ ਹੋ ਕੇ ਲਕਸ਼ਣਾ ਰਾਹੀਂ ਵਿਅੰਜਨਾ ਤੀਕ ਆਪਣਾ ਸੁਹਜ ਸਿਰਜਦੀ ਹੈ ਅਤੇ ਗਿਆਨ ਦੇ ਵੱਖ-ਵੱਖ ਖੇਤਰਾਂ ਵਿਚ ਮੌਲਿਕ ਚਿਹਨਾਂ ਦਾ ਨਵਾਂ ਸੰਸਾਰ ਉਸਾਰਦੀ ਹੈ, ਜੋ ਉਸ ਭਾਸ਼ਾ ਦੇ ਬੋਲਣ ਵਾਲਿਆਂ ਤੀਕ ਸਹਿਜ ਰੂਪ ਵਿਚ ਸੰਚਾਰਿਤ ਹੁੰਦਾ ਹੈ, ਪਰ ਦੂਜੀ ਭਾਸ਼ਾ ਦੇ ਬੋਲਣ ਵਾਲਿਆਂ ਨੂੰ ਬਹੁਤ ਮੁਸ਼ਕਿਲ ਨਾਲ ਵੀ ਸਮਝ ਨਹੀਂ ਆਉਂਦਾ। ਇਸ ਨੂੰ ਹੇਠ ਲਿਖੇ ਰੂਪਾਂ ਵਿਚ ਸਮਝਿਆ ਜਾ ਸਕਦਾ ਹੈ:

- ਸੰਘਰਸ਼ਾਂ ਦੇ ਦੌਰ ਵਿਚ ਤੁਹਾਡੇ ਆਪਣੇ ਭਾਸ਼ਾਈ ਮੈਟਾਫ਼ਰਾਂ ਨੇ ਤੁਹਾਡੀ ਤਾਕਤ ਬਣਨਾ ਹੁੰਦਾ ਹੈ/ ਰੋਹ/ ਵਿਦਰੋਹ/ਬਗਾਵਤ ਅਤੇ ਕਰਾਂਤੀਆਂ ਦੀ ਜ਼ੁਬਾਨ ਤੁਹਾਡੀ ਮਾਂ ਬੋਲੀ ਹੁੰਦੀ ਹੈ। ਉਧਾਰੇ ਮੈਟਾਫਰਾਂ ਨਾਲ ਰੋਹ ਦੇ ਸਾਗਰ ਨਹੀਂ ਖੌਲਦੇ, ਬਲਕਿ ਆਪਣੀ ਮਿੱਟੀ ਦੇ ਮੈਟਾਫਰ ਹੀ ਤੁਹਾਡੇ ਲੂੰ-ਕੰਡੇ ਖੜ੍ਹੇ ਕਰਕੇ ਤੁਹਾਨੂੰ ਕਰਾਂਤੀਆਂ ਲਈ ਤਿਆਰ ਕਰਦੇ ਹਨ।
- ਖੁਸ਼ੀ, ਗ਼ਮੀ, ਹੈਰਾਨੀ, ਗੁੱਸੇ ਆਦਿ ਨੂੰ ਪ੍ਰਗਟ ਕਰਨ ਵੇਲੇ ਜੋ ਭਾਸ਼ਾਈ ਚਿਹਨ ਘੜੇ ਜਾਂਦੇ ਹਨ, ਉਹ ਹਰ ਭਾਸ਼ਾ ਦੇ ਆਪਣੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸੰਦਰਭਾਂ ਵਿਚੋਂ ਪੈਦਾ ਹੁੰਦੇ ਹਨ। ਇਸ ਵਿਚ ਪਿਆਰ ਦੀ ਸ਼ਬਦਾਵਲੀ ਵੀ ਆ ਜਾਂਦੀ ਹੈ ਅਤੇ ਗਾਲ੍ਹਾਂ (Slang) ਦੀ ਸ਼ਬਦਾਵਲੀ ਵੀ ਆ ਜਾਂਦੀ ਹੈ। ਮਸਲਨ ‘ਮਾਮਾ’ ਸ਼ਬਦ ਸਤਿਕਾਰਤ ਕਿਵੇਂ ਬਣ ਜਾਂਦਾ ਹੈ ਅਤੇ ‘ਸਾਲਾ’ ਸ਼ਬਦ ਗਾਲ੍ਹ ਕਿਵੇਂ ਬਣ ਜਾਂਦੀ ਹੈ, ਇਸ ਨੂੰ ਭਾਰਤੀ ਰਹਿਤਲ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ।
- ਲੋਕਧਾਰਾ ਦੇ ਰੂਪ ਵਿਚ ਜਜ਼ਬਿਆਂ ਦਾ ਆਪਮੁਹਾਰਾ ਪ੍ਰਗਟਾਅ ਵੀ ਸਿਰਜਣਾ ਦਾ ਖ਼ੂਬਸੂਰਤ ਅਮਲ ਹੁੰਦਾ ਹੈ। ਪੰਜਾਬ ਦੇ ਸੁਹਾਗ, ਘੋੜੀਆਂ, ਵੈਣ, ਕੀਰਨੇ, ਅਲਾਹੁਣੀਆ,

## ਮਾਂ ਬੋਲੀ ਦੇ ਨਾਂ...

ਲੋਕਗੀਤ, ਟੱਪੇ, ਢੋਲੇ, ਬਾਤਾਂ/ਬੁਝਾਰਤਾਂ/ਗਾਲ੍ਹਾਂ/ਅਖਾਣਾਂ/ਮੁਹਾਵਰਿਆਂ/ਸਿਆਣਪਾਂ/ਲੋਕਤੱਥਾਂ ਦਾ ਦੁਨੀਆ ਵਿਚ ਕਿਤੇ ਵੀ ਨਾ ਬਦਲ ਹੈ ਅਤੇ ਨਾ ਤਰਜਮਾ ਹੈ।

- ਕਲਾਵਾਂ/ਕਿੱਤਿਆਂ/ਹੁਨਰਾਂ/ਸ਼ਿਲਪਾਂ/ਕਾਢਾਂ/ਫ਼ਲਸਫ਼ਿਆਂ ਆਦਿ ਦਾ ਵੀ ਆਪਣਾ ਭਾਸ਼ਾਈ ਸੰਦਰਭ ਹੁੰਦਾ ਹੈ, ਜੋ ਸੰਕਲਪਾਂ ਦੀ ਪੱਧਰ ‘ਤੇ ਉਸ ਭਾਸ਼ਾ ਦੇ ਬੋਲਣ ਵਾਲਿਆਂ ਦੁਆਰਾ ਆਪ-ਮੁਹਾਰੇ ਸਿਰਜਿਆ ਜਾਂਦਾ ਹੈ ਅਤੇ ਸੰਚਾਰਿਤ ਹੁੰਦਾ ਹੈ। ਜਿਸ ਭਾਸ਼ਾ ਦੇ ਬੁਲਾਰੇ ਕਿਸੇ ਹੋਰ ਭਾਸ਼ਾ ਦੇ ਗਲਬੇ ਹੇਠ ਵਿਚਰਦੇ ਹਨ, ਉਹ ਚਿੰਤਨ, ਸਿਰਜਣਾਤਮਕਤਾ ਅਤੇ ਮੌਲਿਕਤਾ ਦੀ ਅਮੀਰੀ ਤੋਂ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਦੂਜੀ ਭਾਸ਼ਾ ਦੇ ਜਨਰਲ ਕੋਡ ਨੂੰ ਤਾਂ ਅਸੀਂ ਸਿੱਖ ਸਕਦੇ ਹਾਂ, ਪਰ ਜਿਸ ਪੱਧਰ ‘ਤੇ ਕਿਸੇ ਭਾਸ਼ਾ ਵਿਚ ਸੰਕਲਪਾਂ ਦੀ ਨਿਰਮਾਣਕਾਰੀ ਹੁੰਦੀ ਹੈ, ਉਹ ਪੱਧਰ ਬਹੁਤ ਗਹਿਰਾ ਹੁੰਦਾ ਹੈ, ਜਿਸ ਨੂੰ ਕੋਈ ਕੌਮ ਸਦੀਆਂ ਲੰਮੇ ਅਭਿਆਸ ਵਿਚੋਂ ਸਿਰਜਦੀ ਹੈ। ਉਸ ਗਹਿਨ ਕੋਡ ਨੂੰ ਕਿਸੇ ਹੋਰ ਭਾਸ਼ਾ ਦੇ ਬੁਲਾਰੇ ਦੁਆਰਾ ਮੁਕੰਮਲ ਤੌਰ ‘ਤੇ ਸਿੱਖਣਾ ਜਾਂ ਗ੍ਰਹਿਣ ਕਰਨਾ ਨਾਮੁਮਕਿਨ ਵਰਗਾ ਵਰਤਾਰਾ ਹੁੰਦਾ ਹੈ। ਡਿਕਸ਼ਨਰੀਆਂ ਅਤੇ ਅਨੁਵਾਦਾਂ ਰਾਹੀਂ ਅਸੀਂ ਕਿਸੇ ਭਾਸ਼ਾ ਦੇ ਉਪਰਲੀ ਸਤਹਿ ‘ਤੇ ਕਾਰਜਸ਼ੀਲ ਕੋਡ ਨੂੰ ਹੀ ਸਿਖਦੇ ਹਾਂ। ਮੌਲਿਕ ਅਤੇ ਬੁਨਿਆਦੀ ਸੰਕਲਪਾਂ ਦਾ ਨਿਰਮਾਣ ਤਾਂ ਉਸ ਭਾਸ਼ਾ ਦੇ ਬੁਲਾਰਿਆਂ ਦੇ ਗਿਆਨ-ਸ਼ਾਸਤਰੀ ਅਤੇ ਸਮਾਜਿਕ-ਸੱਭਿਆਚਾਰਕ ਧਰਾਤਲਾਂ ‘ਤੇ ਹੀ ਹੁੰਦਾ ਹੈ। ਇਸ ਲਈ ਆਪਣੀ ਭਾਸ਼ਾ ਨਾਲ ਸਾਡਾ ਰਿਸ਼ਤਾ ਕਦੇ ਵੀ ਕਸਟਮਰ ਵਾਲਾ ਨਹੀਂ ਹੁੰਦਾ, ਬਲਕਿ ਅਸੀਂ ਆਪਣੀ ਭਾਸ਼ਾ ਦੇ ਸਿਰਜਕ ਵੀ ਹੁੰਦੇ ਹਾਂ ਅਤੇ ਵਰਤੋਂਕਾਰ ਵੀ, ਜਦ ਕਿ ਦੂਜੀ ਭਾਸ਼ਾ ਦੇ ਅਸੀਂ ਸਿਰਫ਼ ਵਰਤੋਂਕਾਰ ਹੀ ਹੋ ਸਕਦੇ ਹਾਂ, ਸਿਰਜਕ ਕੋਈ ਵਿਰਲਾ-ਟਾਵਾਂ ਹੀ ਹੋ ਸਕਦਾ ਹੈ।

# ਧੀਆਂ ਧਿਆਣੀਆਂ

ਆਪਾਂ ਭਲੀਭਾਂਤ ਜਾਣਦੇ ਹਾਂ ਕਿ ਅੱਜ-ਕੱਲ੍ਹ ਕੁੜੀਆਂ ਮੁੰਡਿਆਂ ਦੇ ਬਰਾਬਰ ਹੀ ਨਹੀਂ, ਬਲਕਿ ਹਰ ਖੇਤਰ ਵਿਚ ਉਨ੍ਹਾਂ ਤੋਂ ਅੱਗੇ ਵੀ ਨਿਕਲ ਰਹੀਆਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸੰਨ 2001 ਵਿਚ ਫ਼ਤਿਹਗੜ੍ਹ ਸਾਹਿਬ ਵਿਚ ਸਿਫ਼ਰ ਤੋਂ ਛੇ ਸਾਲ ਦੇ 1000 ਮੁੰਡਿਆਂ ਪਿੱਛੇ 766 ਕੁੜੀਆਂ ਸਨ। ਦਸ-ਪੰਦਰਾਂ ਸਾਲ ਪਹਿਲਾਂ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਲਿੰਗ ਅਨੁਪਾਤ ਦੇ ਫ਼ਰਕ ਪੱਖੋਂ ਸਾਰੇ ਪੰਜਾਬ ’ਚੋਂ ਫਾਡੀ ਸੀ, ਜੋ ਕਿ ਇਸ ਸ਼ਹੀਦਾਂ ਦੀ ਧਰਤੀ ’ਤੇ ਇੱਕ ਵੱਡਾ ਧੱਬਾ ਸੀ। ਸਰਕਾਰੀ ਤੇ ਗੈਰ-ਸਰਕਾਰੀ ਪ੍ਰਚਾਰ ਅਤੇ ਸਮਾਜ ਸੇਵੀ ਸੰਸਥਾਵਾਂ ਦੇ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਅਣਥੱਕ ਯਤਨਾਂ ਸਦਕਾ ਫ਼ਤਿਹਗੜ੍ਹ ਸਾਹਿਬ ਦੀ ਧਰਤੀ ’ਤੇ ਲੱਗੇ ਇਸ ਧੱਬੇ ਨੂੰ ਧੋ ਲਿਆ ਗਿਆ, ਜੋ ਕਿ ਸਾਡੇ ਸਭ ਲਈ ਬਹੁਤ ਮਾਣ ਵਾਲੀ ਗੱਲ ਹੈ। 2011 ਵਿਚ ਇਹ ਗਿਣਤੀ ਵਧ ਕੇ 842 ਹੋ ਗਈ। ਜ਼ਿਲ੍ਹੇ ਵਿਚ ਚਲਾਈ ‘ਬੇਟੀ ਬਚਾਓ ਬੇਟੀ ਪੜ੍ਹਾਓ’ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਣ ਕਰਕੇ 2014 ਵਿਚ 1000 ਮੁੰਡਿਆਂ ਦੇ ਪਿੱਛੇ ਕੁੜੀਆਂ ਦੀ ਜਨਮ ਦਰ ਵਧ ਕੇ 884 ਤੇ 2016 ਵਿਚ 945 ਹੋ ਗਈ। ਇਹ ਗਿਣਤੀ ਪੰਜਾਬ ਭਰ ਵਿਚ ਸਭ ਤੋਂ ਵੱਧ ਹੈ। ਇਸ ਕਲੰਕ ਨੂੰ ਮਿਟਾਉਣ ਲਈ ਕਰੀਬ ਪੰਦਰਾਂ ਸਾਲ ਦਾ ਸਮਾਂ ਲੱਗਿਆ। ਸਾਰਾ ਪ੍ਰਸ਼ਾਸਨ, ਸਿਹਤ ਵਿਭਾਗ, ਸਮਾਜ ਸੇਵੀ ਸੰਸਥਾਵਾਂ, ਐਨ.ਜੀ.ਓਜ਼ ਅਤੇ ਸਿੱਧੇ ਜਾਂ ਅਸਿੱਧੇ ਤੌਰ ’ਤੇ ਜੁੜਿਆ ਹਰ ਵਿਅਕਤੀ ਵਿਸ਼ੇਸ਼ ਇਸ ਕਾਰਜ ਲਈ ਵਧਾਈ ਦਾ ਪਾਤਰ ਹੈ। ਵੱਧ ਤੋਂ ਵੱਧ ਪ੍ਰਚਾਰ ਤੇ ਲੋਕਾਂ ਵਿਚ ਜਾਗਰੂਕਤਾ ਆਉਣ ਕਰ ਕੇ ਹੀ ਇਹ ਸੰਭਵ ਹੋ ਸਕਿਆ ਹੈ।

ਬੇਸ਼ੱਕ ਭਰੂਣ ਹੱਤਿਆ ਰੋਕਣ ਲਈ ਸਰਕਾਰ ਨੇ ਸਖ਼ਤ ਕਾਨੂੰਨ ਬਣਾਏ ਹੋਏ ਹਨ। ਕਈ ਤਰੀਕਿਆਂ ਨਾਲ ਲੋਕਾਂ ਨੂੰ ਇਸ ਦੇ ਮਾਰੂ ਅਸਰ ਬਾਰੇ ਜਾਣੂੰ ਵੀ ਕਰਵਾਇਆ ਜਾ ਰਿਹਾ ਹੈ। ਕਈ ਸਮਾਜ ਸੇਵੀ ਸੰਸਥਾਵਾਂ ਤੇ ਐਨ.ਜੀ.ਓਜ਼ ਵੀ ਇਸ ਨੂੰ ਰੋਕਣ ਲਈ ਵਧੀਆ ਕਾਰਜ ਕਰ ਰਹੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਪਹਿਲਾਂ ਨਾਲੋਂ ਕਾਫ਼ੀ ਘਟ ਗਈਆਂ ਹਨ। ਪਰ ਹਾਲੇ ਵੀ ਕਿਤੇ ਨਾ ਕਿਤੇ ਚੋਰੀ-ਛਿਪੇ ਇਹ ਵਰਤਾਰਾ ਚੱਲ ਰਿਹਾ ਹੈ। ਆਪਾਂ ਅਕਸਰ ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਪੜ੍ਹਦੇ ਰਹਿੰਦੇ ਹਾਂ ਕਿ ਕਈ ਹਸਪਤਾਲਾਂ ਦੇ ਬਾਹਰਵਾਰ ਮਾਦਾ-ਭਰੂਣਾਂ ਦੇ ਢੇਰ ਮਿਲੇ ਹਨ। ਸਰਕਾਰ ਤੇ ਖ਼ਾਸ ਕਰਕੇ ਸਿਹਤ ਵਿਭਾਗ ਨੂੰ ਇਸ ਪਾਸੇ ਹੋਰ ਵਧੇਰੇ ਚੌਕਸੀ ਦੀ ਲੋੜ ਹੈ ਤਾਂ ਜੋ ਸਾਡੇ ਸਮਾਜ ਵਿਚੋਂ ਇਹ ਕਲੰਕ ਪੂਰੀ ਤਰ੍ਹਾਂ ਨਾ਼ਲ ਮਿਟ ਜਾਵੇ।

ਇੱਥੇ ਮੈਂ ਆਪਣੇ ਤੋਂ ਇਲਾਵਾ ਕੋਈ ਵੀਹ ਕੁ ਜੋੜਿਆਂ ਨੂੰ ਜਾਣਦਾ ਹਾਂ, ਜਿਨ੍ਹਾਂ ਦੇ ਔਲਾਦ ਦੇ ਰੂਪ ’ਚ ਸਿਰਫ਼ ਇੱਕ ਜਾਂ ਦੋ ਕੁੜੀਆਂ ਹੀ ਹਨ। ਇੱਥੇ ਇਹ ਵਰਣਨ ਕਰਨ ਦਾ ਮਕਸਦ ਇਹੀ ਹੈ ਕਿ ਅੱਜ-ਕੱਲ੍ਹ ਕੁੜੀਆਂ ਵੀ ਹਰ ਖੇਤਰ ਵਿਚ ਕਾਮਯਾਬੀ ਦੇ ਮੀਲ-ਪੱਥਰ ਸਥਾਪਤ ਕਰ ਰਹੀਆਂ ਹਨ। ਪਰ ਫਿਰ ਵੀ ਸਾਡੇ ਸਮਾਜ ਵਿਚ ਕੁੜੀ ਦੇ ਮਾਪਿਆਂ ਨੂੰ ਵਿਚਾਰਾ ਜਿਹਾ ਸਮਝਿਆ ਜਾਂਦਾ ਹੈ। ਸਾਨੂੰ ਕਦੇ ਵੀ ਮੁੰਡੇ ਦੀ ਘਾਟ ਮਹਿਸੂਸ ਨਹੀਂ ਹੋਈ, ਪਰ ਲੋਕਾਂ ਨੇ ਇਹ ਮਹਿਸੂਸ ਕਰਵਾਉਣ ਵਿਚ ਕਦੇ ਵੀ ਕਸਰ ਨਹੀਂ ਛੱਡੀ, ਜਿਨ੍ਹਾਂ ਵਿਚ ਰਿਸ਼ਤੇਦਾਰ, ਦੋਸਤ-ਮਿੱਤਰ ਤੇ ਮੋਹ-ਮੁਲਾਹਜ਼ੇ ਵਾਲੇ ਆਦਿ ਸਾਰੇ ਹੀ ਆਉਂਦੇ ਹਨ। ਇਨ੍ਹਾਂ ਸਭਨਾਂ ਕਰਕੇ ਸਮਾਜ ਵਿਚ ਵਿਚਰਦਿਆਂ ਮਜਬੂਰੀ ਵੱਸ ਕਈ ਵਾਰੀ ਅਖੌਤੀ ਬਾਬਿਆਂ ਦੇ ਚੱਕਰਾਂ ’ਚ ਪੈ ਕੇ ਆਰਥਿਕ ਨੁਕਸਾਨ ਵੀ ਕਰਵਾਇਆ। ਹੁਣ ਵੀ ਕਈ ਵਾਰ ਬਹੁਤ ਲੋਕ ਬਾਬਿਆਂ ਬਾਰੇ ਦੱਸਦੇ ਹਨ ਕਿ ਫਲਾਣੇ ਬਾਬੇ ਕੋਲ ਜਾਓ, ਉੱਥੋਂ ਗਰੰਟੀ ਨਾ਼ਲ ਮੁੰਡਾ ਹੋਵੇਗਾ। ਪਰ ਹੁਣ ਸਭ ਨੂੰ ਬਹੁਤ ਸਪਸ਼ਟ ਤਰੀਕੇ ਨਾਲ ਸਾਫ਼ ਮਨ੍ਹਾ ਕਰ ਦਿੰਦੇ ਹਾਂ। ਹਰ ਬਾਬਾ ਆਪਣੇ-ਆਪ ਨੂੰ ਰੱਬ ਦਾ ਏਜੰਟ ਦੱਸ ਕੇ ਆਮ ਲੋਕਾਂ ਦੀਆਂ ਜੇਬਾਂ ’ਤੇ ਆਰੀਆਂ ਫੇਰਦਾ ਫਿਰਦਾ



ਹੈ, ਖ਼ੈਰ, ਬਾਬਿਆਂ ਬਾਰੇ ਗੱਲਾਂ ਕਦੇ ਫੇਰ ਸਹੀ।

‘ਧੀਆਂ ਮਾਰੋਗੇ ਤਾਂ ਨੂੰਹਾਂ ਕਿੱਥੋਂ ਲਿਆਉਗੇ’ ਸੌ ਪ੍ਰਤੀਸ਼ਤ ਸੱਚੀ ਕਹਾਵਤ ਹੈ। ਲੋਕ ਇਸ ਗੱਲ ਨੂੰ ਸਮਝਣ ਵੀ ਲੱਗੇ ਹਨ, ਪਰ ਹਾਲੇ ਵੀ ਜ਼ਿਆਦਾ ਲੋਕ ਇਹੀ ਚਾਹੁੰਦੇ ਹਨ ਕਿ ਕੁੜੀ ਹੋਰਾਂ ਦੇ ਘਰ ਜੰਮ ਪਵੇ, ਸਾਡੇ ਘਰ ਤਾਂ ਮੁੰਡਾ ਹੀ ਹੋਵੇ। ਲੋਕਾਂ ਵਿਚ ਇਹ ਧਾਰਨਾ ਵੀ ਆਮ ਹੈ ਕਿ ਪਹਿਲਾਂ ਤਾਂ ਕੁੜੀਆਂ ਨੂੰ ਪੜ੍ਹਾਓ-ਲਿਖਾਓ ਤੇ ਉਸ ਤੋਂ ਬਾਅਦ ਉਸ ਦੇ ਵਿਆਹ ਤੇ ਦਾਜ-ਦਹੇਜ ’ਤੇ ਖ਼ਰਚਾ ਕਰੋ। ਇਹ ਗੱਲ ਬਹੁਤ ਹੱਦ ਤੱਕ ਠੀਕ ਵੀ ਹੈ। ਦੂਜੀ ਗੱਲ ਇਹ ਕਿ ਕਈ ਲੋਕ ਮੁੰਡਿਆਂ ਨੂੰ ਹੀ ਆਪਣੇ ਬੁਢਾਪੇ ਦੇ ਸਹਾਰੇ ਦੀ ਗਰੰਟੀ ਮੰਨਦੇ ਹਨ। ਅਜਿਹੇ ਲੋਕਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜ-ਪੰਜ ਪੁੱਤਾਂ ਦੀਆਂ ਮਾਵਾਂ ਆਪਣੇ ਬੁਢਾਪੇ ਵਕਤ ਰੋਟੀ ਗੁਰਦਵਾਰੇ ਖਾਂਦੀਆਂ ਮੈਂ ਆਪ ਦੇਖੀਆਂ ਹਨ।

ਮੰਨ ਲਓ ਇੱਕ ਅੰਦਾਜ਼ੇ ਮੁਤਾਬਿਕ ਇੱਕ ਔਸਤ ਵਿਆਹ ’ਤੇ ਦਸ ਲੱਖ ਰੁਪਏ ਦਾ ਦਾਜ ਦਿੱਤਾ ਜਾਂਦਾ ਹੈ। ਜੇਕਰ ਕੁੜੀ ਪੜ੍ਹੀ-ਲਿਖੀ ਤੇ ਨੌਕਰੀ-ਪੇਸ਼ਾ ਹੈ, ਅਤੇ ਉਸ ਦੀ ਔਸਤਨ ਤਨਖ਼ਾਹ ਪੱਚੀ-ਤੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ, ਤਾਂ ਉਹ ਦਾਜ ਜਿੰਨੀ ਰਕਮ ਤਿੰਨ ਸਵਾ ਤਿੰਨ ਸਾਲਾਂ ਵਿਚ ਹੀ ਕਮਾ ਲਵੇਗੀ। ਬਾਕੀ ਜੇ ਸਾਰੀ ਜ਼ਿੰਦਗੀ ਭਰ ਦੀ ਕਮਾਈ ਦਾ ਹਿਸਾਬ ਕਰੀਏ ਤਾਂ ਰਕਮ ਕਰੋੜ ਤੱਕ ਪਹੁੰਚ ਜਾਵੇਗੀ। ਅਮੀਰ ਤੋਂ ਅਮੀਰ ਮਾਪੇ ਵੀ ਆਪਣੀ ਧੀ ਨੂੰ ਇੰਨਾ ਦਾਜ ਨਹੀਂ ਦੇ ਸਕਦੇ। ਇਸ ਲਈ ਮਾਪਿਆਂ ਦਾ ਫ਼ਰਜ਼ ਹੈ ਕਿ ਆਪਣੀ ਕੁੜੀਆਂ ਨੂੰ ਵੀ ਮੁੰਡਿਆਂ ਵਾਂਗ ਹੀ ਪੜ੍ਹਾ-ਲਿਖਾ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਸਿਰ ਕਰਨ। ਮੇਰੇ ਖ਼ਿਆਲ ਨਾ਼ਲ ਇਸ ਤੋਂ ਵੱਡਾ ਕੋਈ ਦਾਜ ਨਹੀਂ ਹੈ ਤੇ ਨਾ ਹੀ ਕਿਸੇ ਹੋਰ ਦਾਜ ਦੀ ਜ਼ਰੂਰਤ ਰਹੇਗੀ। ਨੌਜਵਾਨ ਮੁੰਡਿਆਂ ਨੂੰ ਵੀ ਆਪਣੀ ਸੋਚ ਬਦਲ ਕੇ ਇਸ ਦਾ ਸਮਰਥਨ ਕਰਦੇ ਹੋਏ ਅੱਗੇ ਆਉਣਾ ਚਾਹੀਦਾ ਹੈ। ਕਿਉਂਕਿ ਕਿਸੇ ਨਾ ਕਿਸੇ ਨੂੰ ਤਾਂ ਇਸ ਦੀ ਸ਼ੁਰੂਆਤ ਕਰਨੀ ਹੀ ਪਵੇਗੀ। ਜਦੋਂ ਦਾਜ ਵਰਗੀ ਸਮੱਸਿਆ ਖ਼ਤਮ ਹੋ ਜਾਵੇਗੀ, ਤਾਂ ਭਰੂਣ ਹੱਤਿਆ ਦੀ ਲੋੜ ਹੀ ਨਹੀਂ ਪਵੇਗੀ। ਇਸ ਤਰ੍ਹਾਂ ਹੌਲੀ-ਹੌਲੀ ਮੁੰਡੇ-ਕੁੜੀਆਂ ਦਾ ਔਸਤ ਫ਼ਰਕ ਵੀ ਬਰਾਬਰ ਆ ਜਾਵੇਗਾ।

ਬੇਸ਼ੱਕ ਲਿੰਗ ਅਨੁਪਾਤ ਵਿਚਕਾਰਲਾ ਫ਼ਰਕ ਪਹਿਲਾਂ ਨਾ਼ਲੋਂ ਬਹੁਤ ਘਟ ਗਿਆ ਹੈ, ਪਰ ਅਜੇ ਵੀ ਬਹੁਤੇ ਲੋਕ ਔਲਾਦ ਦੇ ਰੂਪ ਵਿਚ ਮੁੰਡੇ ਦੀ ਚਾਹਤ ਹੀ ਰੱਖਦੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਜੇਕਰ ਸਰਕਾਰਾਂ ਇਸ ਪ੍ਰਤੀ ਸਖ਼ਤੀ ਅਖ਼ਤਿਆਰ ਨਾ ਕਰਦੀਆਂ ਤਾਂ ਇੱਕ ਦਿਨ ਕੁੜੀਆਂ ਦੀ ਤਾਂ ਹੋਂਦ ਹੀ ਖ਼ਤਮ ਹੋ ਜਾਣੀ ਸੀ। ਜ਼ਰਾ ਸੋਚੀਏ ਕਿ ਜੇ ਜੱਗ-ਜਨਨੀ ਔਰਤ ਹੀ ਨਹੀਂ ਰਹੇਗੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਮੁੰਡੇ ਵੀ ਕਿੱਥੋਂ ਹੋਣਗੇ?

ਇੱਥੇ ਇਹ ਕਹਿਣ ਵਿਚ ਵੀ ਕੋਈ ਅਤਿਕਥਨੀ ਨਹੀਂ ਕਿ ਔਰਤ ਵੀ ਔਰਤ ਦੀ ਦੁਸ਼ਮਣ ਹੈ, ਕਿਉਂਕਿ ਜ਼ਿਆਦਾਤਰ ਸੱਸਾਂ ਵੀ ਚਾਹੁੰਦੀਆਂ ਹਨ ਕਿ ਉਸ ਦੀ ਨੂੰਹ ਦੀ ਕੁੱਖੋਂ ਪੁੱਤ ਦਾ ਹੀ ਜਨਮ ਹੋਵੇ। ਉਹ ਔਰਤ (ਸੱਸ) ਇਹ ਭੁੱਲ ਜਾਂਦੀ ਹੈ ਕਿ ਜੇ ਕਦੇ ਉਸ ਨੂੰ ਹੀ ਕੁੱਖ ਵਿਚ ਮਾਰ ਦਿੱਤਾ ਜਾਂਦਾ ਤਾਂ ਉਸ ਦਾ ਪੁੱਤ ਵੀ ਕਿੱਥੋਂ ਹੋਣਾ ਸੀ। ਸਾਡੇ ਆਲੇ-ਦੁਆਲੇ ਬਹੁਤ ਲੋਕ ਅਜਿਹੇ ਵੀ ਹਨ ਜਿਹੜੇ ਕੁੜੀਆਂ ਨੂੰ ਵੀ ਤਰਸਦੇ ਹਨ। ਸੋ ਅਜਿਹੀਆਂ ਔਰਤਾਂ ਨੂੰ ਵੀ ਆਪਣੀ ਸੋਚ ਬਦਲਣੀ ਪਵੇਗੀ, ਕਿਉਂਕਿ ਕੁਦਰਤ ਦੇ ਕੰਮ ਵਿਚ ਦਖ਼ਲ-ਅੰਦਾਜ਼ੀ ਕਰਨ ਦਾ ਹੱਕ ਕਿਸੇ ਨੂੰ ਵੀ ਨਹੀਂ ਹੈ। ਔਲਾਦ ਤਾਂ ਰੱਬੀ ਦਾਤ ਹੈ, ਭਰੂਣ ਹੱਤਿਆ ਕਰਨਾ ਜਾਂ ਕਰਵਾਉਣਾ ਰੱਬ ਦੀ ਰਜ਼ਾ ਦੇ ਉਲਟ ਜਾਣਾ ਹੈ। ਸਗੋਂ ਹੋਣਾ ਇਹ ਚਾਹੀਦਾ ਹੈ ਕਿ ਔਰਤ ਪਹਿਲਾਂ ਆਪਣੀ ਦੋਸਤ ਆਪ ਬਣੇ। ਆਪਣੇ ਅੰਦਰਲੀ ਔਰਤ ਨੂੰ ਤਕੜੀ ਕਰੇ। ਗ਼ਲਤ ਕਦਰਾਂ-ਕੀਮਤਾਂ ਨੂੰ ਨਕਾਰੇ ਤੇ ਅਜਿਹੇ ਜ਼ੁਲਮ ਖ਼ਿਲਾਫ਼ ਖੜ੍ਹੇ। ਇਹ ਦੱਸਣ ਦੀ ਤਾਂ ਲੋੜ ਹੀ ਨਹੀਂ ਕਿ ਕਿਸੇ ਵੀ ਤਰ੍ਹਾਂ ਭਰੂਣ ਹੱਤਿਆ ਦਾ ਸ਼ਿਕਾਰ ਹੋਣ ਤੋਂ ਬਚ ਜਾਣ ਵਾਲੀਆਂ ਬੱਚੀਆਂ ਜਨਮ ਲੈਣ ਤੋਂ ਬਾਅਦ ਸਾਰਿਆਂ ਤੋਂ ਕਿੰਨਾ ਪਿਆਰ ਲੈਂਦੀਆਂ ਹਨ।

ਨਾਲੇ ਕੌਣ ਜਾਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਜੰਮਣ ਵਾਲੀਆਂ ਕੁੜੀਆਂ ਵਿਚੋਂ ਕਿੰਨੀਆਂ ਝਾਂਸੀ ਦੀ ਰਾਣੀ ਤੇ ਕਲਪਨਾ ਚਾਵਲਾ ਵਾਂਗ ਆਪਣਾ, ਆਪਣੇ ਮਾਪਿਆਂ ਦਾ ਤੇ ਆਪਣੇ ਦੇਸ਼ ਦਾ ਨਾਂ ਸਾਰੀ ਦੁਨੀਆ ਵਿਚ ਚਮਕਾਉਣ? ਪਰ ਇਹ ਤਾਂ ਹੀ ਸੰਭਵ ਹੈ ਜੇ ਅਸੀਂ ਉਨ੍ਹਾਂ ਨੂੰ ਇਸ ਦੁਨੀਆ ’ਤੇ ਆਉਣ ਦੇਵਾਂਗੇ। ਸੋ ਆਓ, ਅੱਜ ਤੋਂ ਉਨ੍ਹਾਂ ਸਾਰੀਆਂ ਆਉਣ ਵਾਲੀਆਂ ਬੱਚੀਆਂ ਦਾ ਖਿੜੇ ਮੱਥੇ ਸਵਾਗਤ ਕਰਨ ਦਾ ਪ੍ਰਣ ਕਰੀਏ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਮੁੰਡਿਆਂ ਦੇ ਬਰਾਬਰ ਕਰਦੇ ਹੋਏ ਸੂਝਵਾਨ ਤੇ ਜ਼ਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਦੇਈਏ ਤਾਂ ਕਿ ਰੱਬ ਦੀ ਬਣਾਈ ਹੋਈ ਇਸ ਸੁੰਦਰ ਸ੍ਰਿਸ਼ਟੀ ਦਾ ਸੰਤੁਲਨ ਬਣਿਆ ਰਹੇ।

# ਸਿੱਖੀ ਸਿਦਕ ਅਤੇ ਅਣਖ ਦੀ ਮਿਸਾਲ ਜੈਤੋ ਦਾ ਮੋਰਚਾ



ਹਰਦਮ ਮਾਨ
ਫੋਨ: +1-604-308-6663

ਜੈਤੋ ਮੋਰਚਾ ਸਿੱਖ ਇਤਿਹਾਸ ਦੀ ਉਹ ਮਹਾਨ ਘਟਨਾ ਹੈ ਜਿਸ ਨੇ ਸਿੱਖ ਕੌਮ ਦੀ ਧਾਰਮਿਕ ਸ਼ਰਧਾ, ਸ਼ਾਂਤਮਈ ਸੰਘਰਸ਼ ਅਤੇ ਇਕਮੁੱਠਤਾ ਨੂੰ ਨਵਾਂ ਹੁਲਾਰਾ ਦਿੱਤਾ। ਇਹ ਮੋਰਚਾ ਪੌਣੇ ਦੋ ਸਾਲ ਤੋਂ ਵੱਧ ਸਮੇਂ ਤੱਕ ਚੱਲਿਆ ਅਤੇ ਇਸ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਇਹ ਰਹੀ ਕਿ ਬ੍ਰਿਟਿਸ਼ ਹਕੂਮਤ ਨੂੰ ਆਖਿਰਕਾਰ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਕਾਨੂੰਨੀ ਢਾਂਚਾ ਤਿਆਰ ਕਰਨ ਲਈ ਮਜਬੂਰ ਹੋਣਾ ਪਿਆ। ਇਸ ਤਰ੍ਹਾਂ ਇਹ ਅੰਦੋਲਨ ਸਿਰਫ਼ ਧਾਰਮਿਕ ਹੱਕਾਂ ਲਈ ਨਹੀਂ ਸਗੋਂ ਭਾਰਤੀ ਆਜ਼ਾਦੀ ਅੰਦੋਲਨ ਦੀ ਵਿਸ਼ਾਲ ਪਿਠਭੂਮੀ ਵਿਚ ਵੀ ਇੱਕ ਅਹਿਮ ਕੜੀ ਵਜੋਂ ਸਾਹਮਣੇ ਆਇਆ।

ਇਸ ਮੋਰਚੇ ਦਾ ਆਰੰਭ 8 ਜੂਨ 1923 ਨੂੰ ਉਸ ਵੇਲੇ ਹੋਇਆ, ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿਚੋਂ ਕੱਢ ਦਿੱਤਾ। ਮਹਾਰਾਜਾ ਰਿਪੁਦਮਨ ਸਿੰਘ ਸਿੱਖ ਜਗਤ ਵਿਚ ਬਹੁਤ ਆਦਰਯੋਗ ਅਤੇ ਹਰਮਨ-ਪਿਆਰੀ ਸ਼ਖ਼ਸੀਅਤ ਸਨ। ਉਹ ਸਿੱਖ ਸੁਧਾਰ ਲਹਿਰ ਅਤੇ ਗੁਰਦੁਆਰਾ ਸੁਧਾਰ ਅੰਦੋਲਨ ਪ੍ਰਤੀ ਹਮਦਰਦੀ ਰੱਖਦੇ ਸਨ। ਉਨ੍ਹਾਂ ਦੀ ਬਰਖਾਸਤਗੀ ਸਿੱਖਾਂ ਲਈ ਸਿਰਫ਼ ਰਾਜਸੀ ਮਾਮਲਾ ਨਹੀਂ ਸੀ, ਸਗੋਂ ਇਹ ਕੌਮੀ ਅਪਮਾਨ ਸੀ। ਇਸ ਕਾਰਵਾਈ ਨੇ ਪੰਜਾਬ ਭਰ ਵਿਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ 1923 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜਾ ਦੇ ਹੱਕ ਵਿਚ 'ਨਾਭਾ ਦਿਵਸ' ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ।

ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ। ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ। 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖ਼ਲ ਹੋ ਕੇ ਉੱਥੇ ਇਕੱਤਰ ਹੋਈ ਸੰਗਤ ਅਤੇ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਗੁਰੂ ਦੀ ਤਾਬਿਆ 'ਚੋਂ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ।

ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਜੈਤੋ ਮੋਰਚੇ ਦਾ ਆਰੰਭ ਹੋਇਆ ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇਕ ਜੱਥਾ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਅਤੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ।

ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕ ਇਜਲਾਸ ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ।

29 ਸਤੰਬਰ 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖ਼ਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਸੰਘਰਸ਼ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਤਹਿਤ 500-500 ਸਿੰਘਾਂ ਦੇ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। 500 ਸਿੰਘਾਂ ਦਾ ਪਹਿਲਾ 'ਸ਼ਹੀਦੀ ਜਥਾ' ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ। ਇਸ ਜਥੇ ਨੇ ਪ੍ਰਣ ਕੀਤਾ ਸੀ ਕਿ ਉਹ ਜੈਤੋ ਪਹੁੰਚ ਕੇ ਅਖੰਡ ਪਾਠ ਸਾਹਿਬ ਮੁੜ ਸ਼ੁਰੂ ਕਰਨਗੇ ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੀਆਂ ਜਾਨਾਂ ਹੀ ਕਿਉਂ ਨਾ ਵਾਰਨੀਆਂ ਪੈਣ। ਰਸਤੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਇਸ ਜਥੇ ਦਾ ਭਰਵਾਂ ਸਵਾਗਤ ਕੀਤਾ।




ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ 'ਨਿਊਯਾਰਕ ਟਾਈਮਜ਼' ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਵੀ ਕਾਰ ਵਿਚ ਸਵਾਰ ਹੋ ਕੇ ਜਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਹਕੂਮਤ ਦੇ ਅਹਿਲਕਾਰਾਂ ਨੇ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਾ ਜਾਣ ਦਿੱਤਾ।

ਜਦੋਂ ਇਹ ਜਥਾ ਜੈਤੋ ਦੇ ਨਜ਼ਦੀਕ ਪਹੁੰਚਿਆ ਤਾਂ ਅੰਗਰੇਜ਼ ਪ੍ਰਸ਼ਾਸਕ ਵਿਲਸਨ ਜੌਹਨਸਨ ਨੇ ਜਥੇ ਨੂੰ ਅੱਗੇ ਨਾ ਵਧਣ ਦਾ ਹੁਕਮ ਦਿੱਤਾ। ਪਰ ਸਿੰਘ ਅਡੋਲ ਰਹੇ ਅਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦੇ ਹੋਏ ਅੱਗੇ ਵਧਦੇ ਗਏ। ਅੰਗਰੇਜ਼ੀ ਫੌਜ ਨੇ ਨਿਹੱਥੇ ਸਿੰਘਾਂ 'ਤੇ ਮਸ਼ੀਨਗੰਨਾਂ ਨਾਲ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਖ਼ੂਨੀ ਕਾਰੇ ਵਿਚ ਸੈਂਕੜੇ ਸਿੰਘ ਸ਼ਹੀਦ ਅਤੇ ਜ਼ਖ਼ਮੀ ਹੋਏ। ਸ਼ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀਆਂ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ।

ਇਸ ਕਤਲੇਆਮ ਦੀ ਖ਼ਬਰ ਪੂਰੀ ਦੁਨੀਆ ਵਿਚ ਫੈਲ ਗਈ, ਜਿਸ ਨਾਲ ਬ੍ਰਿਟਿਸ਼ ਹਕੂਮਤ ਦੀ ਬਹੁਤ ਬਦਨਾਮੀ ਹੋਈ। ਦੂਜੇ ਪਾਸੇ ਸਿੱਖਾਂ ਦਾ ਖ਼ੂਨ ਖੌਲਣ ਲੱਗਾ ਅਤੇ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜਥਿਆਂ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖਾਂ ਨੇ ਇੱਕ ਤੋਂ ਬਾਅਦ ਇੱਕ 17 ਸ਼ਹੀਦੀ ਜਥੇ ਭੇਜੇ। ਅਖੀਰ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ ਅਤੇ ਸਰਕਾਰ ਨੇ 21 ਜੁਲਾਈ 1925 ਨੂੰ ਬਿਨਾਂ ਸ਼ਰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਕਰਨ ਦੀ ਇਜਾਜ਼ਤ ਦੇ ਦਿੱਤੀ। ਸਿੱਖ ਸੰਗਤ ਵੱਲੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰ ਕੇ ਭੋਗ ਪਾਏ ਗਏ। ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ 'ਸਿੱਖ ਗੁਰਦੁਆਰਾ ਐਕਟ' ਦਾ ਪਾਸ ਹੋਣਾ ਸੀ। ਇਸ ਐਕਟ ਰਾਹੀਂ ਗੁਰਦੁਆਰਿਆਂ ਦਾ ਪ੍ਰਬੰਧ ਸਿੱਧੇ ਤੌਰ 'ਤੇ ਸਿੱਖ ਕੌਮ ਦੁਆਰਾ ਚੁਣੀ ਗਈ ਸੰਸਥਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਹੱਥ ਵਿਚ ਆ ਗਿਆ। ਗੁਰਦੁਆਰਿਆਂ ਵਿਚੋਂ ਭ੍ਰਿਸ਼ਟ ਮਹੰਤਾਂ ਦਾ ਕਬਜ਼ਾ ਹਮੇਸ਼ਾ ਲਈ ਖ਼ਤਮ ਹੋ ਗਿਆ ਅਤੇ ਮਰਯਾਦਾ ਅਨੁਸਾਰ ਸੇਵਾ-ਸੰਭਾਲ ਸ਼ੁਰੂ ਹੋਈ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਮੋਰਚੇ ਬਾਰੇ ਕਿਹਾ ਸੀ ਕਿ ਉਨ੍ਹਾਂ ਨੇ ਸਿੱਖਾਂ ਤੋਂ ਸ਼ਾਂਤਮਈ ਸਤਿਆਗ੍ਰਹਿ ਦਾ ਅਸਲੀ ਮਤਲਬ ਸਿੱਖਿਆ ਹੈ। ਉਨ੍ਹਾਂ ਅਨੁਸਾਰ ਜਿੰਨੀ ਦ੍ਰਿੜਤਾ ਸਿੱਖਾਂ ਨੇ ਦਿਖਾਈ, ਉਹ ਬੇਮਿਸਾਲ ਸੀ। ਮੋਰਚੇ ਦੀ ਸਫਲਤਾ ਤੋਂ ਬਾਅਦ ਮਹਾਤਮਾ ਗਾਂਧੀ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਇੱਕ ਟੈਲੀਗਰਾਮ ਰਾਹੀਂ ਭੇਜੇ ਇਕ ਸੰਦੇਸ਼ ਵਿਚ ਲਿਖਿਆ ਸੀ ਕਿ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ, ਵਧਾਈਆਂ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਮੋਰਚਾ ਭਾਰਤ ਦੇ ਸਮੁੱਚੇ ਆਜ਼ਾਦੀ ਸੰਗਰਾਮ ਲਈ ਕਿੰਨੀ ਵੱਡੀ ਪ੍ਰੇਰਣਾ ਬਣਿਆ।

ਸ਼ਹੀਦੀ ਜੱਥੇ ਉਪਰ ਜਿਸ ਸਥਾਨ 'ਤੇ ਗੋਲੀ ਚਲਾਈ ਗਈ ਸੀ ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਅਖੰਡ ਪਾਠਾਂ ਦੀ ਇਕੋਤਰੀ ਚਲਾਈ ਜਾਂਦੀ ਹੈ ਅਤੇ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ ਜਿਸ ਵਿਚ ਸ਼ਾਮਲ ਹੋ ਕੇ ਸੰਗਤਾਂ ਜੈਤੋ ਮੋਰਚੇ ਦੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।

# ਊਰਜਾ ਦੀ ਬਚਤ ਹੀ ਸੁਆਰ ਸਕਦੀ ਹੈ ਸਾਡਾ ਭਵਿੱਖ

## 'ਕੌਮਾਂਤਰੀ ਊਰਜਾ ਸੰਭਾਲ ਦਿਵਸ' 'ਤੇ ਵਿਸ਼ੇਸ਼

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਵਿਗਿਆਨ ਤੇ ਤਕਨੀਕ ਦਾ ਯੁਗ ਅਖਵਾਉਣ ਵਾਲੀ 21ਵੀਂ ਸਦੀ ਵਿਚ ਬਹੁਤ ਕੁਝ ਤੇਜ਼ੀ ਨਾਲ ਬਦਲ ਗਿਆ ਹੈ ਤੇ ਜੋ ਰਹਿ ਗਿਆ ਹੈ ਉਹ ਵੀ ਤੇਜ਼ੀ ਨਾਲ ਬਦਲਾਓ ਵੱਲ ਵਧ ਰਿਹਾ ਹੈ। ਮਸ਼ੀਨੀਕਰਨ ਅਤੇ ਉਦਯੋਗੀਕਰਨ ਉੱਤੇ ਵਧਦੀ ਟੇਕ ਨੇ ਮਨੁੱਖ ਲਈ ਵੱਖ-ਵੱਖ ਊਰਜਾ ਸ੍ਰੋਤਾਂ ਦੀ ਲੋੜ ਅਤੇ ਸੰਭਾਲ ਨੂੰ ਅਤਿਅੰਤ ਜ਼ਰੂਰੀ ਬਣਾ ਦਿੱਤਾ ਹੈ ਤੇ ਅਜੋਕੇ ਮਨੁੱਖ ਨੂੰ ਹੁਣ ਇਹ ਸਮਝ ਆਉਣਾ ਸ਼ੁਰੂ ਹੋ ਗਿਆ ਹੈ ਕਿ 'ਊਰਜਾ ਬਚਾਓ' ਹੀ ਅਸਲ ਵਿਚ 'ਜੀਵਨ ਬਚਾਓ' ਹੈ।

24 ਤੋਂ 27 ਫ਼ਰਵਰੀ, 2026 ਦੌਰਾਨ ਮਨਾਏ ਜਾ ਰਹੇ ' ਕੌਮਾਂਤਰੀ ਊਰਜਾ ਸੰਭਾਲ ਦਿਵਸ' ਮੌਕੇ ਆਸਟਰੀਆ ਵਿਖੇ ਇਕ ਕੌਮਾਂਤਰੀ ਪੱਧਰ ਦੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ ਜਿਸ ਵਿਚ 60 ਮੁਲਕਾਂ ਦੇ 650 ਦੇ ਕਰੀਬ ਪ੍ਰਤੀਨਿਧੀ ਭਾਗ ਲੈ ਰਹੇ ਹਨ। ਇਸ ਦਿਵਸ ਨੂੰ ਮਨਾਉਣ ਦੌਰਾਨ ਅਜਿਹੀ ਨੀਤੀ, ਤਕਨਾਲੋਜੀ ਅਤੇ ਬਿਜ਼ਨਸ ਮਾਡਲ ਤਲਾਸ਼ੇ ਜਾਣਗੇ ਜੋ ਸਸਤੀ ਅਤੇ ਟਿਕਾਊ ਊਰਜਾ ਨੂੰ ਸਭ ਦੀ ਪਹੁੰਚ ਯੋਗ ਬਣਾ ਦੇਣ। ਸਮੁੱਚਾ ਯੂਰਪ ਇਹ ਗੱਲ ਸਮਝ ਚੁਕਾ ਹੈ ਕਿ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਮੁਲਕਾਂ ਦਰਮਿਆਨ ਚੱਲ ਰਹੇ ਯੁੱਧਾਂ ਜਾਂ ਸੰਘਰਸ਼ਾਂ, ਊਰਜਾ ਤੱਤਾਂ ਦੀਆਂ ਵਧਦੀਆਂ ਕੀਮਤਾਂ ਅਤੇ ਕੌਮਾਂਤਰੀ ਮੁਕਾਬਲੇਬਾਜ਼ੀ ਦੇ ਦੌਰ ਵਿਚ ਯੂਰਪ ਦੀ ਧੀ ਆਤਮ ਨਿਰਭਰਤਾ ਬਹੁਤ ਲਾਜ਼ਮੀ ਹੈ। ਇਸ ਕਾਰਜ ਲਈ ਊਰਜਾ ਉਪਲਬਧਤਾ ਤੇ ਗੁਣਵੱਤਾ ਵਧਾਉਣਾ ਅਤੇ ਨਵਿਆਉਣ ਯੋਗ ਊਰਜਾ ਦੀ ਵਰਤੋਂ ਕਰਨਾ ਮੁੱਖ ਕਾਰਕ ਸਾਬਿਤ ਹੋ ਸਕਦੇ ਹਨ। ਭਾਰਤ ਵਿਚ ਸੰਨ 2001 ਵਿਚ 'ਬਿਊਰੋ ਆਫ਼ ਐਨਰਜੀ ਐਫ਼ੀਸ਼ੈਂਸੀ ਆਫ਼ ਇੰਡੀਆ' ਭਾਵ 'ਭਾਰਤੀ ਊਰਜਾ ਗੁਣਵੱਤਾ ਬਿਊਰੋ' ਨਾਮਕ ਸੰਗਠਨ ਨੇ 'ਊਰਜਾ ਸੰਭਾਲ ਐਕਟ' ਲਾਗੂ ਕੀਤਾ ਸੀ। ਇਹ ਸੰਗਠਨ ਮੁੱਖ ਤੌਰ 'ਤੇ ਊਰਜਾ ਉਤਪਾਦਨ ਅਤੇ ਊਰਜਾ ਸੰਭਾਲ ਸਬੰਧੀ ਨੀਤੀਆਂ ਤਿਆਰ ਕਰਨ ਤੇ ਲਾਗੂ ਕਰਵਾਉਣ ਦਾ ਕਾਰਜ ਕਰਦਾ ਹੈ।

ਅਜੋਕੇ ਸੰਦਰਭ ਵਿਚ ਇਹ ਦਿਵਸ ਮਨਾਉਣ ਦਾ ਮੁੱਖ ਮਕਸਦ ਊਰਜਾ ਸ੍ਰੋਤਾਂ ਦੇ ਉਤਪਾਦਨ ਅਤੇ ਸੰਭਾਲ ਸਬੰਧੀ ਆਮ ਲੋਕਾਂ ਅੰਦਰ ਤੇ ਖ਼ਾਸ ਕਰਕੇ ਬੱਚਿਆਂ ਅਤੇ ਨੌਜਵਾਨਾਂ ਅੰਦਰ ਜਾਗਰੂਕਤਾ ਪੈਦਾ ਕਰਨਾ ਹੈ। ਅੱਜ ਲੋੜ ਹੈ ਕਿ ਊਰਜਾ ਪੈਦਾ ਕਰਨ ਵਾਲੇ ਸ੍ਰੋਤਾਂ- ਕੋਲਾ, ਪੈਟਰੋਲ, ਡੀਜ਼ਲ, ਬਿਜਲੀ ਆਦਿ ਦੀ ਪੈਦਾਵਾਰ ਕਰਨ ਵਾਲੇ ਮੁੱਖ ਸ੍ਰੋਤਾਂ ਦੀ ਰਾਖੀ ਅਤੇ ਸੰਭਾਲ ਪ੍ਰਤੀ ਸੁਚੇਤ ਹੋ ਕੇ ਹੰਭਲਾ ਮਾਰਿਆ ਜਾਵੇ। ਅੱਜ ਹਰੇਕ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਕਿਸੇ ਵੀ ਊਰਜਾ ਸ੍ਰੋਤ ਦੀ ਦੁਰਵਰਤੋਂ ਅਤੇ ਬੇਲੋੜੀ ਵਰਤੋਂ 'ਤੇ ਕਾਬੂ ਪਾਵੇ ਤੇ ਅਜਿਹਾ ਕਰਨ ਲਈ ਹਰ ਨਾਗਰਿਕ ਨੂੰ ਆਪਣੀ ਸੋਚ ਅਤੇ ਆਦਤਾਂ ਵਿਚ ਤਬਦੀਲੀ ਲਿਆਉਣੀ ਪਏਗੀ। ਧਰਤੀ ਹੇਠੋਂ ਕੋਲੇ ਅਤੇ ਪੈਟਰੋਲ-ਡੀਜ਼ਲ ਆਦਿ ਦੇ ਭੰਡਾਰ ਤੇਜ਼ੀ ਨਾਲ ਖ਼ਤਮ ਹੁੰਦੇ ਜਾ ਰਹੇ ਹਨ ਤੇ ਬਿਜਲੀ ਅਤੇ ਹੋਰ ਵਿਗਿਆਨਕ ਸ੍ਰੋਤਾਂ ਰਾਹੀਂ ਊਰਜਾ ਪੈਦਾ ਕਰਨ ਦੇ ਬਦਲ ਲੱਭੇ ਜਾ ਰਹੇ ਹਨ। ਊਰਜਾ ਬਚਾਉਣ ਜਾਂ ਊਰਜਾ ਸੰਭਾਲ ਹਿੱਤ ਸਾਨੂੰ ਉਨ੍ਹਾਂ ਵਸਤਾਂ ਅਤੇ ਮਸ਼ੀਨਾਂ ਦੀ ਵਰਤੋਂ ਵੱਲ ਵਧਣਾ ਪਵੇਗਾ ਜੋ ਲੋੜੀਂਦੇ ਕਾਰਜ ਨੂੰ ਕਰਨ ਲਈ ਘੱਟ ਊਰਜਾ ਦੀ ਖਪਤ ਕਰਦੀਆਂ ਹੋਣ। ਉਦਾਹਰਨ ਵਜੋਂ ਆਮ ਪੀਲੀ ਰੌਸ਼ਨੀ ਵਾਲੇ ਸਸਤੇ ਬਲਬਾਂ ਦੀ ਥਾਂ ਐਲ.ਈ.ਡੀ. ਬਲਬਾਂ ਦੀ ਵਰਤੋਂ ਨਾਲ ਬਿਜਲੀ ਦੀ ਖਪਤ ਵਿਚ ਭਾਰੀ ਕਮੀ ਆ ਰਹੀ ਹੈ। ਇਸੇ ਤਰ੍ਹਾਂ ਖਪਤਕਾਰਾਂ ਨੂੰ ਸਮਝਾਉਣ ਹਿੱਤ ਵੱਖ ਵੱਖ ਬਿਜਲੀ ਉਤਪਾਦਕਾਂ ਉੱਤੇ ਬਿਜਲੀ ਬੱਚਤ ਵਾਲੀ ਸਟਾਰ ਰੇਟਿੰਗ ਦੇ ਨਿਸ਼ਾਨ ਕੰਪਨੀਆਂ ਵੱਲੋਂ ਲਗਾਏ ਜਾ ਰਹੇ ਹਨ। ਇਹ ਸਟਾਰ ਰੇਟਿੰਗ ਸਾਨੂੰ ਆਉਣ ਵਾਲੇ ਸਮੇਂ ਅੰਦਰ ਸਾਡੇ ਖ਼ਰੀਦੇ ਗਏ ਉਤਪਾਦ ਰਾਹੀਂ ਹੋਣ ਵਾਲੀ ਬਿਜਲੀ ਦੀ ਖਪਤ ਅਤੇ ਫ਼ਲਸਰੂਪ ਬਿਜਲੀ ਦੇ ਬਿੱਲ ਨੂੰ ਘਟਾਉਣ ਸਬੰਧੀ ਜਾਗਰੂਕ ਕਰਦੇ ਹਨ।

ਕੌਮਾਂਤਰੀ ਪੱਧਰ 'ਤੇ ਵੀ 'ਕੌਮਾਂਤਰੀ ਊਰਜਾ ਏਜੰਸੀ' ਨਾਮਕ ਸੰਸਥਾ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨਾਲ ਰਾਬਤਾ ਕਰਕੇ ਊਰਜਾ ਉਤਪਾਦਨ ਅਤੇ ਊਰਜਾ ਦੀ ਸੰਭਾਲ ਸਬੰਧੀ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ ਤੈਅ ਕਰਨ ਲਈ ਮਾਰਗਦਰਸ਼ਨ ਕਰਦੀ ਹੈ। ਇਸੇ ਤਰ੍ਹਾਂ 'ਸਸਟੇਨੇਬਲ ਐਨਰਜੀ ਫ਼ਾਰ ਆਲ' ਨਾਮਕ ਕੌਮਾਂਤਰੀ ਸੰਗਠਨ ਵੀ ਸੰਯੁਕਤ ਰਾਸ਼ਟਰ ਸੰਘ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰੀ ਅਤੇ ਨਿਜੀ ਸੰਸਥਾਵਾਂ ਨੂੰ ਸਹਿਯੋਗ ਦੇ ਕੇ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਸੰਨ 2030 ਤੱਕ ਇਸ ਧਰਤੀ ਦੇ ਬਾਸ਼ਿੰਦਿਆਂ ਨੂੰ ਊਰਜਾ ਦੇ ਆਧੁਨਿਕ, ਸਸਤੇ, ਟਿਕਾਊ ਅਤੇ ਪ੍ਰਭਾਵਸ਼ਾਲੀ ਸ੍ਰੋਤ ਉਪਲਬਧ ਕਰਵਾਏ ਜਾ ਸਕਣ। ਇਸ ਸੰਗਠਨ ਦੀ ਇਹ ਕੋਸ਼ਿਸ਼ ਵਿਸ਼ਵ ਪ੍ਰਸਿੱਧ 'ਪੈਰਿਸ ਸਮਝੌਤੇ' ਦਾ ਹਿੱਸਾ ਹੈ ਜਿਸ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਊਰਜਾ ਦੇ ਢੁਕਵੇਂ ਸ੍ਰੋਤ ਇਸਤੇਮਾਲ ਕਰਕੇ ਆਲਮੀ ਤਪਸ਼ ਨੂੰ 2 ਡਿਗਰੀ ਸੈਲਸੀਅਸ ਤੱਕ ਘੱਟ ਕੀਤਾ ਜਾਵੇਗਾ। ਭਾਰਤ ਨੇ ਵੀ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਤੇ ਵਾਅਦਾ ਕੀਤਾ ਸੀ ਕਿ ਸਾਲ 2030 ਤੱਕ ਭਾਰਤ ਵੀ ਸੰਨ 2005 ਦੀ ਬਨਿਸਪਤ ਪ੍ਰਦੂਸ਼ਣ ਅਤੇ ਤਾਪਮਾਨ ਵਧਾਊ ਕਾਰਕਾਂ ਦੀ ਮਾਤਰਾ ਵਿਚ 30 ਤੋਂ 35 ਫ਼ੀਸਦੀ ਕਮੀ ਲਿਆਵੇਗਾ। ਇਥੇ ਹੀ ਬਸ ਨਹੀਂ ਭਾਰਤ ਨੇ ਨਵਿਆਉਣ ਯੋਗ ਊਰਜਾ ਸ੍ਰੋਤਾਂ ਦੀਆਂ ਖੋਜਾਂ ਸਬੰਧੀ 24 ਮੁਲਕਾਂ ਵੱਲੋਂ 'ਮਿਸ਼ਨ ਇਨੋਵੇਸ਼ਨ' ਤਹਿਤ ਕੀਤੇ ਗਏ ਸਮਝੌਤੇ 'ਤੇ ਵੀ ਦਸਤਖ਼ਤ ਕੀਤੇ ਹੋਏ ਹਨ।



ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਵੀ ਊਰਜਾ ਸ੍ਰੋਤਾਂ ਦੀ ਦੁਰਵਰਤੋਂ ਅਤੇ ਗ਼ੈਰ-ਜ਼ਰੂਰੀ ਵਰਤੋਂ ਰੋਕਣ ਪ੍ਰਤੀ ਜਾਗਰੂਕ ਹੋਈਏ ਅਤੇ ਆਪਣੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਵਿਚ ਵੱਡੇ ਪਰਿਵਰਤਨ ਲਿਆਈਏ ਜਿਵੇਂ ਕਿ ਘਰ, ਦਫ਼ਤਰ ਜਾਂ ਧਾਰਮਿਕ ਸਥਾਨਾਂ 'ਤੇ ਚੱਲ ਰਹੇ ਬੇਲੋੜੇ ਬਲਬਾਂ ਤੇ ਪੱਖਿਆਂ ਜਾਂ ਏਅਰ ਕੰਡੀਸ਼ਨਰਾਂ ਨੂੰ ਬੰਦ ਕੀਤਾ ਜਾਵੇ। ਆਵਾਜਾਈ ਲਈ ਕਾਰਾਂ ਦੀ ਵਰਤੋਂ ਮਹੀਨੇ ਵਿਚ ਕੁਝ ਦਿਨ ਘੱਟ ਕਰਕੇ ਬੱਸਾਂ ਜਾਂ ਪੂਲ ਕੀਤੀਆਂ ਕਾਰਾਂ ਦੀ ਵਰਤੋਂ ਕੀਤੀ ਜਾਵੇ ਜਿਸ ਨਾਲ ਪੈਟਰੋਲ-ਡੀਜ਼ਲ ਦੀ ਖਪਤ ਅਤੇ ਪ੍ਰਦੂਸ਼ਣ ਵਿਚ ਕਮੀ ਆ ਸਕੇ। ਇਸ ਮਹਾਂਕਾਜ ਲਈ ਬੱਚਿਆਂ ਅਤੇ ਨੌਜਵਾਨਾਂ ਦਾ ਅੱਗੇ ਆਉਣਾ ਬੇਹੱਦ ਜ਼ਰੂਰੀ ਹੈ ਤੇ ਇਨ੍ਹਾਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਨ ਲਈ ਸਿੱਖਿਆ ਸੰਸਥਾਵਾਂ, ਸਮਾਜ ਸੇਵੀ ਜਾਂ ਸਰਕਾਰੀ ਸੰਗਠਨਾਂ ਅਤੇ ਮੀਡੀਆ ਨੂੰ ਵੱਡੀ ਭੂਮਿਕਾ ਅਦਾ ਕਰਨੀ ਹੀ ਪਵੇਗੀ।

# ਮੇਰੀ ਭਾਸ਼ਾ ਮੇਰਾ ਮਾਣ: ਵਰਤਮਾਨ ਸਥਿਤੀ ਅਤੇ ਵਰਤਾਰੇ

ਕੌਮਾਂਤਰੀ ਮਾਤ-ਭਾਸ਼ਾ ਦਿਵਸ ਮਨਾਉਂਦਿਆਂ ਇਸ ਸਾਲ ਵੀ 21 ਫਰਵਰੀ ਨੂੰ ਸੰਸਾਰ ਭਰ ਵਿਚ ਵਸਦੇ ਜਨ ਸਮੂਹਾਂ ਨੇ ਪੂਰੀ ਸ਼ਿੱਦਤ ਨਾਲ ਆਪੋ-ਆਪਣੀ ਭਾਸ਼ਾ ਨੂੰ ਯਾਦ ਕੀਤਾ ਹੈ। ਭਾਸ਼ਾਵਾਂ ਦੀ ਵਰਤਮਾਨ ਸਥਿਤੀ ਦਾ ਲੇਖਾ-ਜੋਖਾ ਕਰਨ ਦਾ ਯਤਨ ਕੀਤਾ ਹੈ। ਆਪਣੀ ਭਾਸ਼ਾ ਉਤੇ ਗੌਰਵ ਕਰਨ ਦੇ ਅਹਿਦ ਨੂੰ ਦੁਹਰਾਇਆ ਹੈ।

ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਵਰਤਮਾਨ ਵਰਤਾਰਿਆਂ ਦੀ ਵਿਆਪਕ ਚਰਚਾ ਆਰੰਭ ਕਰਦਿਆਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਨਾਲ ਸੰਬੰਧਿਤ ਕੁਝ ਤੱਥਾਂ ਨੂੰ ਧਿਆਨ ਵਿਚ ਲਿਆਉਣਾ ਜ਼ਰੂਰੀ ਹੈ।



ਡਾ. ਲਖਵਿੰਦਰ ਸਿੰਘ ਜੌਹਲ
ਫੋਨ: 94171-9482

-ਦੱਖਣੀ ਏਸ਼ੀਆ ਦੀ ਕੁੱਲ ਆਬਾਦੀ ਦਾ 75 ਫੀਸਦੀ ਹਿੱਸਾ ਭਾਰਤ ਵਿਚ ਵੱਸਦਾ ਹੈ। ਇਹ ਪੂਰੀ ਦੁਨੀਆਂ ਦੀ ਆਬਾਦੀ ਦਾ 17 ਫੀਸਦ ਹੈ।

-ਭਾਰਤ ਦੀ ਕੁੱਲ ਆਬਾਦੀ ਦਾ 77 ਪ੍ਰਤੀਸ਼ਤ ਹਿੱਸਾ 'ਆਮ ਆਦਮੀ' ਹੈ, ਜਿਹੜਾ ਰੋਜ਼ਾਨਾ 20 ਰੁਪਏ ਤੋਂ ਘੱਟ ਵਿਚ ਗੁਜ਼ਾਰਾ ਕਰਦਾ ਹੈ।

-ਪ੍ਰਾਇਮਰੀ ਸਕੂਲਾਂ ਵਿਚ ਦਾਖਲੇ ਦੀ ਭਾਰਤ ਵਿਚ ਕੌਮੀ ਔਸਤ 96% ਹੈ, ਜਦੋਂ ਕਿ ਪੰਜਾਬ ਦੀ ਔਸਤ ਅਜੇ ਵੀ 72% ਹੈ।

-ਸਾਖਰਤਾ ਵਿਚ ਪੰਜਾਬ ਦੀ ਸਥਿਤੀ 16ਵੀਂ ਹੈ। ਪ੍ਰਾਇਮਰੀ ਸਿੱਖਿਆ ਲਈ ਰੱਖੇ ਜਾਣ ਵਾਲੇ ਬੱਜਟ ਵਿਚ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਸਮੇਤ ਭਾਰਤ ਦੇ ਕੁੱਲ 35 ਰਾਜਾਂ ਵਿਚੋਂ ਪੰਜਾਬ 31ਵੇਂ ਨੰਬਰ ਉੱਤੇ ਹੈ।

-ਭਾਰਤ ਵਿਚ 22 ਕੌਮੀ ਭਾਸ਼ਾਵਾਂ ਸਮੇਤ ਡੇਢ ਹਜ਼ਾਰ ਮਾਤ ਭਾਸ਼ਾਵਾਂ ਅਤੇ 1800 ਹੋਰ ਭਾਸ਼ਾਵਾਂ ਹਨ।

-ਪੰਜਾਬੀ ਭਾਸ਼ਾ ਦੁਨੀਆ ਵਿਚ ਗਿਆਰ੍ਹਵੀਂ ਵੱਡੀ ਭਾਸ਼ਾ ਹੈ। ਪਰ ਇਹ ਸੱਤਾ ਦੀ ਭਾਸ਼ਾ ਕਦੀ ਵੀ ਨਹੀਂ ਰਹੀ, ਸਿਵਾਏ ਪਟਿਆਲਾ ਰਾਜ ਦੀ ਭਾਸ਼ਾ ਦੇ।

-ਨਵੇਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਤਿੰਨ ਵਾਰ ਕਾਨੂੰਨ ਬਣਿਆ। ਪਰ ਸਥਿਤੀ ਨਹੀਂ ਬਦਲੀ।

ਅਜੇਹੀ ਸਥਿਤੀ ਵਿਚ ਸੰਤੋਖਯੋਗ ਤੱਥ ਇਹ ਹੈ ਕਿ ਸਾਲ 2011 ਦੀ ਮਰਦਮਸ਼ੁਮਾਰੀ 'ਚ ਪੰਜਾਬ ਦੇ 99.86 ਫੀਸਦ ਲੋਕਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਈ ਸੀ, ਜਦਕਿ ਕੇਵਲ 0.14 ਫੀਸਦ ਲੋਕਾਂ ਵਲੋਂ ਹੀ ਆਪਣੀ ਮਾਤ ਭਾਸ਼ਾ ਹਿੰਦੀ, ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਦੱਸੀ ਗਈ। ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਸੂਬੇ ਦੇ ਕੁੱਲ 2 ਕਰੋੜ 77 ਲੱਖ 43 ਹਜ਼ਾਰ 338 ਲੋਕਾਂ ਵਿਚੋਂ 2 ਕਰੋੜ 77 ਲੱਖ 3 ਹਜ਼ਾਰ 349 ਲੋਕਾਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਾਉਣਾ ਪੰਜਾਬੀ ਪ੍ਰੇਮੀਆਂ ਲਈ ਬੇਹੱਦ ਸੰਤੁਸ਼ਟੀਜਨਕ ਗੱਲ ਕਹੀ ਜਾ ਸਕਦੀ ਹੈ, ਕਿਉਂਕਿ ਕੇਵਲ 39 ਹਜ਼ਾਰ 989 ਲੋਕਾਂ ਵਲੋਂ ਹੀ ਆਪਣੀ ਮਾਤ ਭਾਸ਼ਾ ਕੋਈ ਹੋਰ ਜ਼ਬਾਨ ਲਿਖਾਈ ਗਈ ਹੈ। ਇਸੇ ਤਰ੍ਹਾਂ ਦੇਸ਼ ਭਰ ਵਿਚ ਪੰਜਾਬੀ ਜ਼ਬਾਨ ਬੋਲਣ ਵਾਲਿਆਂ ਦੀ ਗਿਣਤੀ ਦੇ ਹਿਸਾਬ ਨਾਲ ਵੀ ਪੰਜਾਬੀ ਭਾਸ਼ਾ ਨੇ ਦੇਸ਼ ਭਰ ਦੀਆਂ ਬੋਲੀਆਂ 'ਚ 11ਵਾਂ ਸਥਾਨ ਬਰਕਰਾਰ ਰੱਖਿਆ ਹੈ। ਹਾਲਾਂਕਿ ਹਿੰਦੀ ਭਾਸ਼ਾ ਦੇਸ਼ ਦੀ ਕੁੱਲ ਆਬਾਦੀ ਦੇ 43.63 ਫੀਸਦ ਲੋਕਾਂ ਦੀ ਬੋਲੀ ਹੋਣ ਕਾਰਨ ਪਹਿਲੇ ਸਥਾਨ 'ਤੇ ਹੈ, ਜਦਕਿ ਦੂਸਰੇ ਨੰਬਰ 'ਤੇ ਬੰਗਾਲੀ ਅਤੇ ਤੀਸਰੇ 'ਤੇ ਮਰਾਠੀ ਭਾਸ਼ਾ ਆਉਂਦੀ ਹੈ। ਦੇਸ਼ ਭਰ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਵਧ ਕੇ 3 ਕਰੋੜ 31 ਲੱਖ 24 ਹਜ਼ਾਰ 726 ਪੁੱਜ ਗਈ ਹੈ, ਜੋ ਕੁੱਲ ਆਬਾਦੀ ਦਾ 2.74 ਫੀਸਦੀ ਬਣਦੀ ਹੈ। ਜੇਕਰ ਸਾਲ 1971 ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਦੇਸ਼ ਭਰ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 1,41,08,443 ਸੀ, ਜੋ ਕੁੱਲ ਆਬਾਦੀ ਦਾ 2.57 ਫੀਸਦੀ ਬਣਦੀ ਸੀ, ਜਦਕਿ 1981 'ਚ ਇਹ ਗਿਣਤੀ ਵਧ ਕੇ 1,96,11,199 ਹੋ ਗਈ, ਜੋ ਕੁੱਲ ਆਬਾਦੀ ਦਾ 2.95 ਫੀਸਦ ਸੀ। ਇਸੇ ਤਰ੍ਹਾਂ ਸਾਲ 1991 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਧ ਕੇ 2,33,78,744 ਹੋ ਗਈ, ਜੋ ਕੁੱਲ ਆਬਾਦੀ ਦਾ 2.79 ਫੀਸਦੀ ਰਹੀ। ਸਾਲ 2001 ਦੀ ਮਰਦਮਸ਼ੁਮਾਰੀ 'ਚ ਵੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਤੇ ਇਹ ਗਿਣਤੀ 2,91, 02, 477 ਹੋ ਗਈ ਜੋ ਸਾਲ 2001 ਤੋਂ ਲੈ ਕੇ ਸਾਲ 2011 ਦੇ ਦਹਾਕੇ 'ਚ 3, 31, 24, 726 ਪੁੱਜ ਗਈ, ਇਹ ਗਿਣਤੀ ਹੁਣ ਕੁੱਲ ਆਬਾਦੀ ਦਾ 2.74 ਫੀਸਦੀ ਹੈ। ਇੱਥੇ ਦੱਸਣਯੋਗ ਹੈ ਕਿ ਸਾਲ 1981 ਦੀ ਮਰਦਮਸ਼ੁਮਾਰੀ 'ਚ ਦੇਸ਼ ਦੀ ਕੁੱਲ ਆਬਾਦੀ ਦੇ 2.95 ਫੀਸਦੀ ਲੋਕਾਂ ਵਲੋਂ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਉਣ ਕਾਰਨ ਪੰਜਾਬੀ ਭਾਸ਼ਾ ਦੇਸ਼ ਦੀਆਂ ਭਾਸ਼ਾਵਾਂ ਵਿਚੋਂ 10ਵੇਂ ਸਥਾਨ 'ਤੇ ਸੀ ਪਰ ਅਗਲੇ ਸਾਲਾਂ 'ਚ ਇਹ 11ਵੇਂ ਸਥਾਨ 'ਤ ਤੇ ਪਹੁੰਚ ਗਈ। ਸਾਲ 1991 ਤੋਂ 2001 ਦੇ ਦਹਾਕੇ ਦੇ ਮੁਕਾਬਲੇ ਸਾਲ 2001 ਤੋਂ 2011 ਦੇ ਦਹਾਕੇ ਵਿਚਕਾਰ ਇਸ ਵਿਚ ਗਿਰਾਵਟ ਆਈ ਹੈ। ਲੰਘੇ 1991-2001 ਦੇ ਦਹਾਕੇ 'ਚ ਇਹ ਵਾਧਾ 24.48 ਫੀਸਦ ਸੀ, ਜਦਕਿ 2001-2011 ਦੇ ਦਹਾਕੇ ਦੌਰਾਨ ਇਹ ਵਾਧਾ ਘੱਟ ਕੇ 13.82 ਫੀਸਦੀ ਰਹਿ ਗਿਆ। ਇੱਥੇ ਇਹ ਵੀ ਦੱਸਣਯੋਗ ਹੈ ਕਿ 1971-1981 ਦੇ ਦਹਾਕੇ 'ਚ ਇਹ ਵਾਧਾ ਦਰ ਸਭ ਤੋਂ ਵੱਧ 39 ਫੀਸਦੀ ਸੀ। ਇਸ ਦੇ ਬਾਵਜੂਦ ਸੂਬੇ 'ਚ ਜਿਸ ਤਰ੍ਹਾਂ 99.86 ਫੀਸਦੀ ਲੋਕਾਂ ਨੇ ਆਪਣੀ ਮਾਂ ਬੋਲੀ ਪੰਜਾਬੀ ਲਿਖਵਾ ਕੇ ਇਸ਼ ਦੇ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ।

-ਸੰਸਾਰ ਵਿਚ ਲਗਭਗ 15 ਕਰੋੜ ਲੋਕ ਪੰਜਾਬੀ ਬੋਲਣ ਵਾਲੇ ਹਨ। ਜਿਨ੍ਹਾਂ ਵਿਚੋਂ ਲਗਭਗ 9 ਕਰੋੜ ਲੋਕ ਪਾਕਿਸਤਾਨ ਵਿਚ ਹਨ। ਯਾਨੀ ਅੱਧ ਤੋਂ ਵੱਧ। ਉਨ੍ਹਾਂ ਦੀ ਲਿੱਪੀ ਸ਼ਾਹਮੁਖੀ ਹੈ। ਪਰ ਸਾਰੇ ਪਾਕਿਸਤਾਨ ਵਿਚ ਇੱਕ ਵੀ ਸਕੂਲ ਵਿਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ।

-ਭਾਰਤ ਵਿਚ ਲਗਭਗ ਤਿੰਨ ਕਰੋੜ ਲੋਕ ਪੰਜਾਬੀ ਬੋਲਦੇ ਹਨ। ਜਦੋਂ ਕਿ ਬਰਤਾਨੀਆ ਵਿਚ ਦੋ ਕਰੋੜ ਲੋਕ ਪੰਜਾਬੀ ਬੋਲਣ ਵਾਲੇ ਹਨ। ਸਵਾ ਕਰੋੜ ਲੋਕ ਕਨੇਡਾ ਵਿਚ ਪੰਜਾਬੀ ਬੋਲਦੇ ਹਨ। ਇਸ ਤੋਂ ਇਲਾਵਾ ਅਮਰੀਕਾ, ਦੁਬਈ ਅਤੇ ਹੋਰ ਅਰਬ ਦੇਸ਼ਾਂ ਸਮੇਤ ਲਗਭਗ ਦੋ ਦਰਜਨ ਦੇਸ਼ਾਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਲਗਭਗ ਇਕ ਕਰੋੜ ਹੈ।

-ਪੂਰੀ ਦੁਨੀਆਂ ਦੀ ਕੁੱਲ ਆਬਾਦੀ ਦਾ ਸਿਰਫ਼ 8 ਪ੍ਰਤੀਸ਼ਤ ਹਿੱਸਾ ਅੰਗਰੇਜ਼ੀ ਬੋਲਦਾ ਹੈ।

-ਭਾਰਤ ਵਿਚ ਨਾਗਾਲੈਂਡ ਅਤੇ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਹੈ। ਅਤੇ ਭਾਰਤ ਵਿਚ ਸਿਰਫ਼ ਪੰਜ ਪ੍ਰਤੀਸ਼ਤ ਲੋਕ ਅੰਗਰੇਜ਼ੀ ਬੋਲਦੇ ਹਨ।

-ਦੁਨੀਆ ਦਾ 80 ਪ੍ਰਤੀਸ਼ਤ ਗਿਆਨ ਅੰਗਰੇਜ਼ੀ ਵਿਚ ਉਪਲੱਬਧ ਹੈ।

-ਪੰਜਾਬੀ ਵਿਚ ਛਪਣ ਵਾਲੀਆਂ ਅਖਬਾਰਾਂ ਰਸਾਲਿਆਂ ਆਨਲਾਈਨ ਈ-ਮੈਗਜ਼ੀਨਾਂ, ਟੀ ਵੀ ਅਤੇ ਰੇਡੀਓ ਸਮੇਤ ਯੂਟਿਊਬ ਅਤੇ ਵਟਸਐਪ ਚੈਨਲਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤੇ ਇਹ ਰੁਝਾਨ ਭਾਰਤ ਨਾਲੋਂ ਵਧੇਰੇ ਵਿਦੇਸ਼ਾਂ ਵਿਚ ਹੈ।

-ਜੇਕਰ ਦੁਨੀਆ ਭਰ ਦੀਆਂ ਭਾਸ਼ਾਵਾਂ ਦੀ ਥਾਹ ਪਾਉਣੀ ਹੋਵੇ ਤਾਂ ਬੋਲਣ ਵਾਲਿਆਂ ਦੀ ਦ੍ਰਿਸ਼ਟੀ ਤੋਂ, ਦੁਨੀਆ 'ਚ ਪਹਿਲੀ ਭਾਸ਼ਾ ਮੈਂਡਰਿਨ (Mandarin) ਹੈ। ਜਿਹੜੀ ਚੀਨ, ਸਿੰਘਾਪੁਰ, ਤਾਈਵਾਨ ਵਗੈਰਾ 'ਚ ਬੋਲੀ ਜਾਂਦੀ ਹੈ ਅਤੇ ਲਗਭਗ 14% ਲੋਕ ਦੁਨੀਆ ਚ ਮੈਂਡਰਿਨ ਬੋਲਦੇ ਹਨ।

ਦੂਜੀ ਭਾਸ਼ਾ ਸਪੈਨਿਸ਼ ਹੈ, ਜਿਹਨੂੰ 5.85 ਪ੍ਰਤੀਸ਼ਤ ਲੋਕ ਬੋਲਦੇ ਹਨ। ਤੀਜੀ ਭਾਸ਼ਾ ਅੰਗਰੇਜ਼ੀ ਹੈ, ਜਿਹਨੂੰ ਦੁਨੀਆ ਵਿਚ 5.52 ਪ੍ਰਤੀਸ਼ਤ ਲੋਕ ਬੋਲਦੇ ਹਨ। ਚੌਥੀ ਭਾਸ਼ਾ ਹਿੰਦੀ ਹੈ, ਜਿਹਨੂੰ 4.46% ਲੋਕ ਬੋਲਦੇ ਹਨ। ਅੱਗੋਂ ਭਾਸ਼ਾਵਾਂ ਆਉਂਦੀਆਂ ਅਰਬੀ, ਪੁਰਤਗੀਜ਼, ਬੰਗਾਲੀ, ਰੂਸੀ, ਜਪਾਨੀ ਆਦਿ। ਗਿਆਰਵੇਂ ਨੰਬਰ 'ਤੇ ਪੰਜਾਬੀ ਆਉਂਦੀ ਹੈ। ਸੰਸਾਰ ਭਰ ਵਿਚ ਗਿਆਰਵੀਂ ਅਤੇ ਭਾਰਤ ਵਿਚ ਦਸਵੀਂ ਭਾਸ਼ਾ ਪੰਜਾਬੀ ਹੈ। ਜਿਹੜੀ ਲਗਭਗ 15 ਕਰੋੜ ਲੋਕ ਬੋਲਦੇ ਹਨ। ਪਾਕਿਸਤਾਨ ਵਿਚ 44% ਲੋਕ ਪੰਜਾਬੀ ਬੋਲਦੇ ਹਨ। ਜੋ ਲਗਭਗ 9 ਕਰੋੜ ਲੋਕਾਂ ਦੀ ਭਾਸ਼ਾ ਹੈ। ਭਾਰਤ ਵਿਚ ਇਹ ਲਗਭਗ ਤਿੰਨ ਕਰੋੜ ਲੋਕਾਂ ਦੀ ਭਾਸ਼ਾ ਹੈ।

-ਪੰਜਾਬੀ ਸੂਬਾ ਬਣਨ ਤੋਂ ਬਾਅਦ 29 ਦਸੰਬਰ 1967 ਨੂੰ 1960 ਦੇ ਐਕਟ ਨੂੰ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ ਸੀ। ਇਹ ਐਕਟ ਬਣਾਉਣ ਦਾ ਆਦੇਸ਼ ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫਤਰਾਂ 'ਚ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣਾ ਨਿਸ਼ਚਿਤ ਕੀਤਾ ਗਿਆ ਸੀ।

ਬਾਅਦ ਵਿਚ 2008 ਅਤੇ 2021 ਵਿਚ ਹੋਈਆਂ ਸੋਧਾਂ ਨੇ, ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਕਿਹੋ ਜਿਹਾ ਰੁਤਬਾ ਦਿੱਤਾ? ਸਕੂਲਾਂ, ਕਾਲਜਾਂ ਅਤੇ ਦਫ਼ਤਰਾਂ ਵਿਚ ਪੰਜਾਬੀ ਕਿੰਨੀ ਕੁ ਲਾਗੂ ਹੋਈ? ਇਹ ਸਭ ਦੇ ਸਾਹਮਣੇ ਹੈ। ਇਸ ਸਥਿਤੀ ਦਾ ਮੂਲ ਕਾਰਨ ਇਹ ਹੈ ਕਿ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਲਈ ਸਜ਼ਾ ਦੀ ਮੱਦ ਮਜ਼ਬੂਤ ਨਹੀਂ ਹੈ।

-ਇਹ ਸਾਰੇ ਤੱਥ ਸਾਬਿਤ ਕਰਦੇ ਹਨ ਕਿ ਇਹ ਦੌਰ ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੇ ਵਿਪਰੀਤ ਹੈ। ਇਹ ਸਾਡੇ ਇਤਿਹਾਸ ਦਾ ਅਜਿਹਾ ਬਿੰਦੂ ਹੈ ਜਿੱਥੇ ਸੰਕਲਪਾਂ ਅਤੇ ਵਸਤਾਂ ਦੀ ਪਰਿਭਾਸ਼ਾ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਅਜਿਹੀ ਸਥਿਤੀ ਵਿਚ ਪੰਜਾਬੀ ਸਮਾਜ ਦੀ ਗੁੰਝਲਦਾਰ ਸਥਿਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਓਨਾ ਹੀ ਗੁੰਝਲਦਾਰ ਮਸਲਾ ਹੈ, ਜਿੰਨਾ ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਬਰੀਕੀਆਂ ਦੀ ਥਾਹ ਪਾਉਣਾ।

ਅਜਿਹੀ ਸਥਿਤੀ ਵਿਚ ਵਰਤਮਾਨ ਵਰਤਾਰਿਆਂ ਦੇ ਸੰਦਰਭ ਵਿਚ ਪੰਜਾਬੀਅਤ ਨੂੰ ਇਸ ਦੇ ਗਲੋਬਲੀ ਸਰੂਪ ਰਾਹੀਂ ਨਿਹਾਰਨਾ ਸਮੇਂ ਦੀ ਲੋੜ ਹੈ।

ਪੰਜਾਬ ਨੂੰ ਜੇਕਰ ਖਿੱਤੇ ਵਿਸ਼ੇਸ਼ ਉੱਤੇ ਕੇਂਦਰਿਤ ਕਰ ਲਿਆ ਜਾਏ ਤਾਂ ਹੁਣ ਇਹ ਸੰਪੂਰਨ ਅਰਥਾਂ ਵਾਲਾ ਪੰਜਾਬ ਨਹੀਂ ਹੈ। ਹਾਲਾਂਕਿ ਸਥਾਨਕਤਾ ਦੀ ਰਵਾਇਤੀ ਪਰਿਭਾਸ਼ਾ ਕਿਸੇ ਖਿੱਤੇ ਵਿਸ਼ੇਸ਼ ਨਾਲ ਜੁੜੀ ਹੋਈ ਹੈ, ਜਿਸ ਵਿਚ ਉਸ ਖਿੱਤੇ ਦੇ ਲੋਕਾਂ ਦੀ ਵਿਸ਼ੇਸ਼ ਸਭਿਆਚਾਰਕ ਪਛਾਣ, ਉਨ੍ਹਾਂ ਦੀ ਭਾਸ਼ਾ, ਉਨ੍ਹਾਂ ਦੀਆਂ ਪਰੰਪਰਾਵਾਂ, ਅਤੇ ਉਨ੍ਹਾਂ ਦੀ ਰਹਿਣੀ-ਬਹਿਣੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ। ਪਰ ਵਿਸ਼ਵੀਕਰਨ ਨੇ ਸਥਾਨਕਤਾ ਦੀ ਇਹ ਪਰਿਭਾਸ਼ਾ ਵੀ ਬਦਲ ਦਿੱਤੀ ਹੈ। ਜਾਂ ਕਹਿ ਲਓ ਕਿ ਵਿਸਤਾਰ ਦਿੱਤੀ ਹੈ। ਹੁਣ ਸਥਾਨਕਤਾ ਕੋਈ ਸਥਿਰ ਵਰਤਾਰਾ ਨਹੀਂ ਹੈ, ਇਹ ਇਕ ਗਤੀਸ਼ੀਲ ਅਮਲ ਹੈ। ਇਸ ਗਤੀਸ਼ੀਲਤਾ ਦੀ ਸਾਰਥਕਤਾ ਇਹ ਹੈ, ਕਿ ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਰਹਿੰਦੇ ਹੋਏ ਵੀ, ਪੰਜਾਬੀ ਸਮਾਜ ਦੇ ਸਰੋਕਾਰਾਂ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਹਨ। ਇਨ੍ਹਾਂ ਸਰੋਕਾਰਾਂ ਵਿਚ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਧਰਮ ਦੇ ਸਰੋਕਾਰ ਵਧੇਰੇ ਪ੍ਰਬਲ ਹਨ। ਪਰੰਤੂ ਪੰਜਾਬ ਦੇ ਵਿਕਾਸ ਅਤੇ ਇਸ ਦੇ ਵਿਰਾਸਤੀ ਗੌਰਵ ਦੇ ਸਰੋਕਾਰ ਵਧੇਰੇ ਪ੍ਰਬਲ ਨਹੀਂ ਹਨ।

ਇਸ ਸਮੁੱਚੇ ਵਰਤਾਰੇ ਵਿਚ ਟੈਕਨੋਲੋਜੀ ਦੇ ਪਾਸਾਰ ਅਤੇ ਮਸਨੂਈ ਬੁੱਧੀਮਤਾ ਦੀ ਆਮਦ ਨੇ ਨਵੀਆਂ ਵੰਗਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਵਿਚ ਸਾਹਿਤਕਾਰਾਂ ਦੀ ਭੂਮਿਕਾ, ਮੀਡੀਆ ਦਾ ਯੋਗਦਾਨ, ਪੂੰਜੀ ਦਾ ਪ੍ਰਚਲਨ, ਅਤੇ




ਸੰਸਥਾਵਾਂ ਕੀ ਰੋਲ ਅਦਾ ਕਰ ਸਕਦੀਆਂ ਹਨ। ਇਹ ਸਭ ਕੁਝ ਵੀ ਗਹਿਰੇ ਵਿਚਾਰ ਦਾ ਵਿਸ਼ਾ ਹੈ।

ਦਿਨ-ਬ-ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ, ਸਿੱਖਿਆ ਸਿਹਤ ਅਤੇ ਸੁਰੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਿਰਵੇ ਹੋ ਰਹੇ ਅਤੇ ਆਪਣੀ ਹੋਂਦ ਨੂੰ ਬਚਾਉਣ ਦੀਆਂ ਵੰਗਾਰਾਂ ਨਾਲ ਜੂਝਦੇ ਪੰਜਾਬੀਆਂ ਤੋਂ, ਗੁੰਝਲਦਾਰ ਸਥਿਤੀ ਵਿਚੋਂ ਨਿਕਲ ਕੇ ਅੱਗੇ ਵਧਣ ਲਈ, ਕੀ ਆਸ ਰੱਖੀ ਜਾ ਸਕਦੀ ਹੈ? ਇਹ ਮੁੱਦਾ ਬੇਹੱਦ ਅਹਿਮ ਹੈ।

ਭਾਰੂ ਸੱਭਿਆਚਾਰਾਂ ਦੇ ਸਾਮਰਾਜ ਨੇ ਆਪਣੇ ਅਥਾਹ ਪ੍ਰਸਾਰ ਅਤੇ ਵਿਸਥਾਰ ਨਾਲ, ਸਮਾਜ ਦੇ ਵਿਭਿੰਨ ਖੇਤਰਾਂ ਨੂੰ ਆਪਣੀ ਮਨਮਰਜ਼ੀ ਅਨੁਸਾਰ ਪ੍ਰਭਾਸ਼ਿਤ ਕਰਨਾ ਆਰੰਭ ਕਰ ਦਿੱਤਾ ਹੈ। ਹੁਣ ਫਿਜ਼ੀਕਲ ਡਿਫੈਂਸ ਜਾਂ ਜ਼ਮੀਨੀ ਹਮਲਿਆਂ ਦੀ ਗੱਲ ਛੋਟੀ ਹੋ ਗਈ ਹੈ। ਹੁਣ ਮਨ ਅਤੇ ਦਿਮਾਗ਼ ਉੱਤੇ ਹਮਲੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਨ੍ਹਾਂ ਹਮਲਿਆਂ ਲਈ ਮੀਡੀਆ ਸਭ ਤੋਂ ਕਾਰਗਰ ਹਥਿਆਰ ਹੈ। ਜਿਨਾਂ ਖੇਤਰਾਂ ਵਿਚ ਵਿਕਾਸ ਦੀ ਕਿਰਨ ਮਾਤਰ ਵੀ ਨਹੀਂ ਪਹੁੰਚੀ, ਜਿੱਥੇ ਸੜਕ ਬਿਜਲੀ ਸਕੂਲ ਬਿਲਕੁਲ ਵੀ ਨਹੀਂ ਹਨ, ਉੱਥੇ ਵੀ ਮੀਡੀਆ, ਆਪਣੇ ਸਾਰੇ ਪਾਸਾਰਾਂ ਸਮੇਤ ਪਹੁੰਚਾ ਹੋਇਆ ਹੈ।

-ਆਰਟੀਫਿਸ਼ਲ ਇੰਟੈਲੀਜੈਂਸ (ਮਸਨੂਈ ਬੁਧੀਮਤਾ) ਦੀ ਆਮਦ ਨੇ ਸਾਡੇ ਲਈ ਹੋਰ ਵੱਡੀਆਂ ਵੰਗਾਰਾਂ ਪੈਦਾ ਕਰ ਦਿੱਤੀਆਂ ਹਨ। ਸਪਸ਼ਟ ਹੈ ਕਿ ਹੁਣ ਉਹੀ ਸੱਭਿਆਚਾਰ ਜਿਊਂਦਾ ਰਹਿ ਸਕਦਾ ਹੈ, ਜਿਸ ਦੀ ਦ੍ਰਿਸ਼ਟੀ ਵਿਸ਼ਵ-ਵਿਆਪੀ ਹੋਵੇ, ਵਿਸ਼ਵ ਦੀਆਂ ਸਮੁੱਚੀਆਂ ਸਮੱਸਿਆਵਾਂ ਅਤੇ ਚਿੰਤਨ ਨੂੰ ਸਮਝ ਕੇ ਅਤੇ ਆਪਣੇ ਆਪ ਵਿਚ ਜਜ਼ਬ ਕਰਕੇ, ਚੱਲ ਸਕਣ ਦੀ ਸੋਝੀ ਅਤੇ ਸਮਰੱਥਾ ਰੱਖਦਾ ਹੋਵੇ।

ਵਿਸ਼ਵਵਿਆਪੀ (ਗਲੋਬਲੀ) ਵੀ ਤਦ ਹੀ ਹੋਇਆ ਜਾ ਸਕੇਗਾ, ਜੇਕਰ ਕੋਈ ਸੱਭਿਆਚਾਰ ਆਪਣੀ ਸਥਾਨਕਤਾ ਅਤੇ ਵਿਸ਼ੇਸ਼ਤਾ ਬਾਰੇ ਸੁਚੇਤ ਹੋਵੇਗਾ। ਅੱਜ ਦਾ ਪੰਜਾਬੀ ਵਿਅਕਤੀ ਆਪਣੇ ਸੱਭਿਆਚਾਰ ਵਿਚ ਨਹੀਂ ਜੀ ਰਿਹਾ। ਉਹ ਆਪਣੀ ਰਵਾਇਤ, ਰਹਿਣ-ਸਹਿਣ, ਭਾਸ਼ਾ ਅਤੇ ਪਹਿਰਾਵੇ ਤੋਂ ਬੇਮੁੱਖ ਹੋ ਕੇ ਆਪਣੀ ਮੂਲ ਪਛਾਣ ਤੋਂ ਵਿਛੁੰਨਿਆ ਜਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਇਸ ਸਥਿਤੀ ਪ੍ਰਤੀ ਉਦਾਸੀਨ ਹੋਣ ਦੀ ਬਜਾਏ, ਉਹ ਹੰਕਾਰ ਨਾਲ ਭਰੇ ਹੋਏ ਦਿਖਾਵੇ ਦਾ ਗਰੱਸਿਆ ਹੋਇਆ ਹੈ।

ਇਸੇ ਕਰਕੇ ਪੰਜਾਬੀ ਬੁੱਧੀਜੀਵੀ ਦੇਸ਼ ਵਿਚ ਵੀ ਅਤੇ ਵਿਦੇਸ਼ਾਂ ਵਿਚ ਵੀ, ਪੰਜਾਬੀ ਸੱਭਿਆਚਾਰ ਨੂੰ ਵਿਸਵ ਪੱਧਰ ਉੱਤੇ ਵਿਕਸਿਤ ਕਰਨ ਵਿਚ ਲਗਭਗ ਅਸਫ਼ਲ ਰਹੇ ਹਨ। ਆਪਣੀ ਭਾਸ਼ਾ ਨੂੰ ਸਵੀਕਾਰ ਕਰਨ ਤੋਂ ਬਿਨਾਂ, ਇਹ ਸੰਭਵ ਨਹੀਂ ਹੋ ਸਕਦਾ ਕਿ ਪੰਜਾਬੀ ਆਪਣੇ ਸਭਿਆਚਾਰ ਨੂੰ ਗਲੋਬਲੀ ਪਛਾਣ ਵਾਲਾ ਸਭਿਆਚਾਰ ਬਣਾ ਸਕਣ।

ਮੱਧਕਾਲ ਦੀ ਭਗਤੀ ਲਹਿਰ ਅਤੇ ਗੁਰਬਾਣੀ ਦਾ ਸੰਦੇਸ਼ ਸੰਵਾਦ-ਦ੍ਰਿਸ਼ਟੀ ਹੈ। ਗੁਰੂ ਨਾਨਕ ਦੇਵ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਤੋਂ ਬਾਬਾ ਬੰਦਾ ਸਿੰਘ ਬਹਾਦਰ ਤੱਕ ਦੀ ਸਮੁੱਚੀ ਸਿੱਖ ਕ੍ਰਾਂਤੀ ਦੇ ਸਿਧਾਂਤਾਂ ਦੇ ਨਾਲ-ਨਾਲ, ਮਾਰਕਸਵਾਦੀ ਅਤੇ ਉਦਾਰਵਾਦੀ ਪੂੰਜੀਵਾਦ ਦੇ ਵਿਸਥਾਰ ਰਾਹੀਂ, ਵਰਤਮਾਨ ਤੱਕ ਪਹੁੰਚ ਕੇ ਨਵੇਂ ਪੰਜਾਬੀ ਸੱਭਿਆਚਾਰ ਦੀ ਵਿਲੱਖਣਤਾ ਨੂੰ ਨਿਹਾਰਨਾ ਬਹੁਤ ਜ਼ਰੂਰੀ ਹੈ। ਭਾਰਤੀ ਸੰਸਕ੍ਰਿਤੀ ਦੇ ਉਥਾਨ ਉਤੇ ਕੇਂਦਰਿਤ ਹੋਈਏ ਤਾਂ ਭਾਰਤੀ ਸੰਸਕ੍ਰਿਤੀ ਬਹੁਤ ਜਟਲਤਾ ਵਾਲੀ ਸੰਸਕ੍ਰਿਤੀ ਹੈ। ਵਰਤਮਾਨ ਤੱਕ ਪਹੁੰਚਦਿਆਂ ਇਹ ਜਟਲਤਾ ਸਰਲਤਾ ਵਿਚ ਪਰਿਵਰਤਿਤ ਹੁੰਦੀ ਮਹਿਸੂਸ ਹੋ ਰਹੀ ਹੈ। ਬਾਕੀ ਭਾਰਤੀ ਸੱਭਿਆਚਾਰਾਂ ਦੇ ਮੁਕਾਬਲੇ ਪੰਜਾਬੀ ਸਭਿਆਚਾਰ ਬਹੁਤ ਸਰਲ ਸੱਭਿਆਚਾਰ ਹੈ।

ਬਹੁਤ ਜ਼ਰੂਰੀ ਗੱਲ ਕਿ ਪੰਜਾਬ ਕਦੇ ਵੀ ਇੱਕ ਭਾਸ਼ੀ ਨਹੀਂ ਰਿਹਾ। ਗੁਰੂ ਗੋਬਿੰਦ ਸਿੰਘ ਖੁਦ ਪੰਜ ਭਾਸ਼ਾਵਾਂ ਵਿਚ ਲਿਖਦੇ ਸਨ। ਸੰਸਕ੍ਰਿਤ, ਬ੍ਰਜ ਭਾਸ਼ਾ, ਫ਼ਾਰਸੀ, ਪੰਜਾਬੀ ਅਤੇ ਹਿੰਦੀ।

-ਭਗਤ ਕਬੀਰ ਜੀ ਦੇ 'ਕੁਦਰਤ ਕੇ ਸਭ ਬੰਦੇ' ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 'ਮਾਨਸ ਕੀ ਜਾਤ ਸਭੇ ਏਕੋ ਪਹਿਚਾਨਬੋ' ਰਾਹੀਂ, ਬੰਦਾ ਸਿੰਘ ਬਹਾਦਰ ਦੀ ਅਗਵਾਈ ਵਾਲੀ ਸਿੱਖ ਕ੍ਰਾਂਤੀ ਦੀ ਰੌਸ਼ਨੀ ਵਿਚ ਅੱਗੇ ਵਧਦੇ ਹੋਏ, ਦੁਨੀਆ ਭਰ ਦੀਆਂ ਭਾਸ਼ਾਵਾਂ ਨੂੰ ਸਿੱਖਣ ਦੇ ਯਤਨਾਂ ਰਾਹੀਂ, ਵਿਸ਼ਵ ਸੱਭਿਆਚਾਰਾਂ ਦੀਆਂ ਗਹਿਰਾਈਆਂ ਨੂੰ ਸਮਝਦੇ ਹੋਏ, ਆਪਣੀ ਭਾਸ਼ਾ ਤੇ ਆਪਣੇ ਸੱਭਿਆਚਾਰ ਨੂੰ ਬਚਾਈ ਰੱਖਣਾ ਬੇਹੱਦ ਜ਼ਰੂਰੀ ਹੈ।

ਪੰਜਾਬੀਅਤ ਦਾ ਵਰਤਮਾਨ ਦੁਖਾਂਤ ਇਹ ਹੈ ਕਿ ਪੰਜਾਬੀਆਂ ਨੂੰ ਸਿਰਫ਼ ਪੰਜਾਬੀ ਭਾਸ਼ਾ ਤੱਕ ਹੀ ਸੀਮਤ ਕੀਤਾ ਜਾ ਰਿਹਾ ਹੈ। ਇਹ ਸਾਹਿਤ ਅਤੇ ਸੱਭਿਆਚਾਰ ਤੋਂ ਵਿਛੁੰਨੇ ਜਾ ਰਹੇ ਹਨ। ਅਗਲੀ ਪੀੜ੍ਹੀ ਤੱਕ ਸਿਰਫ ਭਾਸ਼ਾ ਹੀ ਜਾ ਰਹੀ ਹੈ, ਉਹ ਵੀ ਗੁਰਮੁਖੀ ਲਿੱਪੀ ਦੀ ਮੁਹਾਰਤ ਤੋਂ ਬਗੈਰ। ਸਾਡੀ ਵਿਰਾਸਤ, ਸਾਡਾ ਵਿਚਾਰ, ਸਾਡੀਆਂ ਕਦਰਾਂ ਕੀਮਤਾਂ (Thoughts & Values) ਗੁੰਮ ਹੋ ਰਹੇ ਹਨ। ਪੰਜਾਬ ਦੀ ਕਲਚਰਲ ਟ੍ਰਾਂਸਫਰਮੇਸ਼ਨ ਨਹੀਂ ਹੋ ਰਹੀ। ਇਤਿਹਾਸ ਦਾ ਗੌਰਵ ਸਾਡੇ ਮਨਾਂ ਵਿਚੋਂ ਮਨਫ਼ੀ ਹੋ ਰਿਹਾ ਹੈ। ਪੰਜਾਬ ਆਰਥਿਕ ਕੰਗਾਲੀ ਰਾਹੀਂ ਬੌਧਿਕ ਕੰਗਾਲੀ ਵੱਲ ਵਧ ਰਿਹਾ ਹੈ। ਜੋ ਸਾਧਨ ਸੰਪਨ ਹੈ, ਉਹ ਬਾਹਰ ਜਾ ਰਿਹਾ ਹੈ। ਬਾਹਰੋਂ ਗ਼ਰੀਬੀ ਆ ਰਹੀ ਹੈ। ਇੰਟਲੈਕਟ ਡਰੇਨ ਆਊਟ ਹੋ ਰਿਹਾ ਹੈ। ਅਨਪੜ੍ਹਤਾ ਡਰੇਨ ਇਨ ਹੋ ਰਹੀ ਹੈ। ਅਸੀਂ ਵਰਤਮਾਨ ਮੁਖੀ ਹੋਣ ਦੀ ਬਜਾਏ ਅਤੀਤਮੁਖੀ ਹੋ ਰਹੇ ਹਾਂ। ਪਰ ਇਸ ਅਤੀਤਮੁਖਤਾ ਵਿਚੋਂ ਇਤਿਹਾਸਮੁਖਤਾ ਗਾਇਬ ਹੈ, ਮਿਥਿਹਾਸਮੁਖਤਾ ਭਾਰੂ ਹੋ ਰਹੀ ਹੈ।

ਸਮਾਜ ਦੀ ਪ੍ਰਗਤੀ ਸੱਭਿਆਚਾਰ ਰਾਹੀਂ ਹੋਣੀ ਹੁੰਦੀ ਹੈ, ਧਰਮ ਜਾਂ ਰਾਜਨੀਤੀ ਰਾਹੀਂ ਨਹੀਂ। ਪੰਜਾਬੀਆਂ ਨੂੰ ਇਸ ਬਰੀਕ ਜਿਹੇ ਫਰਕ ਨੂੰ ਸਮਝ ਕੇ ਅੱਗੇ ਵਧਣ ਦੀ ਲੋੜ ਹੈ ਤੇ ਅੱਗੇ ਵਧਣ ਦੇ ਤਿੰਨ ਹੀ ਨੁਕਤੇ ਹਨ :-

**-ਸਿੱਖਿਆ -ਸਿਰਜਣਾ -ਅਕਾਦਮਿਕਤਾ**

-ਇਸ ਵੇਲੇ ਵੱਡੀ ਵੰਗਾਰ ਆਰਟੀਫਿਸ਼ਅਲ ਇੰਟੈਲੀਜੈਂਸ ਦੀਆਂ ਲੱਭਤਾਂ ਨਾਲ ਵਰ ਮੇਚਣ ਦੀ ਵੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਪੰਜਾਬੀ ਗਿਆਨ ਅਤੇ ਪੰਜਾਬੀ ਸਾਹਿਤ ਨੂੰ ਯੂਨੀਕੋਡ ਰਾਹੀਂ ਗੂਗਲ ਉੱਤੇ ਅਪਲੋਡ ਕੀਤਾ ਜਾਵੇ। ਇਹ ਕਾਰਜ ਪ੍ਰੋਜੈਕਟ ਬਣਾ-ਬਣਾ ਕੇ ਅੱਗੇ ਵਧਾਉਣ ਦੀ ਲੋੜ ਹੈ।

'ਅਗਲੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਦੇ ਨਾਲ ਨਾਲ ਗੁਰਮੁਖੀ ਲਿਪੀ ਨਾਲ ਵੀ ਜੋੜੀ ਰੱਖਣਾ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਆਪਣੇ ਵਿਰਸੇ ਨੂੰ ਗੌਰਵ ਨਾਲ ਵੇਖਣਾ ਸ਼ੁਰੂ ਕਰਾਂਗੇ। ਦੁਨੀਆਂ ਭਰ ਦੀ ਖੋਜ ਅਤੇ ਮਾਹਰ ਇਸ ਗੱਲ ਦਾ ਪੱਕਾ ਸਬੂਤ ਪੇਸ਼ ਕਰਦੇ ਹਨ ਕਿ ਸਿੱਖਿਆ ਦੀ ਸਫ਼ਲਤਾ ਕੇਵਲ ਮਾਤ ਭਾਸ਼ਾ ਰਾਹੀਂ ਹੀ ਸੰਭਵ ਹੈ। ਮਾਤ ਭਾਸ਼ਾ ਮਾਧਿਅਮ ਕੇਵਲ ਸਿੱਖਿਆ ਵਿਚ ਸਫ਼ਲਤਾ ਲਈ ਹੀ ਜ਼ਰੂਰੀ ਨਹੀਂ ਹੈ, ਬਲਕਿ ਵਿਦੇਸ਼ੀ ਭਾਸ਼ਾ ਸਿੱਖਣ ਲਈ ਵੀ ਮਾਤ ਭਾਸ਼ਾ ਮਾਧਿਅਮ ਰਾਹੀਂ ਸਿੱਖਿਆ ਵਿਦੇਸ਼ੀ ਭਾਸ਼ਾ ਮਾਧਿਅਮ ਰਾਹੀਂ ਸਿੱਖਿਆ ਨਾਲੋਂ ਵਧੇਰੇ ਸਹਾਇਕ ਹੁੰਦੀ ਹੈ। ਭਾਸ਼ਾ ਵਿਗਿਆਨੀ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਵਿਦੇਸ਼ੀ ਭਾਸ਼ਾ ਸਿੱਖਣ ਅਤੇ ਸਿਖਾਉਣ ਵਿਚ ਮਾਤ ਭਾਸ਼ਾ ਦੇ ਸਰੋਤ ਦੇ ਰੂਪ ਵਿਚ ਪਾਏ ਜਾਣ ਵਾਲੇ ਯੋਗਦਾਨ ਨੂੰ ਮੁੜ ਪ੍ਰਭਾਸ਼ਿਤ ਕਰਨ ਦੀ ਲੋੜ ਹੈ।

ਬੱਚੇ ਜਿਵੇਂ ਜਿਵੇਂ ਵੱਡੇ ਹੁੰਦੇ ਹਨ:-

'-ਯਥਾਰਥ ਨੂੰ ਸੰਕਲਪਣਾ ਸਿੱਖ ਚੁੱਕੇ ਹੁੰਦੇ ਹਨ।

-ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨਾ ਸਿੱਖ ਚੁੱਕੇ ਹਨ।

-ਆਪਣੀ ਮਾਤ ਭਾਸ਼ਾ ਵਿਚ ਬੋਲਣਾ ਅਤੇ ਉਸਦੀ ਵਰਤੋਂ ਕਰਨਾ ਸਿੱਖ ਚੁੱਕੇ ਹੁੰਦੇ ਹਨ।

-ਵਿਆਕਰਣ ਦੀ ਸਮਝ ਸਹਿਜ ਰੂਪ ਵਿਚ ਹਾਸਲ ਕਰ ਚੁੱਕੇ ਹੁੰਦੇ ਹਨ ਅਤੇ ਭਾਸ਼ਾ ਦੇ ਕਈ ਸੂਖਮ ਪੱਖਾਂ ਬਾਰੇ ਚੇਤਨ ਹੋ ਚੁੱਕੇ ਹੁੰਦੇ ਹਨ।

-ਪੜ੍ਹਨ ਅਤੇ ਲਿਖਣ ਦੇ ਹੁਨਰ ਪ੍ਰਾਪਤ ਕਰ ਚੁੱਕੇ ਹਨ: ਮਾਤ ਭਾਸ਼ਾ ਏਸੇ ਕਰਕੇ ਵਿਦੇਸ਼ੀ ਭਾਸ਼ਾ ਸਿੱਖਣ ਲਈ ਵੱਡੀ ਪੂੰਜੀ ਹੁੰਦੀ ਹੈ। ਇਸ ਨਾਲ ਭਾਸ਼ਾ ਗ੍ਰਹਿਣ ਕਰਨ ਦੀ ਸਹਾਇੱਕ ਪ੍ਰਣਾਲੀ ਹਾਸਲ ਹੁੰਦੀ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਇਸ ਨਾਲ ਪੜ੍ਹਾਈ ਸੰਭਵ ਹੁੰਦੀ ਹੈ।

'ਸਫਲ ਸਿਖਿਆਰਥੀ ਮਾਤ ਭਾਸ਼ਾ ਦੇ ਰਾਹੀਂ ਹਾਸਲ ਭਾਸ਼ਾਈ ਹੁਨਰ ਅਤੇ ਯਥਾਰਥ ਗਿਆਨ ਦੇ ਵੱਡੇ ਖਜ਼ਾਨੇ ਨੂੰ ਅਧਾਰ ਬਣਾਉਂਦੇ ਹਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਯਥਾਰਥ ਨੂੰ

*(ਬਾਕੀ ਅਗਲੇ ਸਫੇ 'ਤੇ)*

# ਏ.ਆਈ. ਕ੍ਰਾਂਤੀ: ਮਨੁੱਖੀ ਬੁੱਧੀ ਲਈ ਵਰਦਾਨ ਜਾਂ ਹੋਂਦ ਦਾ ਸੰਕਟ?

ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066


ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਦੇ ਦੌਰ ਦੀ ਸਭ ਤੋਂ ਚਰਚਿਤ ਅਤੇ ਕ੍ਰਾਂਤੀਕਾਰੀ ਤਕਨੀਕ ਬਣ ਚੁੱਕੀ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨੂੰ ਸੌਖੀ ਭਾਸ਼ਾ ਵਿਚ 'ਬਣਾਵਟੀ ਬੁੱਧੀ' ਕਿਹਾ ਜਾਂਦਾ ਹੈ। ਜਿਸ ਦਾ ਮਤਲਬ ਹੈ ਮਸ਼ੀਨਾਂ ਦੇ ਅੰਦਰ ਸੋਚਣ, ਸਮਝਣ ਅਤੇ ਫੈਸਲੇ ਲੈਣ ਦੀ ਸਮਰੱਥਾ ਪੈਦਾ ਕਰਨਾ। ਇਹ ਤਕਨੀਕ ਸਿਰਫ ਕੰਪਿਊਟਰ ਵਿਗਿਆਨ ਦਾ ਇੱਕ ਹਿੱਸਾ ਨਹੀਂ ਰਹੀ, ਸਗੋਂ ਇਹ ਮਨੁੱਖੀ ਸੱਭਿਅਤਾ ਦੇ ਵਿਕਾਸ ਦਾ ਇੱਕ ਨਵਾਂ ਪਾਠ ਹੈ। ਜਦੋਂ ਅਸੀਂ ਇਤਿਹਾਸ ਵੱਲ ਝਾਤ ਮਾਰਦੇ ਹਾਂ, ਤਾਂ ਮਨੁੱਖ ਨੇ ਹਮੇਸ਼ਾ ਅਜਿਹੇ ਸੰਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਉਸ ਦੇ ਕੰਮ ਨੂੰ ਸੌਖਾ ਬਣਾ ਸਕਣ, ਪਰ ਏ.ਆਈ. ਇਨ੍ਹਾਂ ਸਾਰੇ ਸੰਦਾਂ ਤੋਂ ਵੱਖਰੀ ਹੈ ਕਿਉਂਕਿ ਇਹ ਸਿਰਫ਼ ਹੁਕਮਾਂ ਦਾ ਪਾਲਣ ਨਹੀਂ ਕਰਦੀ, ਸਗੋਂ ਅੰਕੜਿਆਂ ਤੋਂ ਸਿੱਖਦੀ ਹੈ ਅਤੇ ਸਮੇਂ ਦੇ ਨਾਲ ਆਪਣੇ ਆਪ ਨੂੰ ਬਿਹਤਰ ਬਣਾਉਂਦੀ ਹੈ। ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੱਧ ਵਿਚ ਹੋਈ ਸੀ, ਪਰ ਅੱਜ ਦੇ ਸਮੇਂ ਵਿਚ ਉਪਲਬਧ ਵਿਸ਼ਾਲ ਡੈਟਾ ਅਤੇ ਸ਼ਕਤੀਸ਼ਾਲੀ ਪ੍ਰੋਸੈਸਰਾਂ ਨੇ ਇਸ ਨੂੰ ਇੱਕ ਅਜਿਹੀ ਤਾਕਤ ਬਣਾ ਦਿੱਤਾ ਹੈ, ਜੋ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਨਕਸ਼ਾ ਬਦਲ ਕੇ ਰੱਖ ਦੇਵੇਗੀ।

ਇਸ ਤਕਨੀਕ ਦੀ ਕਾਰਜਪ੍ਰਣਾਲੀ ਬਹੁਤ ਗੁੰਝਲਦਾਰ ਹੈ, ਪਰ ਇਸ ਦਾ ਪ੍ਰਭਾਵ ਬੜਾ ਸਰਲ ਅਤੇ ਡੂੰਘਾ ਹੈ। ਏ.ਆਈ. ਮੁੱਖ ਤੌਰ 'ਤੇ ਅਲਗੋਰਿਦਮ ਅਤੇ ਮਸ਼ੀਨ ਲਰਨਿੰਗ 'ਤੇ ਅਧਾਰਤ ਹੁੰਦੀ ਹੈ, ਜਿੱਥੇ ਕੰਪਿਊਟਰ ਪ੍ਰਣਾਲੀਆਂ ਨੂੰ ਲੱਖਾਂ-ਕਰੋੜਾਂ ਸੂਚਨਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀਆਂ ਉਨ੍ਹਾਂ ਸੂਚਨਾਵਾਂ ਵਿਚੋਂ ਪੈਟਰਨ ਲੱਭਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਅਧਾਰ 'ਤੇ ਨਤੀਜੇ ਕੱਢਦੀਆਂ ਹਨ। ਉਦਾਹਰਣ ਵਜੋਂ, ਜਦੋਂ ਅਸੀਂ ਆਪਣੇ ਸਮਾਰਟਫੋਨ 'ਤੇ ਚਿਹਰੇ ਦੀ ਪਛਾਣ ਦੀ ਵਰਤੋਂ ਕਰਦੇ ਹਾਂ ਜਾਂ ਇੰਟਰਨੈੱਟ 'ਤੇ ਕੁਝ ਖੋਜਦੇ ਹਾਂ, ਤਾਂ ਪਰਦੇ ਦੇ ਪਿੱਛੇ ਏ.ਆਈ. ਹੀ ਕੰਮ ਕਰ ਰਹੀ ਹੁੰਦੀ ਹੈ। ਇਹ ਤਕਨੀਕ ਹੁਣ ਸਿਰਫ਼ ਗਣਿਤ ਦੇ ਸਵਾਲ ਹੱਲ ਕਰਨ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਕਵਿਤਾਵਾਂ ਲਿਖ ਰਹੀ ਹੈ, ਚਿੱਤਰਕਾਰੀ ਕਰ ਰਹੀ ਹੈ ਅਤੇ ਇੱਥੋਂ ਤੱਕ ਕਿ ਡਾਕਟਰੀ ਇਲਾਜ ਵਿਚ ਮਾਹਿਰ ਡਾਕਟਰਾਂ ਦੀ ਮਦਦ ਵੀ ਕਰ ਰਹੀ ਹੈ। ਇਹ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਇੱਕ ਕੋਸ਼ਿਸ਼ ਹੈ, ਜਿੱਥੇ ਨਿਊਰਲ ਨੈੱਟਵਰਕ ਰਾਹੀਂ ਮਸ਼ੀਨਾਂ ਨੂੰ ਅਹਿਸਾਸ ਅਤੇ ਤਰਕ ਦੀ ਦੁਨੀਆ ਨਾਲ ਜੋੜ ਰਹੀ ਹੈ। ਇਹ ਬੌਧਿਕ ਸਮਰੱਥਾ ਜਦੋਂ ਸੰਚਾਰ ਦੇ ਮਾਧਿਅਮਾਂ ਵਿਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਜਾਣਕਾਰੀ ਦੇ ਪ੍ਰਵਾਹ ਨੂੰ ਇੱਕ ਨਵੀਂ ਗਤੀ ਪ੍ਰਦਾਨ ਕਰਦੀ ਹੈ।

ਸੰਚਾਰ ਅਤੇ ਮੀਡੀਆ ਦਾ ਖੇਤਰ, ਜਿਸ ਵਿਚ ਰੇਡੀਓ, ਟੀਵੀ, ਅਖਬਾਰ ਅਤੇ ਪੱਤਰਕਾਰੀ ਸ਼ਾਮਲ ਹਨ, ਏ.ਆਈ. ਦੁਆਰਾ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ। ਅੱਜ ਏ.ਆਈ. ਐਂਕਰ ਟੀਵੀ 'ਤੇ ਖ਼ਬਰਾਂ ਪੜ੍ਹ ਰਹੇ ਹਨ ਅਤੇ ਅਖਬਾਰਾਂ ਵਿਚ ਖ਼ਬਰਾਂ ਲਿਖਣ ਲਈ ਏ.ਆਈ. ਟੂਲਸ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਫਾਇਦੇ ਇਹ ਹਨ ਕਿ ਜਾਣਕਾਰੀ ਬਹੁਤ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਦੀ ਹੈ ਅਤੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਸੌਖਾ ਹੋ ਗਿਆ ਹੈ। ਪਰ ਪੱਤਰਕਾਰੀ ਦੇ ਖੇਤਰ ਵਿਚ ਇਹ ਇੱਕ ਵੱਡਾ ਨੈਤਿਕ ਸੰਕਟ ਵੀ ਹੈ। ਜੇਕਰ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਉਹ ਸੱਚਾਈ ਅਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਪੱਤਰਕਾਰੀ ਦਾ ਮੂਲ ਸਿਧਾਂਤ 'ਸੱਚ ਦੀ ਖੋਜ' ਹੈ, ਪਰ ਏ.ਆਈ. ਕਈ ਵਾਰ ਅਜਿਹੀ ਜਾਣਕਾਰੀ ਪੈਦਾ ਕਰ ਦਿੰਦੀ ਹੈ। ਜੋ ਸੱਚ ਲੱਗਦੀ ਹੈ ਪਰ ਹਕੀਕਤ ਵਿਚ ਗਲਤ ਹੁੰਦੀ ਹੈ। ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਕ ਪ੍ਰਚਾਰ ਦਾ ਹਥਿਆਰ ਬਣ ਜਾਂਦੀ ਹੈ।

***ਅਖਬਾਰਾਂ ਵਿਚ ਖ਼ਬਰਾਂ ਲਿਖਣ ਲਈ ਏ.ਆਈ. ਟੂਲਸ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਫਾਇਦੇ ਇਹ ਹਨ ਕਿ ਜਾਣਕਾਰੀ ਬਹੁਤ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਦੀ ਹੈ ਅਤੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਸੌਖਾ ਹੋ ਗਿਆ ਹੈ। ਪਰ ਪੱਤਰਕਾਰੀ ਦੇ ਖੇਤਰ ਵਿਚ ਇਹ ਇੱਕ ਵੱਡਾ ਨੈਤਿਕ ਸੰਕਟ ਵੀ ਹੈ। ਜੇਕਰ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਉਹ ਸੱਚਾਈ ਅਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਪੱਤਰਕਾਰੀ ਦਾ ਮੂਲ ਸਿਧਾਂਤ 'ਸੱਚ ਦੀ ਖੋਜ' ਹੈ, ਪਰ ਏ.ਆਈ. ਕਈ ਵਾਰ ਅਜਿਹੀ ਜਾਣਕਾਰੀ ਪੈਦਾ ਕਰ ਦਿੰਦੀ ਹੈ। ਜੋ ਸੱਚ ਲੱਗਦੀ ਹੈ ਪਰ ਹਕੀਕਤ ਵਿਚ ਗਲਤ ਹੁੰਦੀ ਹੈ। ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਕ ਪ੍ਰਚਾਰ ਦਾ ਹਥਿਆਰ ਬਣ ਜਾਂਦੀ ਹੈ।***

ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿਚ ਏ.ਆਈ. ਦੀ ਗਲਤ ਵਰਤੋਂ ਇੱਕ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਅਜੋਕੀ ਰਾਜਨੀਤੀ ਵਿਚ ਵੋਟਾਂ ਦੇ ਧਰੁਵੀਕਰਨ ਲਈ ਸੋਸ਼ਲ ਮੀਡੀਆ ਅਤੇ ਏ.ਆਈ. ਅਲਗੋਰਿਦਮ ਦੀ ਵਰਤੋਂ ਲੋਕਾਂ ਦੀ ਮਾਨਸਿਕਤਾ ਨਾਲ ਖੇਡਣ ਲਈ ਕੀਤੀ ਜਾ ਰਹੀ ਹੈ। ਇੱਥੇ 'ਡੀਪ ਫੇਕ' ਤਕਨੀਕ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ, ਜੋ ਕਿਸੇ ਵਿਅਕਤੀ ਦੇ ਚਿਹਰੇ ਅਤੇ ਆਵਾਜ਼ ਦੀ ਇੰਨੀ ਸਟੀਕ ਨਕਲ ਕਰਦੀ ਹੈ




ਕਿ ਅਸਲੀ ਅਤੇ ਨਕਲੀ ਵਿਚ ਫਰਕ ਕਰਨਾ ਅਸੰਭਵ ਹੋ ਜਾਂਦਾ ਹੈ। ਜਦੋਂ ਕਿਸੇ ਰਾਜਨੀਤਿਕ ਨੇਤਾ ਦੀ ਨਕਲੀ ਵੀਡੀਓ ਬਣਾ ਕੇ ਕਿਸੇ ਧਰਮ ਜਾਂ ਜਾਤ ਵਿਰੁੱਧ ਭੜਕਾਊ ਗੱਲਾਂ ਕਹਾਈਆਂ ਜਾਂਦੀਆਂ ਹਨ, ਤਾਂ ਆਮ ਜਨਤਾ ਉਸ ਨੂੰ ਸੱਚ ਮੰਨ ਲੈਂਦੀ ਹੈ। ਇਹ ਸਿਰਫ਼ ਵੋਟਾਂ ਲੈਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਲੋਕਤੰਤਰ ਦੀ ਬੁਨਿਆਦ 'ਤੇ ਹਮਲਾ ਹੈ। ਰਾਜਨੀਤਿਕ ਪ੍ਰਚਾਰ ਹੁਣ ਤਰਕ ਅਤੇ ਵਿਕਾਸ ਦੇ ਮੁੱਦਿਆਂ ਤੋਂ ਹਟ ਕੇ 'ਧਾਰਨਾ ਬਣਾਉਣ' ਦੀ ਖੇਡ ਬਣ ਗਿਆ ਹੈ, ਜੋ ਸਮਾਜਿਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

ਜੇਕਰ ਅਸੀਂ ਸਮਾਜ ਸ਼ਾਸਤਰ ਦੇ ਨਜ਼ਰੀਏ ਤੋਂ ਦੇਖੀਏ, ਤਾਂ ਭਾਰਤੀ ਸਮਾਜ ਦੀ ਬਣਤਰ ਬਹੁਤ ਗੁੰਝਲਦਾਰ ਹੈ। ਜਾਤ-ਪਾਤ ਦੀ ਜਕੜ, ਲਿੰਗ ਅਸਮਾਨਤਾ ਅਤੇ ਆਰਥਿਕ ਪਾੜਾ ਸਾਡੇ ਸਮਾਜ ਦੇ ਪੁਰਾਣੇ ਜ਼ਖਮ ਹਨ। ਏ.ਆਈ. ਵਰਗੀ ਆਧੁਨਿਕ ਤਕਨੀਕ ਜਦੋਂ ਅਜਿਹੇ ਸਮਾਜ ਵਿਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਸਮਾਜਿਕ ਵੰਡੀਆਂ ਨੂੰ ਹੋਰ ਡੂੰਘਾ ਕਰਨ ਦਾ ਜ਼ਰੀਆ ਵੀ ਬਣ ਸਕਦੀ ਹੈ। ਮਨੁੱਖੀ ਰਿਸ਼ਤਿਆਂ 'ਤੇ ਵੀ ਇਸ ਦਾ ਪ੍ਰਭਾਵ ਪੈ ਰਿਹਾ ਹੈ, ਜਿੱਥੇ ਲੋਕ ਅਸਲੀ ਸੰਪਰਕ ਨਾਲੋਂ ਡਿਜੀਟਲ ਸੰਪਰਕ ਨੂੰ ਤਰਜੀਹ ਦੇ ਰਹੇ ਹਨ। ਏ.ਆਈ. ਚੈਟਬੋਟਸ ਲੋਕਾਂ ਦੇ ਮਾਨਸਿਕ ਸਲਾਹਕਾਰ ਬਣ ਰਹੇ ਹਨ, ਜਿਸ ਨਾਲ ਮਨੁੱਖੀ 'ਹਮਦਰਦੀ' ਦੀ ਸਮਰੱਥਾ ਘਟ ਰਹੀ ਹੈ। ਲੋਕ ਮਨੁੱਖਾਂ ਨਾਲੋਂ ਮਸ਼ੀਨਾਂ ਨਾਲ ਗੱਲ ਕਰਨਾ ਸੌਖਾ ਸਮਝ ਰਹੇ ਹਨ, ਜੋ ਸਮਾਜਿਕ ਇਕੱਲਤਾ ਅਤੇ ਮਾਨਸਿਕ ਸਿਹਤ ਲਈ ਨਵੇਂ ਖ਼ਤਰੇ ਪੈਦਾ ਕਰ ਰਿਹਾ ਹੈ। ਇਹ ਮਾਨਸਿਕ ਬਦਲਾਅ ਸਾਡੀ ਸਿਰਜਣਾਤਮਕਤਾ ਅਤੇ ਸਾਹਿਤਕ ਸੋਚ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸੱਭਿਆਚਾਰ ਅਤੇ ਸਾਹਿਤ ਦੇ ਖੇਤਰ ਵਿਚ ਏ.ਆਈ. ਦੀ ਦਖਲਅੰਦਾਜ਼ੀ ਇੱਕ ਗੰਭੀਰ ਬਹਿਸ ਦਾ ਵਿਸ਼ਾ ਹੈ। ਸਾਹਿਤ ਹਮੇਸ਼ਾ ਮਨੁੱਖੀ ਅਨੁਭਵਾਂ, ਪੀੜਾਂ ਅਤੇ ਵਲਵਲਿਆਂ ਦੀ ਉਪਜ ਰਿਹਾ ਹੈ। ਜਦੋਂ ਏ.ਆਈ. ਕੋਈ ਕਵਿਤਾ ਜਾਂ ਕਹਾਣੀ ਲਿਖਦੀ ਹੈ, ਤਾਂ ਉਹ ਕਰੋੜਾਂ ਸ਼ਬਦਾਂ ਦੇ ਡੈਟਾ ਦਾ ਵਿਸ਼ਲੇਸ਼ਣ ਕਰਕੇ ਇੱਕ ਸੁੰਦਰ ਰਚਨਾ ਤਾਂ ਤਿਆਰ ਕਰ ਸਕਦੀ ਹੈ, ਪਰ ਕੀ ਉਸ ਵਿਚ ਉਹ 'ਰੂਹ' ਹੁੰਦੀ ਹੈ। ਜੋ ਇੱਕ ਲੇਖਕ ਆਪਣੀ ਕਲਮ ਨਾਲ ਪ੍ਰੋਉਂਦਾ ਹੈ? ਅੱਜ ਸੰਗੀਤ ਦੀਆਂ ਧੁਨਾਂ ਅਤੇ ਚਿੱਤਰਕਾਰੀ ਵੀ ਏ.ਆਈ. ਰਾਹੀਂ ਹੋ ਰਹੀ ਹੈ। ਇਸ ਨਾਲ ਸਿਰਜਣਾਤਮਕਤਾ ਦਾ ਲੋਕਤੰਤਰੀਕਰਨ ਤਾਂ ਹੋਇਆ ਹੈ, ਪਰ ਅਸਲੀ ਕਲਾਕਾਰ ਦੀ ਮੌਲਿਕਤਾ ਅਤੇ ਉਸ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾ ਰਿਹਾ ਹੈ। ਮਸ਼ੀਨੀ ਅਨੁਵਾਦ ਨੇ ਦੁਨੀਆ ਭਰ ਦੇ ਸਾਹਿਤ ਨੂੰ ਨੇੜੇ ਤਾਂ ਲਿਆਂਦਾ ਹੈ, ਪਰ ਕਈ ਵਾਰ ਸਥਾਨਕ ਭਾਸ਼ਾ ਦੇ ਮੁਹਾਵਰੇ ਅਤੇ ਮਿਠਾਸ ਇਸ ਪ੍ਰਕਿਰਿਆ ਵਿਚ ਗੁਆਚ ਜਾਂਦੇ ਹਨ। ਇਹ ਬੌਧਿਕ ਤਬਦੀਲੀ ਸਿੱਖਿਆ ਦੇ ਖੇਤਰ ਵਿਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ।

ਸਿੱਖਿਆ ਦੇ ਖੇਤਰ ਵਿਚ ਏ.ਆਈ. ਨੇ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਹੁਣ ਪੜ੍ਹਾਈ ਸਕੂਲ ਦੀਆਂ ਚਾਰ ਦੀਵਾਰੀਆਂ ਤੱਕ ਸੀਮਤ ਨਹੀਂ ਰਹੀ। ਏ.ਆਈ. ਅਧਾਰਤ ਪਲੇਟਫਾਰਮ ਹਰ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਨੁਸਾਰ ਪਾਠਕ੍ਰਮ ਨੂੰ ਢਾਲ ਸਕਦੇ ਹਨ। ਇਹ ਇੱਕ ਨਿੱਜੀ ਅਧਿਆਪਕ ਵਾਂਗ ਕੰਮ ਕਰਦੀ ਹੈ, ਜੋ 24 ਘੰਟੇ ਉਪਲਬਧ ਹੈ। ਖੋਜ ਕਾਰਜਾਂ ਵਿਚ ਇਹ ਤਕਨੀਕ ਮਹੀਨਿਆਂ ਦਾ ਕੰਮ ਮਿੰਟਾਂ ਵਿਚ ਕਰ ਸਕਦੀ ਹੈ। ਦੁਨੀਆ ਭਰ ਦੇ ਡੈਟਾਬੇਸ ਨੂੰ ਸਕਿੰਟਾਂ ਵਿਚ ਖੰਗਾਲ ਕੇ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਏ.ਆਈ. ਕਾਰਨ ਹੀ ਸੰਭਵ ਹੋਇਆ ਹੈ। ਹਾਲਾਂਕਿ, ਇਸ ਨਾਲ ਨਕਲ ਅਤੇ ਮੌਲਿਕਤਾ ਵਰਗੇ ਸਵਾਲ ਵੀ ਖੜ੍ਹੇ ਹੋ ਰਹੇ ਹਨ। ਜਿੱਥੇ ਸਿੱਖਿਆ ਮਾਨਸਿਕ ਵਿਕਾਸ ਕਰਦੀ ਹੈ, ਉੱਥੇ ਸਿਹਤ ਸੇਵਾਵਾਂ ਮਨੁੱਖੀ ਜੀਵਨ ਦੀ ਰੱਖਿਆ ਕਰਦੀਆਂ ਹਨ।

ਸਿਹਤ ਸੇਵਾਵਾਂ ਦੇ ਖੇਤਰ ਵਿਚ ਏ.ਆਈ. ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਬਿਮਾਰੀਆਂ ਦੀ ਜਲਦੀ ਪਛਾਣ ਕਰਨ ਵਿਚ ਇਸ ਦੀ ਸ਼ੁੱਧਤਾ ਹੈਰਾਨੀਜਨਕ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦਾ ਪਤਾ ਸ਼ੁਰੂਆਤੀ ਪੜਾਅ 'ਤੇ ਲਗਾਉਣ ਲਈ ਏ.ਆਈ. ਮਸ਼ੀਨਾਂ ਰਿਪੋਰਟਾਂ ਦਾ ਇੰਨੀ ਬਾਰੀਕੀ ਨਾਲ ਵਿਸ਼ਲੇਸ਼ਣ ਕਰਦੀਆਂ ਹਨ ਕਿ ਮਨੁੱਖੀ ਅੱਖ ਤੋਂ ਉਹ ਨੁਕਤੇ ਰਹਿ ਸਕਦੇ ਹਨ। ਨਵੀਆਂ ਦਵਾਈਆਂ ਦੀ ਖੋਜ ਅਤੇ ਜੀਨੋਮ ਸੀਕੁਐਂਸਿੰਗ ਵਿਚ ਇਸ ਨੇ ਸਮਾਂ ਅਤੇ ਖਰਚਾ ਬਹੁਤ ਘਟਾ ਦਿੱਤਾ ਹੈ। ਭਵਿੱਖ ਵਿਚ ਅਸੀਂ ਅਜਿਹੇ ਰੋਬੋਟਿਕ ਸਰਜਨ ਦੇਖ ਸਕਾਂਗੇ ਜੋ ਬੇਹੱਦ ਗੁੰਝਲਦਾਰ ਆਪ੍ਰੇਸ਼ਨ ਕਰਨ ਵਿਚ ਸਫਲ ਹੋਣਗੇ। ਸਿਹਤ ਤੋਂ ਬਾਅਦ ਜੇਕਰ ਅਸੀਂ ਰੋਜ਼ਾਨਾ ਜੀਵਨ ਦੇ ਆਰਥਿਕ ਪਹਿਲੂ ਵੱਲ ਦੇਖੀਏ, ਤਾਂ ਉੱਥੇ ਵੀ ਏ.ਆਈ. ਦੀ ਜਕੜ ਮਜ਼ਬੂਤ ਹੈ।

ਬੈਂਕਿੰਗ ਅਤੇ ਵਿੱਤੀ ਖੇਤਰ ਵਿਚ ਏ.ਆਈ. ਨੇ ਲੈਣ-ਦੇਣ ਨੂੰ ਬਹੁਤ ਸੁਰੱਖਿਅਤ ਅਤੇ ਤੇਜ਼ ਬਣਾਇਆ ਹੈ। ਧੋਖਾਧੜੀ ਦੀ ਪਛਾਣ ਕਰਨ ਵਾਲੇ ਸਿਸਟਮ ਸਕਿੰਟਾਂ ਵਿਚ ਸ਼ੱਕੀ ਕਾਰਵਾਈਆਂ ਨੂੰ ਰੋਕ ਦਿੰਦੇ ਹਨ। ਪਰ ਦੂਜੇ ਪਾਸੇ, ਏ.ਆਈ. ਅਧਾਰਤ 'ਸਾਈਬਰ ਅਪਰਾਧ' ਵੀ ਵਧ ਗਏ ਹਨ। ਅੱਜ 'ਵਾਇਸ ਕਲੋਨਿੰਗ' ਰਾਹੀਂ ਕਿਸੇ ਰਿਸ਼ਤੇਦਾਰ ਦੀ ਆਵਾਜ਼ ਕੱਢ ਕੇ ਪੈਸੇ ਠੱਗਣ ਦੀਆਂ ਘਟਨਾਵਾਂ ਆਮ ਹੋ ਰਹੀਆਂ ਹਨ। ਇਸੇ ਤਰ੍ਹਾਂ ਖਪਤਕਾਰ ਸੱਭਿਆਚਾਰ ਵਿਚ ਏ.ਆਈ. ਅਲਗੋਰਿਦਮ ਸਾਨੂੰ ਉਹੀ ਚੀਜ਼ਾਂ ਦਿਖਾਉਂਦੇ ਹਨ, ਜੋ ਅਸੀਂ ਖਰੀਦਣਾ ਚਾਹੁੰਦੇ ਹਾਂ, ਜਿਸ ਨਾਲ ਸਾਡੀ 'ਚੋਣ ਦੀ ਆਜ਼ਾਦੀ' ਹੌਲੀ-ਹੌਲੀ ਖਤਮ ਹੋ ਰਹੀ ਹੈ। ਅਸੀਂ ਅਣਜਾਣੇ ਵਿਚ ਉਹੀ ਖਰੀਦ ਰਹੇ ਹਾਂ ਜੋ ਮਸ਼ੀਨ ਸਾਨੂੰ ਖਰੀਦਣ ਲਈ ਪ੍ਰੇਰਿਤ ਕਰ ਰਹੀ ਹੈ। ਇਹ ਆਰਥਿਕ ਪ੍ਰਭਾਵ ਸਿੱਧੇ ਤੌਰ 'ਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ।

ਆਰਥਿਕਤਾ ਅਤੇ ਰੁਜ਼ਗਾਰ ਦੇ ਪੱਖੋਂ ਏ.ਆਈ. ਇੱਕ ਦੋਧਾਰੀ ਤਲਵਾਰ ਹੈ। ਇੱਕ ਪਾਸੇ ਇਹ ਉਦਯੋਗਾਂ ਵਿਚ ਉਤਪਾਦਨ ਵਧਾ ਰਹੀ ਹੈ, ਪਰ ਦੂਜੇ ਪਾਸੇ ਇਹ ਡਰ ਹੈ ਕਿ ਮਸ਼ੀਨਾਂ ਮਨੁੱਖਾਂ ਦੀ ਥਾਂ ਲੈ ਲੈਣਗੀਆਂ। ਡੇਟਾ ਐਂਟਰੀ ਅਤੇ ਕਸਟਮਰ ਸਰਵਿਸ ਵਰਗੇ ਖੇਤਰਾਂ ਵਿਚ ਵੱਡੀ ਪੱਧਰ 'ਤੇ ਆਟੋਮੇਸ਼ਨ ਹੋ ਰਹੀ ਹੈ। ਅਸਲ ਚੁਣੌਤੀ ਇਹ ਹੈ ਕਿ ਸਾਨੂੰ ਆਪਣੀ ਕਿਰਤ ਸ਼ਕਤੀ ਨੂੰ ਨਵੇਂ ਹੁਨਰ ਸਿਖਾਉਣੇ ਪੈਣਗੇ। ਰੁਜ਼ਗਾਰ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿਚ ਵੀ ਏ.ਆਈ. ਨੇ ਅੰਕੜਿਆਂ ਦੀ ਇੱਕ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ। ਅੱਜ ਖੇਡਾਂ ਸਿਰਫ ਸਰੀਰਕ ਜ਼ੋਰ ਨਹੀਂ ਰਹੀਆਂ, ਸਗੋਂ ਏ.ਆਈ. ਇਹ ਤੈਅ ਕਰਦੀ ਹੈ ਕਿ ਕਿਸ ਖਿਡਾਰੀ ਦੀ ਕੀ ਕਮਜ਼ੋਰੀ ਹੈ ਅਤੇ ਕਿਸ ਰਣਨੀਤੀ ਨਾਲ ਖੇਡਣਾ ਹੈ। ਇਹ 'ਡਾਟਾ-ਵਾਰ' ਖੇਡਾਂ ਦੀ ਕੁਦਰਤੀ ਚਮਕ ਨੂੰ ਪ੍ਰਭਾਵਿਤ ਕਰ ਰਹੀ ਹੈ।

ਖੇਤੀਬਾੜੀ ਵਰਗੇ ਰਵਾਇਤੀ ਖੇਤਰ ਵਿਚ ਏ.ਆਈ. ਕਿਸਾਨਾਂ ਲਈ ਇੱਕ ਵਿਗਿਆਨਕ ਸਹਾਰਾ ਬਣ ਕੇ ਉੱਭਰੀ ਹੈ। 'ਪ੍ਰੀਸੀਜ਼ਨ ਫਾਰਮਿੰਗ' ਰਾਹੀਂ ਮਿੱਟੀ ਦੀ ਸਿਹਤ ਅਤੇ ਫਸਲਾਂ ਦੀਆਂ ਬਿਮਾਰੀਆਂ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਸਮਾਰਟ ਸਿੰਚਾਈ ਪ੍ਰਣਾਲੀਆਂ ਅਤੇ ਸੈਂਸਰ ਇਹ ਦੱਸਦੇ ਹਨ ਕਿ ਪੌਦੇ ਨੂੰ ਕਿੰਨੇ ਪਾਣੀ ਦੀ ਲੋੜ ਹੈ, ਜੋ ਪੰਜਾਬ ਵਰਗੇ ਸੂਬਿਆਂ ਵਿਚ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਵਿਚ ਮਦਦਗਾਰ ਹੋ ਸਕਦਾ ਹੈ। ਡਰੋਨਾਂ ਰਾਹੀਂ ਕੀਟਨਾਸ਼ਕਾਂ ਦਾ ਸਹੀ ਛਿੜਕਾਅ ਵਾਤਾਵਰਣ ਨੂੰ ਵੀ ਬਚਾਉਂਦਾ ਹੈ। ਵਾਤਾਵਰਣ ਦੇ ਸੰਦਰਭ ਵਿਚ ਏ.ਆਈ. ਜਲਵਾਯੂ ਤਬਦੀਲੀ ਨੂੰ ਸਮਝਣ ਅਤੇ ਪ੍ਰਦੂਸ਼ਣ ਘਟਾਉਣ ਵਿਚ ਸਹਾਈ ਹੈ, ਪਰ ਇਸ ਦੇ ਡੈਟਾ ਸੈਂਟਰਾਂ ਦੁਆਰਾ ਕੀਤੀ ਜਾਂਦੀ ਬਿਜਲੀ ਦੀ ਖਪਤ ਇੱਕ ਨਵੀਂ ਚੁਣੌਤੀ ਹੈ।

ਅਪਰਾਧ ਵਿਗਿਆਨ ਅਤੇ ਸੁਰੱਖਿਆ ਵਿਚ ਏ.ਆਈ. ਦੀ ਵਰਤੋਂ ਪੁਲਿਸਿੰਗ ਨੂੰ ਆਧੁਨਿਕ ਬਣਾ ਰਹੀ ਹੈ। 'ਪ੍ਰੀਡਿਕਟਿਵ ਪੁਲਿਸਿੰਗ' ਰਾਹੀਂ ਅਪਰਾਧ ਹੋਣ ਦੀ ਸੰਭਾਵਨਾ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਰ ਅੰਤਰਰਾਸ਼ਟਰੀ ਪੱਧਰ 'ਤੇ 'ਆਟੋਨੋਮਸ ਹਥਿਆਰ' ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਹਨ। ਜੇਕਰ ਜੰਗ ਦੇ ਮੈਦਾਨ ਵਿਚ ਫੈਸਲੇ ਮਸ਼ੀਨਾਂ ਲੈਣਗੀਆਂ, ਤਾਂ ਮਨੁੱਖੀ ਹੋਂਦ ਨੂੰ ਖ਼ਤਰਾ ਹੋ ਸਕਦਾ ਹੈ। ਦੂਜੇ ਪਾਸੇ, ਪੁਲਾੜ ਵਿਗਿਆਨ ਵਿਚ ਏ.ਆਈ. ਬ੍ਰਹਿਮੰਡ ਦੀਆਂ ਉਨ੍ਹਾਂ ਗੁੰਝਲਾਂ ਨੂੰ ਸੁਲਝਾ ਰਹੀ ਹੈ। ਜਿੱਥੇ ਮਨੁੱਖੀ ਪਹੁੰਚ ਅਸੰਭਵ ਹੈ। ਦੂਰ-ਦੁਰਾਡੇ ਗ੍ਰਹਿਆਂ 'ਤੇ ਭੇਜੇ ਗਏ ਰੋਵਰ ਏ.ਆਈ. ਰਾਹੀਂ ਹੀ ਆਪਣੇ ਫੈਸਲੇ ਲੈਂਦੇ ਹਨ।

ਇਸ ਸਾਰੀ ਤਕਨੀਕੀ ਚਮਕ-ਧਮਕ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਵਿਸ਼ਾ 'ਨਿੱਜਤਾ ਅਤੇ ਡਿਜੀਟਲ ਪੈੜਾਂ' ਦਾ ਹੈ। ਅੱਜ ਸਾਡੀ ਹਰ ਪਸੰਦ, ਨਫ਼ਰਤ, ਖਰੀਦਦਾਰੀ ਅਤੇ ਇੱਥੋਂ ਤੱਕ ਕਿ ਸਾਡੇ ਨਿੱਜੀ ਸੁਪਨੇ ਵੀ ਏ.ਆਈ. ਦੇ ਡੇਟਾਬੇਸ ਵਿਚ ਦਰਜ ਹੋ ਰਹੇ ਹਨ। ਅਸੀਂ ਅਣਜਾਣੇ ਵਿਚ ਆਪਣੀ ਆਜ਼ਾਦੀ ਇੱਕ ਅਜਿਹੇ ਅਦਿੱਖ ਸਿਸਟਮ ਨੂੰ ਸੌਂਪ ਰਹੇ ਹਾਂ, ਜੋ ਸਾਡੀ ਸੋਚ ਨੂੰ ਕੰਟਰੋਲ ਕਰਨ ਦੀ ਸਮਰੱਥਾ ਰੱਖਦਾ ਹੈ। ਜੇਕਰ ਇਹ ਡੇਟਾ ਗਲਤ ਹੱਥਾਂ ਵਿਚ ਚਲਾ ਜਾਂਦਾ ਹੈ, ਤਾਂ ਇਹ ਸਿਰਫ਼ ਆਰਥਿਕ ਨੁਕਸਾਨ ਹੀ ਨਹੀਂ ਕਰੇਗਾ, ਸਗੋਂ ਮਨੁੱਖੀ ਸੁਭਾਅ ਨੂੰ ਹੀ ਬਦਲ ਕੇ ਰੱਖ ਦੇਵੇਗਾ। ਇੱਥੇ 'ਨੈਤਿਕ ਏ.ਆਈ.' (Ethical AI) ਦਾ ਸਵਾਲ ਉੱਠਦਾ ਹੈ। ਕੀ ਇੱਕ ਮਸ਼ੀਨ ਨੂੰ ਇਹ ਫੈਸਲਾ ਲੈਣ ਦਾ ਹੱਕ ਹੋਣਾ ਚਾਹੀਦਾ ਹੈ ਕਿ ਕਿਸ ਇਨਸਾਨ ਨੂੰ ਨੌਕਰੀ ਮਿਲੇਗੀ ਜਾਂ ਕਿਸ ਨੂੰ ਇਲਾਜ? ਇਹ ਨੈਤਿਕ ਦੁਵਿਧਾ ਹੀ ਆਉਣ ਵਾਲੇ ਸਮੇਂ ਵਿਚ ਮਨੁੱਖ ਅਤੇ ਮਸ਼ੀਨ ਵਿਚਕਾਰਲੀ ਜੰਗ ਦਾ ਅਸਲ ਮੈਦਾਨ ਹੋਵੇਗੀ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਦਾ ਸਭ ਤੋਂ ਸ਼ਕਤੀਸ਼ਾਲੀ ਸੰਦ ਹੈ। ਇਹ ਕੋਈ ਜਾਦੂ ਨਹੀਂ, ਸਗੋਂ ਮਨੁੱਖੀ ਬੁੱਧੀ ਦਾ ਹੀ ਇੱਕ ਵਿਸਤਾਰ ਹੈ। ਇਸ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਇਹ ਤਕਨੀਕ ਕਿੰਨੀ ਪ੍ਰਬਲ ਹੈ, ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਸ ਨੂੰ ਚਲਾਉਣ ਵਾਲੀ ਮਨੁੱਖੀ ਚੇਤਨਾ ਕਿੰਨੀ ਸੰਵੇਦਨਸ਼ੀਲ ਹੈ। ਜੇਕਰ ਅਸੀਂ ਇਸ ਨੂੰ ਸਿਰਫ ਮੁਨਾਫੇ, ਰਾਜਨੀਤਿਕ ਸੱਤਾ ਜਾਂ ਜੰਗੀ ਹਵਸ ਲਈ ਵਰਤਾਂਗੇ, ਤਾਂ ਇਹ ਮਨੁੱਖੀ ਹੋਂਦ ਲਈ ਖ਼ਤਰਾ ਬਣ ਸਕਦੀ ਹੈ। ਪਰ ਜੇਕਰ ਅਸੀਂ ਇਸ ਨੂੰ ਮਨੁੱਖਤਾ ਦੀਆਂ ਵੱਡੀਆਂ ਸਮੱਸਿਆਵਾਂ ਜਿਵੇਂ ਕਿ ਗਰੀਬੀ, ਲਾਇਲਾਜ ਬਿਮਾਰੀਆਂ ਅਤੇ ਵਾਤਾਵਰਣਕ ਸੰਕਟ ਨੂੰ ਹੱਲ ਕਰਨ ਲਈ ਵਰਤਾਂਗੇ, ਤਾਂ ਇਹ ਧਰਤੀ 'ਤੇ ਇੱਕ ਨਵਾਂ ਸਵਰਗ ਸਿਰਜ ਸਕਦੀ ਹੈ। ਮਨੁੱਖ ਨੂੰ ਮਸ਼ੀਨ ਤੋਂ ਡਰਨ ਦੀ ਲੋੜ ਨਹੀਂ, ਸਗੋਂ ਆਪਣੀ 'ਮਨੁੱਖਤਾ' ਨੂੰ ਬਚਾਉਣ ਦੀ ਲੋੜ ਹੈ। ਤਕਨੀਕ ਦੇ ਇਸ ਹੜ੍ਹ ਵਿਚ ਸਾਡਾ ਸਭ ਤੋਂ ਵੱਡਾ ਹਥਿਆਰ ਸਾਡੀ 'ਨੈਤਿਕਤਾ' ਹੀ ਹੋਵੇਗੀ। ਭਵਿੱਖ ਸਾਡੇ ਬੂਹੇ 'ਤੇ ਦਸਤਕ ਦੇ ਰਿਹਾ ਹੈ ਅਤੇ ਇਹ ਤੈਅ ਕਰਨਾ ਸਾਡੇ ਹੱਥ ਵਿਚ ਹੈ ਕਿ ਅਸੀਂ ਇੱਕ ਅਜਿਹਾ ਸੰਸਾਰ ਸਿਰਜੀਏ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਦੀ ਗੁਲਾਮ ਨਹੀਂ, ਸਗੋਂ ਇਨਸਾਨੀਅਤ ਦੇ ਭਲੇ ਲਈ ਇੱਕ ਸੁਚੱਜੀ ਸਹਿਯੋਗੀ ਬਣ ਕੇ ਵਿਚਰੇ।

'ਏ.ਆਈ. ਦਾ ਅਸਲੀ ਖ਼ਤਰਾ ਇਹ ਨਹੀਂ ਕਿ ਮਸ਼ੀਨਾਂ ਮਨੁੱਖਾਂ ਵਾਂਗ ਸੋਚਣ ਲੱਗ ਪੈਣਗੀਆਂ, ਸਗੋਂ ਇਹ ਹੈ ਕਿ ਕਿਤੇ ਮਨੁੱਖ ਮਸ਼ੀਨਾਂ ਵਾਂਗ ਸੋਚਣਾ ਨਾ ਸ਼ੁਰੂ ਕਰ ਦੇਵੇ।'

## ਮੇਰੀ ਭਾਸ਼ਾ ਮੇਰਾ ਮਾਣ

***(ਪਿਛਲੇ ਸਫੇ ਦਾ ਬਾਕੀ)***

ਨਵੀਂ ਭਾਸ਼ਾ ਵਿਚ ਨਵੇਂ ਸਿਰਿਓਂ ਸੰਕਲਪਣ ਦੀ ਲੋੜ ਨਹੀਂ ਹੁੰਦੀ। ਉਹ ਪਹਿਲੀ ਭਾਸ਼ਾ ਗ੍ਰਹਿਣ ਕਰ ਚੁੱਕੇ ਹਨ ਅਤੇ ਇਹਦੇ ਨਾਲ ਹੀ ਗੱਲ-ਬਾਤ ਦੇ ਹੁਨਰ ਅਤੇ ਵਿਹਾਰਕ ਗਿਆਨ ਹਾਸਲ ਕਰ ਚੁੱਕੇ ਹਨ। ਮਿਸਾਲ ਲਈ, ਬੇਨਤੀ, ਇੱਛਾ ਜਾਂ ਚੇਤਾਵਨੀ ਦੇ ਭਾਵ ਆਮ ਤੌਰ 'ਤੇ ਸਧਾਰਣ ਕਿਸਮ ਦੇ ਵਾਕਾਂ ਭਾਰੀ ਪਰਗਟ ਨਹੀਂ ਕੀਤੇ ਜਾਂਦੇ ਪਰ ਫਿਰ ਵੀ ਇਹ ਭਾਵ ਕਿਸੇ ਸਧਾਰਣ ਵਾਕ ਵਿਚ ਵੀ ਲੁੱਕੇ ਹੋ ਸਕਦੇ ਹਨ ਅਤੇ ਪਹਿਲੀ ਭਾਸ਼ਾ ਦੀ ਰਾਹ ਰੋਸ਼ਨ ਕਰਨ ਦੀ ਸ਼ਕਤੀ ਇਸ ਗੱਲ ਤੇ ਨਿਰਭਰ ਨਹੀਂ ਹੁੰਦੀ ਕਿ ਦੋਹਾਂ ਭਾਸ਼ਾਵਾਂ ਦੀਆਂ ਵਿਆਕਰਣਾਂ ਇਕੋ ਜਿਹੀਆਂ ਹੋਣ। ਇਹ ਇਸ ਗੱਲ ਲਈ ਹੈ ਕਿ ਸਾਰੀਆਂ ਭਾਸ਼ਾਵਾਂ ਅਧਿਕਾਰ, ਗਿਣਤੀ, ਕਰਤਾ ਸਾਧਨ, ਨਿਖੇਧ, ਕਾਰਣ, ਸ਼ਰਤ, ਲੋੜ ਜਿਹੇ ਅਮੂਰਤ ਭਾਵਾਂ ਨੂੰ ਪਰਗਟ ਕਰਨ ਵਾਲੀਆਂ ਵਿਧੀਆਂ ਦਾ ਵਿਕਾਸ ਕਰ ਚੁੱਕੀਆਂ ਹੁੰਦੀਆਂ ਹਨ, ਉਹ ਭਾਵੇਂ ਇਸ ਨੂੰ ਕਿਵੇਂ ਵੀ ਪੂਰਾ ਕਰਦੀਆਂ ਹੋਣ। ਇੱਕ ਭਾਸ਼ਾ ਦੀ ਵਿਆਕਰਣ ਦੂਜੀ ਭਾਸ਼ਾ ਦੇ ਦਰਵਾਜ਼ੇ ਖੋਲ੍ਹਣ ਲਈ ਇਸ ਲਈ ਕਾਫ਼ੀ ਹੁੰਦੀ ਹੈ ਕਿਉਂਕਿ ਸਾਰੀਆਂ ਭਾਸ਼ਾਵਾਂ ਦਾ ਸੰਕਲਪੀ ਅਧਾਰ ਇੱਕੋ ਜਿਹਾ ਹੈ।

ਭਾਸ਼ਾ ਸੰਬੰਧੀ ਨੀਤੀਕਾਰਾਂ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਬਾਕੀ ਦੁਨੀਆ ਵਿਚ ਸਿੱਖਿਆ ਅਤੇ ਭਾਸ਼ਾਵਾਂ ਦੀ ਪੜ੍ਹਾਈ ਦੇ ਖੇਤਰ ਵਿਚ ਕੀ ਹੋ ਰਿਹਾ ਹੈ।

ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਗੁਰਮੁਖੀ ਲਿਪੀ ਵਿਚ ਲਿਖਣ ਅਤੇ ਪੜ੍ਹਨ ਦੀ ਆਦਤ ਵੀ ਵਿਕਸਿਤ ਕਰਨੀ ਪਵੇਗੀ।

-ਸਿਹਤਮੰਦ ਸਾਹਿਤ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਪਵੇਗਾ।

# ਦੋਗਾਣਿਆਂ ਦੀ ਹਿੱਟ ਗਾਇਕਾ ਮਿਸ ਪੂਜਾ

***ਮਿਸ ਪੂਜਾ ਦੇ ਪਹਿਲੇ ਗੀਤ “ਜਾਨ ਤੋਂ ਪਿਆਰੀ” ਦੇ ਹਿੱਟ ਹੋਣ ਮਗਰੋਂ ਉਸ ਨਾਲ ਗੀਤ ਗਾਉਣ ਵਾਲਿਆਂ ਦਾ ਹੜ੍ਹ ਆ ਗਿਆ। ਸ਼ਾਇਦ ਹੀ ਕੋਈ ਗਾਇਕ ਹੋਵੇਗਾ, ਜਿਸ ਨੇ ਉਸ ਨਾਲ ਗੀਤ ਨਾ ਗਾਇਆ ਹੋਵੇ...***

ਪਾਣੀ ਹੋ ਗਏ ਡੂੰਘੇ ਝੋਨਾ ਲਾਉਣਾ ਛੱਡ ਦੇਣਾ,ਪਿੰਡ ਛੱਡ ਚੰਡੀਗੜ੍ਹ ਲੈ ਲਏ ਦਾਖ਼ਲੇ,ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ ਅਤੇ ਟੀਚਰ ਵਰਗੇ ਗੀਤਾਂ ਨੂੰ ਆਪਣੀ ਦਮਦਾਰ ਅਤੇ ਸੁਰੀਲੀ ਆਵਾਜ਼ ਦੇਣ ਵਾਲੀ ਮਿਸ ਪੂਜਾ

**ਰਜਵਿੰਦਰ ਪਾਲ ਸ਼ਰਮਾ**

ਕਿਸੇ ਜਾਣ ਪਹਿਚਾਣ ਦੀ ਮੁਹਤਾਜ਼ ਨਹੀਂ। ਉਸ ਨੇ ਲੰਮਾ ਸਮਾਂ ਪੰਜਾਬੀ ਇੰਡਸਟਰੀ ਵਿਚ ਰਾਜ ਕੀਤਾ ਜੋ ਅੱਜ ਵੀ ਕਾਇਮ ਹੈ। ਮਿਸ ਪੂਜਾ ਦੇ ਪਹਿਲੇ ਗੀਤ ਜਾਨ ਤੋਂ ਪਿਆਰੀ ਦੇ ਹਿੱਟ ਹੋਣ ਤੋਂ ਬਾਅਦ ਉਸ ਨਾਲ ਗੀਤ ਗਾਉਣ ਵਾਲੇ ਗਾਇਕਾਂ ਦਾ ਤਾਂ ਹੜ੍ਹ ਆ ਗਿਆ। 2006 ਤੋਂ ਬਾਅਦ ਅਜਿਹਾ ਸ਼ਾਇਦ ਹੀ ਕੋਈ ਗਾਇਕ ਹੋਵੇਗਾ ਜਿਸਨੇ ਮਿਸ ਪੂਜਾ ਨਾਲ ਕੋਈ ਗੀਤ ਨਾ ਗਾਇਆ ਹੋਵੇ।ਵੀਰ ਦਵਿੰਦਰ, ਦਰਸ਼ਨ ਖੇਲਾ, ਗੁਰਵਿੰਦਰ ਬਰਾੜ, ਧਰਮਪ੍ਰੀਤ,ਕਰਮਾ, ਸ਼ਿੰਦਾ ਸ਼ੌਕੀ, ਮਨਜੀਤ ਰੂਪੋਵਾਲੀਆ,ਵੀਰ ਸੁਖਵੰਤ,ਬਾਈ ਅਮਰਜੀਤ, ਪ੍ਰੀਤ ਬਰਾੜ, ਬਾਬੂ ਚੰਡੀਗੜ੍ਹੀਆ ਅਤੇ ਅਮਰ ਅਰਸ਼ੀ ਵਰਗੇ ਆਪਣੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਮਿਸ ਪੂਜਾ ਨਾਲ ਗੀਤ ਗਾਏ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਪਟਿਆਲਾ ਦੇ ਰਾਜਪੁਰਾ ਵਿੱਚ 04 ਦਸੰਬਰ 1980 ਨੂੰ ਜਨਮੀ ਮਿਸ ਪੂਜਾ ਦੇ ਪਿਤਾ ਦਾ ਨਾਂ ਇੰਦਰਪਾਲ ਕੈਂਥ ਤੇ ਮਾਤਾ ਦਾ ਨਾਂ ਸਰੋਜ ਦੇਵੀ ਸੀ। ਮਾਪਿਆਂ ਨੇ ਮਿਸ ਪੂਜਾ ਦਾ ਨਾਂ ਗੁਰਿੰਦਰ ਕੌਰ ਕੈਂਥ ਰੱਖਿਆ ਪ੍ਰੰਤੂ ਜਦੋਂ ਉਸ ਨੇ ਗਾਉਣਾ ਸ਼ੁਰੂ ਕੀਤਾ ਤਾਂ ਨਾਂ ਮਿਸ ਪੂਜਾ ਰੱਖਿਆ। ਯੂਨਿਵਰਸਿਟੀ ਅਤੇ ਕਾਲਜਾਂ ਵਿੱਚ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਮਿਸ ਪੂਜਾ ਦੀ ਗਾਇਕੀ ਨੂੰ ਹੋਰ ਨਿਖ਼ਾਰ ਮਿਲਿਆ। ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਮਿਸ ਪੂਜਾ ਰਾਜਪੁਰਾ ਦੇ ਪਟੇਲ ਪਬਲਿਕ ਸਕੂਲ ਵਿਚ ਕੁੱਝ ਸਮਾਂ ਸੰਗੀਤ ਦੇ ਅਧਿਆਪਕ ਰਹੇ।

ਮਿਸ ਪੂਜਾ ਨੂੰ ਪਹਿਲਾ ਗੀਤ ਜਾਨ ਤੋਂ ਪਿਆਰੀ ਅਤੇ ਉਸ ਤੋਂ ਬਾਅਦ ਸੋਲੋ ਤੇ ਦੋਗਾਣਿਆਂ ਦੀਆਂ ਐਲਬਮਾਂ ਵਿੱਚ ਡੁਏਟਸ ਦੀ ਰਾਣੀ, ਮਿਸ ਪੂਜਾ ਇਨ ਕੰਸਰਟ, ਰੋਮਾਂਟਿਕ ਜੱਟ, ਮਿਸ ਪੂਜ ਪ੍ਰੋਜੈਕਟ ਭਾਗ 1, 2, 3, 4, ਬਰੈਥਲੈਸ, ਜੁਗਨੀ, ਬਠਿੰਡਾ ਬੀਟਸ, ਜੱਟੀਟਿਊਡ, ਪੇਨ ਕਿਲਰ, ਡੇਟ ਔਨ ਫ਼ੋਰਡ, ਦਿਮਾਗ ਖ਼ਰਾਬ, ਹੂਰ, ਪਸੰਦ, ਸੋਹਣਿਆਂ, ਜੀਜੂ, ਬਟਰਫਲਾਈ, ਮਹਿੰਦੀ, ਚਿੱਠੀਆਂ (ਦਰਸ਼ਨ ਖੇਲਾ ਤੇ ਮਿਸ ਪੂਜਾ), ਅਡਮਿਸ਼ਨ (ਲਾਲੀ ਦੋਰਾਹਾ ਤੇ ਮਿਸ ਪੂਜਾ), ਸਾਦਗੀ (ਰਾਏ ਜੁਝਾਰ ਤੇ ਮਿਸ ਪੂਜਾ), ਰੁੱਤਾਂ (ਬਾਈ ਅਮਰਜੀਤ ਤੇ ਮਿਸ ਪੂਜਾ), ਬੱਤੀ ਬੋਰ (ਦੀਪੀ ਢੀਂਡਸਾ ਤੇ ਮਿਸ ਪੂਜਾ), ਝੋਨਾ ਵੇਚ ਕੇ (ਨਵਦੀਪ ਸੰਧੂ ਤੇ ਮਿਸ ਪੂਜਾ), ਮਹਿਫਲਾਂ (ਵੀਰ ਦਵਿੰਦਰ ਤੇ ਮਿਸ ਪੂਜਾ), ਇੱਕ ਤੇਰੇ ਕਰਕੇ (ਪ੍ਰੀਤ ਬਰਾੜ ਤੇ ਮਿਸ ਪੂਜਾ) ਛਰਾਟੇ (ਬਲਵੀਰ ਬੋਪਾਰਾਏ ਤੇ ਮਿਸ ਪੂਜਾ), ਝੋਨਾ -1, ਝੋਨਾ -2, ਝੋਨਾ -3 (ਸ਼ਿੰਦਾ ਸ਼ੌਂਕੀ ਤੇ ਮਿਸ ਪੂਜਾ) ਟਾਪਰ (ਕਰਮਾ ਤੇ ਮਿਸ ਪੂਜਾ) ਅਤੇ ਕਲਾਸ ਫੈਲੋ (ਧਰਮਪ੍ਰੀਤ ਤੇ ਮਿਸ ਪੂਜਾ) ਦੇ ਗਾਏ ਹਿੱਟ ਗੀਤਾਂ ਅਤੇ ਐਲਬਮਾਂ ਵਿੱਚ ਸ਼ਾਮਿਲ ਹਨ। ਮਿਸ ਪੂਜਾ ਨੇ ਧਾਰਮਿਕ ਐਲਬਮਾਂ ਵੀ ਸਰੋਤਿਆਂ ਦੀ ਝੋਲੀ ‘ਚ ਪਾਈਆਂ। ਪਾਲੀਵੁੱਡ ਦੇ ਨਾਲ ਨਾਲ ਮਿਸ ਪੂਜਾ ਨੇ ਬਾਲੀਵੁੱਡ ‘ਚ ਵੀ ਪਲੇਅ ਬੈਕ ਗਾਇਕ ਦੇ ਤੌਰ ਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਹਿੰਦੀ ਫਿਲਮ ਕਾਕਟੇਲ ਵਿਚ ਸੈਕਿੰਡ ਹੈਂਡ ਜਵਾਨੀ, ਹੀਰੋ ਹੀਰ ‘ਚ ਲੱਕ ਟੂਣੂ ਤੇ ਹਾਊਸਫੁੱਲ-3 ਵਿਚ ਮਾਲਾਮਾਲ ਗੀਤ ਗਾਏ। ਗਾਇਕੀ ਦੇ ਨਾਲ ਨਾਲ ਮਿਸ ਪੂਜਾ ਨੇ ਅਦਾਕਾਰੀ ਵਿਚ ਵੀ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ।

ਮਿਸ ਪੂਜਾ ਨੂੰ ਚਾਉਣ ਵਾਲਿਆਂ ਵਿਚ ਉਹਨਾਂ ਦੇ ਵਿਆਹ ਬਾਰੇ ਭੇਦ ਹਮੇਸ਼ਾ ਬਣਿਆ ਰਿਹਾ। ਉਹਨਾਂ ਨੇ ਇਕ ਦਿਨ ਅਚਾਨਕ ਪੰਜਾਬੀ ਫ਼ਿਲਮ ਇੰਡਸਟਰੀ ਦੇ ਵੱਡੇ ਨਾਂ ਰੋਮੀ ਤਾਹਲੀ ਨਾਲ ਆਪਣੇ ਵਿਆਹ ਅਤੇ ਇਕ ਬੱਚਾ ਹੋਣ ਦੀ ਖ਼ਬਰ ਦੇ ਕੇ ਹੈਰਾਨ ਕੀਤਾ। ਇਕ ਸਧਾਰਨ ਪਰਿਵਾਰ ਵਿਚ ਜਨਮ ਲੈ ਕੇ ਪੰਜਾਬੀ ਗਾਇਕੀ ‘ਚ ਵੱਡੀਆਂ ਪੁਲਾਂਘਾਂ ਪੁੱਟਣ ਵਾਲੀ ਮਿਸ ਪੂਜਾ ਨੂੰ ਸਰੋਤਿਆਂ ਦੇ ਪਿਆਰ ਦੇ ਨਾਲ ਨਾਲ ਦੇਸ਼ ਅਤੇ ਵਿਦੇਸ਼ ਵਿਚ ਮਾਣ ਸਨਮਾਨਾਂ ਦੀ ਝੜੀ ਲਗਾ ਦਿੱਤੀ। 2010 ਵਿਚ ਰੋਮਾਂਟਿਕ ਜੱਟ ਐਲਬਮ ਲਈ ਯੂਕੇ ਏਸ਼ੀਅਨ ਸੰਗੀਤ ਪੁਰਸਕਾਰ ਵਿਚ ਬੈਸਟ ਇੰਟਰਨੈਸ਼ਨਲ ਐਲਬਮ ਦਾ ਖਿਤਾਬ, 2020 ਵਿਚ ਗਲੋਬਲ ਆਈਕਨ ਐਵਾਰਡ ਅਤੇ 2021 ਵਿਚ ਹਿੰਦੁਸਤਾਨ ਗੌਰਵ ਪੁਰਸਕਾਰ ਜਿੱਤਿਆ। ਪੰਜਾਬੀ ਗਾਇਕੀ ਰਿਐਲਟੀ ਸ਼ੋਅ ਵਾਇਸ ਆਫ ਪੰਜਾਬ ਵਿੱਚ ਉਹਨਾਂ ਨੇ ਬਤੌਰ ਜੱਜ ਭੂਮਿਕਾ ਨਿਭਾਈ। 2018 ‘ਚ ਗੂਗਲ ਉੱਪਰ ਸਭ ਤੋਂ ਵੱਧ ਖੋਜੀ ਜਾਣ ਵਾਲੀ ਮਿਸ ਪੂਜਾ ਸੀ। 4500 ਤੋਂ ਜ਼ਿਆਦਾ ਗੀਤ ਗਾਉਣ, 850 ਤੋਂ ਵੱਧ ਸੰਗੀਤ ਵੀਡਿਓ ਵਿਚ ਕੰਮ ਕਰਨ ਅਤੇ ਸਭ ਤੋਂ ਵੱਧ ਸੰਗੀਤ ਐਲਬਮ ਰਿਲੀਜ਼ ਹੋਣ ਦਾ ਰਿਕਾਰਡ ਮਿਸ ਪੂਜਾ ਦੇ ਨਾਮ ਰਿਹਾ ਜਿਸਨੂੰ ਗਿੰਨੀਜ਼ ਬੁੱਕ ਵਿਚ ਦਰਜ਼ ਕੀਤਾ ਗਿਆ। ਮਿਸ ਪੂਜਾ ਦਾ ਸਰੋਤਿਆਂ ਦੇ ਦਿਲਾਂ ਤੇ ਕੀਤਾ ਹੋਇਆ ‘ਕਬਜ਼ਾ ਅੱਜ ਵੀ ਬਰਕਰਾਰ ਹੈ।”







## ਕਲਾ ਪਰਿਕਰਮਾ

# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਮਾਰਚ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-731



*ਮੀਆਂ ਬੀਵੀ ਜੋੜ ਕੇ ਤੁਰ ਪਏ, ਆਪਣੀ ਸਵਾਰੀ ਰਿਹੜਾ,*
*ਪਹੁੰਚ ਕੇ ਪਹਿਲੇ ਖੇਤੀਂ ਦੇਖੀਏ, ਕੰਮ ਬਕਾਇਆ ਕਿਹੜਾ।*
*ਪੱਠਾ ਦੱਥਾ ਵੱਢ ਪਸ਼ੂਆਂ ਲਈ, ਭਰੀਏ ਝੱਟ ਪੱਟ ਰਿਹੜਾ,*
*ਕੱਚਾ ਦੁਪਹਿਰਾ ਸਿਰ ‘ਤੇ ਖੜ੍ਹਾ, ਧੁੱਪੇ ਡੰਗਰਾਂ ਦਾ ਵਿਹੜਾ।*

## ਕੈਪਸ਼ਨ ਮੁਕਾਬਲਾ-729



ਕਲਾਕਾਰ ਨੇ ਕਮਾਲ ਹੈ ਕੀਤੀ
ਅਦਭੁਤ ਇੱਕ ਬੁੱਤ ਬਣਾਇਆ।
ਖੱਬੇ ਹੱਥ ਵਿਚ ਬੈਗ ਫੜਾ ਕੇ
ਖੱਬੀ ਲੱਤ ਨਾਲ ਜੋੜ ਲਗਾਇਆ।
ਗੋਡਿਆਂ ਉੱਪਰੋਂ ਛਾਤੀ ਤੀਕਰ
ਖਾਲੀ ਛੱਡ ਕੇ ਪਾਰ ਦਿਖਾਇਆ।
ਦੇਖਣ ਵਾਲਾ ਚਕਿੱਤ ਰਹਿ ਜਾਏ
ਕੈਸਾ ਡੂੰਘਾ ਦਿਮਾਗ ਲੜਾਇਆ।
***-ਜਗਮੀਤ ਸਿੰਘ ਪੰਧੇਰ***

---

ਜਦ ਰੋਟੀ ਕਾਰਨ ਦੇਸ ਛੱਡ,
ਪਰਦੇਸ ਨੂੰ ਆਇਆ।
ਭੂਮੀ ਘਰ ਪਰਵਾਰ ਹੱਥ,
ਖਾਲੀ ਹੱਥ ਆਇਆ।
ਕੀਤੀਆਂ ਮੁਸ਼ੱਕਤਾਂ ਡਾਢੀਆਂ,
ਦੋਵੇਂ ਹੱਥ ਮਾਇਆ।
ਰੋਗ ਦਲਿੱਦਰ ਮੁੱਕ ਗਏ,
ਜੱਦੀ ਘਰ ਢਾਇਆ।
ਬਿਗਾਨਾ ਆਪਣਾ ਹੋਇਆ,
ਆਪਣਾ ਪਰਾਇਆ।
ਅੰਕਲ ਅੰਕਲ ਆਖਦਾ,
ਗਿਆ ਚਾਚਾ ਤਾਇਆ।
ਰੰਗ ਉਤਾਰ ਮਜੀਠ ਦਾ,
ਕੁਸੰਭ ਅਪਣਾਇਆ।
ਬੋਲੀ ਖਾਣਾ ਬਦਲਿਆ,
ਡਰ ਨਸਲ ਨੂੰ ਆਇਆ।
ਲੱਗਾ ਵੇਚਣ ਧਰਤ ਨੂੰ,
ਤੇਲ ਜੜ੍ਹਾਂ ‘ਚ ਪਾਇਆ।
ਪੁਰਜ਼ਾ ਬਣ ਕੇ ਰਹਿ ਗਿਆ,
ਦੇਸ਼ ਪਰਾਇਆ।
ਵੇਖ ਚਮਕਦੀ ਰੇਤ ਨੂੰ,
ਹੈ ਮਿਰਗ ਭਰਮਾਇਆ।
***-ਗੁਰਬਖਸ਼ ਸਿੰਘ ‘ਨਾਕਾਮ’***
***ਫੋਨ: +1 864 318 5500***

---

ਪਹੁੰਚ ਗਿਆ ਹੈ ਵਿਚ ਵਿਦੇਸ਼ਾਂ,
ਸੋਚਾਂ ਦੇ ਵਿਚ ਡੁੱਬਿਆ ਬੰਦਾ,
ਦੇਸ਼ ਪਰਾਇਆ ਨੇ ਲੋਕ ਪਰਾਏ,
ਖੁੱਭਣੀ ਵਿਚ ਖੁੱਭਿਆ ਬੰਦਾ।
ਤੇ ਭੁੱਖੇ ਢਿੱਡ ਦਾ ਕਰਨ ਵਸੀਲਾ,
ਲੱਕ ਤੋੜਦਾ ਕੁੱਬਿਆ ਬੰਦਾ,
ਛੱਡ ਪਿੱਛੇ ਸਭ ਪਿਆਰੇ ਰਿਸ਼ਤੇ,
ਵਾਂਗ ਕੰਡ ਦੇ ਚੁੱਭਿਆ ਬੰਦਾ।
***-ਸੇਵਾ ਸਿੰਘ ‘ਨੂਰਪੁਰੀ’***

---

ਜਿਸ ਭਾਂਪਿਆ ਹੰਢਾਇਆ ਖ਼ੁਦ
ਜਾਣਦਾ ਉਹੀ ਕਿਸ ਭਾਅ ਬੀਤੀ
ਜਾਓ ਕਿਸੇ ਦੇਸ਼ ਸਿੱਧੇ ਜਾਂ ਟੁੱਟਵੇਂ ਰਸਤੇ
ਹਰ ਜਗ੍ਹਾ ਨਵਾਂ ਦੇਸ਼ ਵੱਖਰੇ ਕਾਨੂੰਨ
ਕਿਤੇ ਧਾਰਮਿਕ ਕੱਟੜਤਾ
ਖੁਦ ਜਿਵੇਂ ਮੈਂ
ਘਿਰ ਗਿਆ ਸੀ ਕੁਰਦਿਸਤਾਨ ‘ਚ
ਜੇ ਮੁਸਲਿਮ ਸਬੂਤ ਮੰਗਿਆ
ਪੜ੍ਹ ਸਕਦੇ ਕਲਮਾਂ
ਤੁਰ ਪਏ ਜੋ ਘਰੋਂ
ਪਾ ਤੇੜ ਦੇ ਕੱਪੜੇ
ਜਾ ਕਿਤੇ ਕਿੰਝ ਪੈਰ ਲੱਗਣੇ
ਸਭ, ਧੁੰਦਲਾ ਭਵਿੱਖ ਨਜ਼ਰੀਂ ਆਵੇ
ਕਿਤੇ ਵੀ ਮਾਸੀ ਨਹੀਂ ਬੈਠੀ
ਸਭ ਤੁਸਾਂ ਨੂੰ ਤਾੜਦੇ ਸ਼ੱਕੀ ਨਜ਼ਾਰੇ
ਹੋਵਣ ਨਾ ਜੇ ਹੱਦ ਬੰਨ੍ਹੀਆਂ
ਜਿੱਥੇ ਕੋਈ ਚਾਹਵੇ
ਜਾਵੇ ਅਤੇ ਆਵੇ।
***-ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**
**To Advertise In Punjab Times**
**Call: 847-359-0746**

# ‘ਵਰ੍ਹਿਆਂ ਪਿੱਛੋਂ’ - ਜੁਝਾਰੂ ਅਤੇ ਅਜੋਕੇ ਦੌਰ ਦੀ ਕਾਵਿ ਦਸਤਾਵੇਜ਼

‘ਵਰ੍ਹਿਆਂ ਪਿੱਛੋਂ’ ਸਾਡੇ ਮਾਣਮੱਤੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਕਾਵਿ ਪੋਥੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਮੈਂ ਇਸ ਨੂੰ ਪਿਛਲੇ ਪਾਸਿਓਂ ਪੜ੍ਹਨਾ ਸ਼ੁਰੂ ਕੀਤਾ ਹੈ। ਜੀ ਹਾਂ ਇਹ ਇਸ ਕਰ ਕੇ ਕਿ ਮੈਂ ਇਹ ਪੜ੍ਹਦਿਆਂ ਪੰਜਾਹ ਸਾਲ ਪਹਿਲਾਂ ਵਾਲੇ ਦਿਨਾਂ ਵਿਚ ਪਹੁੰਚ ਗਿਆ ਹਾਂ। ਵਰਕੇ ਉਲੱਦਦਿਆਂ ਮੈਨੂੰ ਉਸ ਦੌਰ ਦੀਆਂ ਅਨੇਕਾਂ ਤੱਤੀਆਂ ਕਵਿਤਾਵਾਂ ਯਾਦ ਆ ਰਹੀਆਂ ਹਨ। ਉਨ੍ਹਾਂ ਦਿਨਾਂ ਵਿਚ ਕਿੰਨੇ ਹੀ ਮੈਗਜ਼ੀਨ ਵੀ ਨਿਕਲੇ। ਸਭਨਾਂ ਵਿਚ ਇਹ ਇਨਕਲਾਬੀ ਲੇਖ, ਕਹਾਣੀਆਂ ਅਤੇ ਕਵਿਤਾਵਾਂ ਹੁੰਦੀਆਂ। ਮੇਰੇ ਵਰਗੇ ਕਿੰਨੇ ਹੀ ਹੋਰਾਂ ਨੇ ਵੀ ਇਸ ਦਾ ਅਸਰ ਕਬੂਲਿਆ। ਕਈ ਫੈਸ਼ਨ ਵਜੋਂ ਲਿਖਣ ਲੱਗੇ ਤੇ ਬੜੀ ਛੇਤੀ ਭੁੱਲ ਵਿਸਰ ਗਏ। ਉਹੀ ਬਚੇ ਜਿਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਸੁਮੇਲ ਸੀ। ਉਨ੍ਹਾਂ ਦੀਆਂ ਰਚਨਾਵਾਂ ਹੁਣ ਵੀ ਓਨੀਆਂ ਹੀ ਸਾਰਥਕ ਹਨ, ਜਿੰਨੀਆਂ ਉਨ੍ਹਾਂ ਦਿਨਾਂ ਵਿਚ ਹੁੰਦੀਆਂ ਸਨ। ਇਸ ਦੀ ਮਿਸਾਲ ‘ਵਰ੍ਹਿਆਂ ਪਿੱਛੋਂ’ ਦਾ ਅਖ਼ੀਰਲਾ ਹਿੱਸਾ ਹੈ।



ਰਵਿੰਦਰ ਸਿੰਘ ਸਹਿਰਾਅ
ਫੋਨ: +1 219-900-1115

ਇਨ੍ਹਾਂ ਕਵਿਤਾਵਾਂ ਦੀ ਖ਼ੂਬੀ ਇਹ ਵੀ ਹੈ ਕਿ ਬਹੁਤੀਆਂ ਕਵਿਤਾਵਾਂ ਵਿਚ ਪ੍ਰਗੀਤ ਵੀ ਹੈ, ਰਿਦਮ ਵੀ ਹੈ। ਇਹ ਮਨ ’ਤੇ ਅਛੋਪਲੇ ਜਿਹੇ ਹੀ ਅਸਰ ਕਰਦੀਆਂ ਹਨ। ਇਹ ਗਜ਼ਲਨੁਮਾ ਤੇ ਗੀਤਾਂ ਵਿਚ ਤਾਂ ਹੋਣਾ ਹੀ ਸੀ ਪਰ ਖੁੱਲ੍ਹੀਆਂ ਕਵਿਤਾਵਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ। ਅਮਰਜੀਤ ਚੰਦਨ ਦੀ ਗ੍ਰਿਫ਼ਤਾਰੀ ਸਮੇਂ ਲਿਖੀ ਕਵਿਤਾ ਦੀਆਂ ਅੰਤਲੀਆਂ ਸਤਰਾਂ ਦੇਖੋ:

ਪੌਣ ਨੇ ਰੁਮਕਦੇ ਰਹਿਣਾ ਹੈ
ਮਹਿਕ ਨੇ ਕੈਦ ਨਹੀਂ ਹੋਣਾ।

ਇਹ ਕਵਿਤਾਵਾਂ ਵਿਸ਼ਵਾਸ ਦੇ ਨਾਲ-ਨਾਲ ਨਿਸ਼ਚੈ ਦੀ ਹਾਮੀ ਵੀ ਭਰਦੀਆਂ ਹਨ। ਇਹ ਇਕ ਜਜ਼ਬਾ ਸੀ, ਉਸ ਵੇਲੇ ਦੇ ਕਵੀਆਂ ਵਿਚ ਜੋ ਹੁਣ ਪੜ੍ਹਦਿਆਂ ਵੀ ਓਨਾ ਹੀ ਜਿਉਂਦਾ ਲੱਗਦਾ ਹੈ:

ਮੈਂ ਜਿਨ੍ਹਾਂ ਦੀ ਗੱਲ ਕਰਦਾ ਹਾਂ
ਉਹ ਲੋਕਾਂ ਦੀ ਗੱਲ ਕਰਦੇ ਹਨ
ਲੋਕਾਂ ਦੀ ਗੱਲ ਕਰਨ ਵਾਲੇ
ਯਾਰੋ! ਕਦੋਂ ਮਰਦੇ ਹਨ?

ਇਹ ਇਕ ਸਦੀਵੀ ਸਚਾਈ ਹੀ ਤਾਂ ਹੈ ਕਿ ਲੋਕਾਂ ਦੀ ਗੱਲ ਕਰਨ ਵਾਲੇ ਕਦੀ ਵੀ ਨਹੀਂ ਮਰਦੇ। ਇਕ ਸਦੀ ਤੋਂ ਵੀ ਪਹਿਲਾਂ ਗ਼ਦਰੀ ਬਾਬਿਆਂ ਵੱਲੋਂ ਲਿਖੀਆਂ ਕਵਿਤਾਵਾਂ ਅੱਜ ਵੀ ਸਾਡੇ ਦਿਲਾਂ ਅੰਦਰ ਜੋਸ਼ ਭਰ ਦਿੰਦੀਆਂ ਹਨ। ਸ਼ਿਲਪ ਪੱਖੋਂ ਤੁਸੀਂ ਭਾਵੇਂ ਸੌ ਨੁਕਸ ਕੱਢਦੇ ਫਿਰੋ ਪਰ ਵਿਚਾਰ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਵਿਚਾਰ ਵਿਹੂਣੀ ਕਵਿਤਾ ਦੀ ਉਮਰ ਲੰਮੀ ਨਹੀਂ ਹੁੰਦੀ।

ਕੱਚੇ ਦਾ ਤਾਂ ਕੰਮ ਖੁਰਨਾ ਐਪਰ ਇਸ ਤੋਂ ਹੋ ਬੇਖ਼ੌਫ਼
ਪੂਜਾ ਦੀ ਤੂੰ ਆਸ ਨਾ ਕਰ, ਤੂੰ ਕੋਈ ਮੁਰਦਾ ਨਹੀਂ
—
ਤੇਰੇ ਉਚੇ ਉਚੇ ਮਹਿਲ ਤੇਰੇ ਪਾਪਾਂ ਦੀ ਨਿਸ਼ਾਨੀ
ਤੁਸਾਂ ਲੋਟੂਆਂ ਨੇ ਖਾ ਲਈ ਮੇਰੇ ਦੇਸ਼ ਦੀ ਜੁਆਨੀ।

ਮਹਿਬੂਬ ਦੀਆਂ ਜ਼ੁਲਫ਼ਾਂ ਬਾਰੇ ਕਵਿਤਾਵਾਂ ਲਿਖਣ ਵਾਲੇ ਕਵੀਆਂ ਨੂੰ ਉਹ ਉਸ ਸਮੇਂ ਦੇ ਸਭ ਤੋਂ ਵੱਧ ਚਰਚਿਤ ਕਵੀ ਪਾਸ਼ ਵਾਂਗ ਹੀ ਮੁਖ਼ਾਤਿਬ ਹੈ:

ਮੈਂ ਜਿਨ੍ਹਾਂ ਦੀ ਗੱਲ ਕਰਦਾ ਹਾਂ
ਉਨ੍ਹਾਂ ਇਹ ਜਾਣ ਲੀਤਾ ਹੈ
ਕਿ ਰਾਤ
ਮਹਿਬੂਬ ਦੀਆਂ ਜ਼ੁਲਫ਼ਾਂ ’ਚ ਨਹੀਂ ਹੁੰਦੀ
ਆਪਣੀਆਂ ਅੱਖਾਂ ’ਚ ਹੁੰਦੀ ਹੈ
ਜਦ ਤਦ ਰਾਤ ਰਹਿੰਦੀ ਹੈ
ਰਾਜਘਾਟ ਤੇ ਸਤਲੁਜ ਦਾ ਕੰਢਾ
ਇੱਕੋ ਹੀ ਪੁਸਤਕ ਵਿਚ ਪੜ੍ਹੇ ਜਾਂਦੇ ਹਨ।

ਇਸ ਤਰ੍ਹਾਂ ਇਕ-ਇਕ ਕਰ ਕੇ ਉਸ ਦੌਰ ਦੀਆਂ ਕਵਿਤਾਵਾਂ ਅੱਖਾਂ ਮੂਹਰਿਓਂ ਲੰਘ ਰਹੀਆਂ ਹਨ। ਨੰਗੀ ਅੱਖ ਦਾ ‘ਦੋਸ਼’, ‘ਕਤਲ’, ‘ਯਾਰਾਂ ਕੱਦ’, ‘ਨਪੁੰਸਕ ਸ਼ਾਇਰੀ ਦੇ ਨਾਂ’, ਤੇ ‘ਕਿਸ ਨੂੰ ਉਡੀਕਦੇ ਹੋ’ ਆਦਿ ਪੜ੍ਹਦਾ-ਪੜ੍ਹਦਾ ਮੇਰਾ ਮਨ ਮਸਤਕ ਉਨ੍ਹਾਂ ਦਿਨਾਂ ਵਿਚ ਪਹੁੰਚ ਗਿਆ ਹੈ, ਜਦੋਂ ਮੈਂ ਚਲੰਤ ਕਿਸਮ ਦੇ ਗੀਤ ਲਿਖਣੇ ਛੱਡ ਕੇ ਇਨ੍ਹਾਂ ਕਵਿਤਾਵਾਂ ਵੱਲ ਚੁੰਬਕ ਵਾਂਗ ਖਿਚਿਆ ਗਿਆ ਸੀ। ‘ਵਕਤ ਦੀ ਮੌਤ’ ਕਵਿਤਾ ਪੜ੍ਹਦਿਆਂ ਮੈਨੂੰ ਯਾਦ ਆ ਰਿਹਾ ਹੈ ਜਦੋਂ ਇਹ ਕਵਿਤਾ ਮੈਂ ਖ਼ਾਲਸਾ ਕਾਲਜ ਅੰਬਰਸਰ ਦੇ ਕਵਿਤਾ ਉਚਾਰਣ ਮੁਕਾਬਲੇ ਵਿਚ ਪੜ੍ਹੀ ਸੀ। ਬੇਸ਼ਕ ਮੈਨੂੰ ਤੀਜਾ ਸਥਾਨ ਹੀ ਮਿਲਿਆ ਸੀ ਪਰ ਸਟੇਜ ਤੋਂ ਥੱਲੇ ਉਤਰਨ ਤੋਂ ਬਾਅਦ ਉਥੇ ਪੜ੍ਹਦੇ ਐਸ.ਐਫ.ਆਈ. ਦੇ ਦੋ ਆਗੂ ਮੈਨੂੰ ਸ਼ਾਬਾਸ਼ ਦੇਣ ਆਏ ਸਨ। ਮੇਰੇ ਲਈ ਇਹੋ ਹੀ ਵੱਡਾ ਇਨਾਮ ਸੀ।


ਦੀਵਾਰ ’ਤੇ ਲਟਕਿਆ ਲੈਨਿਨ
ਬੁੱਢਾ ਹੋ ਰਿਹਾ ਹੈ
ਸੀਸ ਲਈ ਮੰਗ ਕਰਦੀ
ਗੋਬਿੰਦ ਦੀ ਤਣੀ ਉਂਗਲ
ਥੱਕ ਚੱਲੀ ਹੈ
—
ਵਕਤ ਦੀ ਮੌਤ ਚਾਹੁੰਦੇ ਹੋ
ਤਾਂ ਲੈਨਿਨ ਨੂੰ ਦੀਵਾਰ ਤੋਂ ਲਾਹੋ
ਗੋਬਿੰਦ ਦੀ ਉਂਗਲੀ ਪਕੜੋ
ਤੇ ਬਲਦੀ ਲਾਟ ਬਣ ਕੇ
ਜੰਗਲਾਂ ਨੂੰ ਚੀਰ ਜਾਵੋ।

‘ਨਾ ਰੋ’ ਤੇ ‘ਸ਼ਹੀਦ ਦਾ ਬੁੱਤ’ ਵੀ ਇਸੇ ਤਰਜ਼ ਦੀਆਂ ਕਵਿਤਾਵਾਂ ਹਨ। ਹੋਰ ਵੀ ਹਨ ਪਰ ਹੁਣ ਮੈਂ ਪੜ੍ਹਦਾ-ਪੜ੍ਹਦਾ ਦੂਜਾ ਹਿੱਸਾ ਖ਼ਤਮ ਕਰ ਬੈਠਾ ਹਾਂ। ਵਰਕੇ ਉਲੱਦ ਕੇ ਮੈਂ ਪਹਿਲਾ ਹਿੱਸਾ ਪਹਿਲੇ ਪਾਸਿਓਂ ਸ਼ੁਰੂ ਕਰਦਾ ਹਾਂ। ‘ਅੰਬਾਂ ਵਾਲੀ ਬਾਲਟੀ’ ਇਸ ਦੀ ਪਹਿਲੀ ਕਵਿਤਾ ਹੈ। ਪੜ੍ਹਦਿਆਂ-ਪੜ੍ਹਦਿਆਂ ਅੱਖਾਂ ਨਮ ਹੋ ਜਾਂਦੀਆਂ ਹਨ। ਕਵਿਤਾ ਛੋਟੀ ਹੈ ਪਰ ਅਰਥ ਵੱਡੇ ਹਨ। ਏਨੇ ਡੂੰਘੇ ਕਿ ਬੰਦਾ ਆਪਣੀਆਂ ਹੀ ਸੋਚਾਂ ਵਿਚ ਗੁਆਚ ਜਾਂਦਾ ਹੈ:

ਰਿਟਾਇਰ ਹੋਣ ਤੋਂ ਬਾਅਦ ਕੀ ਕਰਿਆ ਕਰਾਂਗੇ?
ਸੁਣ ਕੇ ਅੱਗੋਂ ਬੇਫ਼ਿਕਰ ਜਿਹਾ ਹਾਸਾ ਹੱਸਦੀ;
ਕਰਨਾ ਕੀ ਏ!
ਧੀਆਂ ਪੁੱਤ ਆਪੋ ਆਪਣੇ ਘਰ
ਆਪਾਂ ਆਪਣੇ ਘਰ
ਬਾਲਟੀ ’ਚ ਅੰਬ ਪਾਇਆ ਕਰਾਂਗੇ
ਧੋ ਧੋ ਕੇ ਚੂਪਿਆ ਕਰਾਂਗੇ
ਦੋਵੇਂ ਜੀਅ ਮੌਜ ਨਾਲ।

ਕਵਿਤਾ ਵਿਚ ਟਵਿਸਟ ਦੇਖਣ ਤੇ ਸੋਚਣ ਵਾਲਾ ਹੈ:

ਪੁੱਤਰ ਦੇ ਘਰ ਮਾਂਜ ਰਹੀ ਹੈ ਜੂਠੇ ਭਾਂਡੇ
ਪਾਣੀ ਦੀ ਧਾਰ ਹੇਠਾਂ
ਹੱਥ ਮਲ਼ਦੀ ਵੇਖੀ ਜਾਵੇ
ਸੋਚੀ ਜਾਵੇ
ਏਦਾਂ ਜਾਪੇ ਹੌਲੀ ਹੌਲੀ
ਪੋਲੇ ਪੋਲੇ ਅੰਬ ਧੋ ਰਹੀ
ਮੰਮੀ ਟੂਟੀ ਬੰਦ ਤਾਂ ਕਰ ਲਓ
ਪਾਣੀ ਐਵੇਂ ਡੁੱਲ੍ਹੀ ਜਾਂਦੈ।
ਮਹਿੰਗਾ ਪਾਣੀ ਹੋਰ ਨਾ ਡੁੱਲ੍ਹੇ/ਤ੍ਰਭਕ ਕੇ




ਟੂਟੀ ਬੰਦ ਕਰਦੀ ਹੈ
ਸਸਤਾ ਪਾਣੀ ਅੱਖਾਂ ਵਿਚੋਂ
ਤਿੱਪ ਤਿੱਪ ਕਰ ਕੇ
ਡੁੱਲਣ ਲੱਗਾ।
ਵਿੱਹਦੇ ਵਿੱਹਦੇ ਭਰੀਆਂ ਹੋਈਆਂ ਅੱਖਾਂ ਵਿਚੋਂ
ਭਰੀ ਭਰਾਈ ਅੰਬਾਂ ਵਾਲੀ ਬਾਲਟੀ
ਭੁੰਜੇ ਡੁੱਲ੍ਹ ਗਈ।

ਕੀ ਤੁਹਾਨੂੰ ਪਤੈ ਕਿ ਕਵਿਤਾ ਤੁਹਾਡੇ ਨਾਲ ਗੱਲਾਂ ਵੀ ਕਰਦੀ ਹੈ। ਤੁਹਾਡੇ ਦੁੱਖ-ਦਰਦ ਵੀ ਸੁਣਦੀ ਹੈ। ਭਾਵੇਂ ਉਹ ਵਰ੍ਹਿਆਂ ਪਿੱਛੋਂ ਹੀ ਕਿਉਂ ਨਾ ਆਈ ਹੋਵੇ। ਜੇ ਯਕੀਨ ਨਹੀਂ ਆਉਂਦਾ ਤਾਂ ਇਹ ਕਾਵਿ ਸਤਰਾਂ ਦੇਖੋ:

ਉਸ ਨੇ ਬਾਂਹ ਵਧਾ ਕੇ
ਮੇਰੇ ਮੱਥੇ ’ਤੇ ਹੱਥ ਰੱਖਿਆ
ਪਤਾ ਨਹੀਂ ਕੀ ਜਾਦੂ ਕਰਿਆ
ਬੰਦਾ ਏਂ ਤੂੰ/ਪੱਥਰ ਤੇ ਨਹੀਂ/
ਮੇਰੇ ਮੋਢੇ ’ਤੇ ਸਿਰ ਰੱਖ ਕੇ
ਰੋ ਸਕਦਾ ਏਂ/ਗਾ ਸਕਦਾ ਏਂ
ਆਪਣੇ ਦਿਲ ਦਾ ਸਾਰਾ ਦਰਦ ਸੁਣਾ ਸਕਦਾ ਏਂ।

ਵਰਿਆਮ ਸੰਧੂ ਨੇ ਆਪਣੀਆਂ ਕਹਾਣੀਆਂ ਵਾਂਗ ਕਵਿਤਾਵਾਂ ਵਿਚ ਵੀ ਅਨੂਠਾ ਬਿਰਤਾਂਤ ਸਿਰਜਿਆ ਹੈ। ਜੋ ਅੱਜ ਦੀ ਕਵਿਤਾ ਵਿਚ ਗਿਆ ਗੁਆਚਿਆ ਹੈ। ਅੱਜ ਕਵੀ ਇਕ ਸਤਰੀ, ਦੋ ਸਤਰੀ ਤੇ ਕਈ ਤਾਂ ਇਕ ਅੱਖਰੀ ਕਵਿਤਾ ਵੀ ਲਿਖ ਰਹੇ ਹਨ ਪਰ ਉਨ੍ਹਾਂ ਵਿਚ ‘ਸਿਰਜਣ’ ਨਹੀਂ ਹੈ, ਸਿਰਫ਼ ਅੱਖਰ ਹਨ। ਕਿਤੇ ਕਿਤੇ ਉਨ੍ਹਾਂ ਨੇ ਆਪਣੀ ਕਵਿਤਾ ਨੂੰ ਨਿੱਕੇ ਨਿੱਕੇ ਟੁਕੜਿਆਂ ਨਾਲ ਵੀ ਸਜਾਇਆ ਸੰਵਾਰਿਆ ਹੈ ਪਰ ਉਹ ਬੇ-ਮਾਅਨੇ ਨਹੀਂ ਹਨ:

ਦਿਲ ਦਾ ਸੇਕ, ਅੰਦਰ ਹਾਕ, ਸਭਨਾਂ ਦਾ ਸਾਕ।
—
ਸੂਰਜੀ ਲੋਅ, ਨ੍ਹੇਰੇ ’ਚ ਟੋਹ, ਮਾਂ ਦਾ ਮੋਹ।
—
ਸਬਰ ਤੇ ਸਹਿਜ, ਲਿਸ਼ਕਦਾ ਸੂਹਜ, ਬੁਸਕਦਾ ਕੂਹਜ।
—
ਦਿਲ ਸੀ ਦਿੱਲੀ ਧੜਕਦਾ
ਮੈਨੂੰ ਪੁੱਛਾਂ ਪੁੱਛੇ ਪਸ਼ੌਰ
ਇਕ ਬਾਂਹ ਅੰਬਰਸਰ ਸੀ
ਤੇ ਦੂਜੀ ਬਾਂਹ ਲਾਹੌਰ।
—

‘ਵਿਛੜਨ ਰਾਤ ਨਾ ਆਵੇ’ ਇਕ ਲੰਮੀ ਬਿਰਤਾਂਤਕ ਕਵਿਤਾ ਹੈ ਜੋ ਕਵੀ ਨੇ ਆਪਣੀ ਸਾਥਣ ਲਈ ਲਿਖੀ ਹੈ:

ਉਸਦਾ ਹੋਣਾ ਜੀਣਾ ਮੇਰਾ
ਉਸ ਦੀ ਸੰਗਤ
ਮੇਰੇ ਲਈ
ਸਤਿਯੁਗ ਦੀ ਠੰਢਕ।
ਰੋਂਦੀ ਰੋਂਦੀ ਹੱਸ ਪੈਂਦੀ ਹੈ
ਮੇਰੇ ਸਭ ਗੁਨਾਹ ਬਖ਼ਸ਼ ਕੇ
ਮੁੜ ਬਾਹਵਾਂ ਵਿਚ ਘੁੱਟ ਲੈਂਦੀ ਹੈ
ਮੋਹ ਵਿਚ ਡੁਲ ਡੁਲ ਆਖੀ ਜਾਵੇ
‘ਲੜਨ ਰਾਤ ਆਵੇ ਵਿਛੜਨ ਰਾਤ ਨਾ ਆਵੇ।’

‘ਧੀਆਂ ਧਿਆਣੀਆਂ’ ਕਵਿਤਾ ਸੰਵੇਦਨਾ ਨਾਲ ਗੜੁੱਚ ਕਵਿਤਾ ਹੈ। ਧੀਆਂ ਬਾਰੇ ਕਈ ਕਵੀਆਂ ਨੇ ਕਵਿਤਾਵਾਂ ਲਿਖੀਆਂ ਹਨ। ਡਾ. ਜਗਤਾਰ ਦੀ ਕਵਿਤਾ ‘ਧੀਆਂ’ ਕਾਲੇ ਸਮਿਆਂ ਵਿਚ ਲਿਖੀ ਕਲਾਸਿਕ ਕਵਿਤਾ ਹੈ। ਮੇਰੀ ਵੀ ਇਕ ਕਵਿਤਾ ਹੈ ਜਿਸ ਨੂੰ ਪੜ੍ਹਦਿਆਂ ਮੈਂ ਅਕਸਰ ਭਾਵੁਕ ਹੋ ਜਾਂਦਾ ਹਾਂ। ਜੇਕਰ ਤੁਸੀਂ ਕਦੇ ਵਰਿਆਮ ਸੰਧੂ ਦੀ ਸੰਗਤ ਮਾਣੀ ਹੋਵੇ ਤਾਂ ਤੁਹਾਨੂੰ ਯਾਦ ਹੋਵੇਗਾ ਕਿ ਉਹ ਧੀਆਂ ਦਾ ਜ਼ਿਕਰ ਆਉਣ ’ਤੇ ਭੁਸਕਣ ਲੱਗ ਜਾਂਦੇ ਹਨ। ਮੈਂ ਤਾਂ ਅੱਖੀਂ ਦੇਖਿਆ ਹੈ:

ਧੀਆਂ ਇਹ ਪਿਆਰੀਆਂ
ਗੁਰੂ ਨੇ ਸਵਾਰੀਆਂ
ਰੋਂਦੇ ਰੋਂਦੇ ਹੱਸ ਪੈਣ
ਭੁੱਜਦੇ ਮਨਾਂ ਦੇ ਉਤੇ
ਮੀਂਹ ਵਾਂਗ ਵੱਸ ਪੈਣ।
—
ਧੀਆਂ ਸਾਡੀ ਧਿਰ
ਧਰਵਾਸਾ ਸਾਡੀ ਆਤਮਾ ਦਾ
ਸੱਚ ਮੁੱਚ ਜ਼ਿੰਦਗੀ ਦਾ
ਧੁਰਾ ਬਣ ਬਹਿੰਦੀਆਂ
ਧੀਆਂ ਇਹ ਪਿਆਰੀਆਂ
ਗੁਰੂ ਨੇ ਸਵਾਰੀਆਂ।

ਇਨ੍ਹਾਂ ਕਵਿਤਾਵਾਂ ਦਾ ਪਾਠ ਕਰਦਿਆਂ ਮੈਂ ਸੋਚਦਾ ਹਾਂ ਕਿ ਵਰਿਆਮ ਸੰਧੂ ਹੋਰਾਂ ਇਹ ਪੋਥੀ ਛਪਵਾ ਕੇ ਪੰਜਾਬੀ ਪਾਠਕਾਂ ਉਪਰ ਜਿਵੇਂ ਅਹਿਸਾਨ ਕਰ ਦਿੱਤਾ ਹੈ। ਖ਼ਾਸ ਕਰ ਕੇ ਉਨ੍ਹਾਂ ਪਾਠਕਾਂ ਲਈ ਜਿਹੜੇ ਜੁਝਾਰੂ ਦੌਰ ਤੋਂ ਬਾਅਦ ਵਿਚ ਜਨਮੇ ਹਨ। ਖੋਜ ਕਰ ਰਹੇ ਵਿਦਿਆਰਥੀਆਂ ਲਈ ਵੀ ਇਹ ਲਾਹੇਵੰਦ ਹੋ ਸਕਦੀ ਹੈ। 144 ਸਫ਼ਿਆਂ ਉਪਰ ਫੈਲੀਆਂ ਇਹ 56 ਕਵਿਤਾਵਾਂ ਮੈਨੂੰ ਤਾਂ ਇਕ ਕਾਵਿਕ ਦਸਤਾਵੇਜ ਹੀ ਲੱਗੀਆਂ ਹਨ। ਜਿਸ ਵਿਚ ਜੁਝਾਰੂ ਤੇ ਅਜੋਕੀ ਕਵਿਤਾ ਦੇ ਦੋਵੇਂ ਰੰਗ ਮੌਜੂਦ ਹਨ।

# ਈਮਾਨ, ਨਿਸ਼ਾਨ, ਗੁਜ਼ਰਾਨ ਅਤੇ ਹਾਣ ਪਰਵਾਣ ਸਭ ਕੁਝ ਦੌਲਤ...

**ਜ਼ਿੰਦਗੀ ਨਾਮਾ**



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ ‘ਜ਼ਿੰਦਗੀ ਨਾਮਾ’ ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਫੋਨ ਬਦਲਣਾ ਸੀ...ਮਾਲ ਚਲਿਆ ਗਿਆ...ਬਜ਼ੁਰਗ ਮਿਲੇ...ਹੱਸਦੇ ਹੋਏ...ਏਦਾਂ ਜਿੱਦਾਂ ਜ਼ਿੰਦਗੀ ਦੇ ਸਾਰੇ ਕੰਮ ਮੁਕਾ ਕੇ ਆਏ ਹੋਣ...ਪੁੱਛਿਆ ਕਿੱਦਾਂ ਚੱਲ ਰਹੀ ਜ਼ਿੰਦਗੀ...ਕਹਿੰਦੇ ਲੰਘ ਗਈ ਦਾ ਅਫ਼ਸੋਸ ਨੀ...ਆਉਣ ਵਾਲੀ ਦਾ ਫਿਕਰ ਨੀ...ਟੈਂਸ਼ਨਾਂ ਜ਼ਰੂਰ ਹੈਨ...ਪਰ ਦਿਲ ’ਤੇ ਨੀ ਲਾਈ ਦੀ...ਪੰਜਾਬ ਸਾਫ ਸਪਸ਼ਟ ਜ਼ਿੰਦਗੀ ਭੋਗੀ...ਹੁਣ ਰਿਟਾਇਰਮੈਂਟ...ਕਈ ਮਿੱਤਰ ਪਿਆਰੇ ਨਾਰਾਜ਼...ਸਾਨੂੰ ਫੋਨ ਨੀ ਕਰਦਾ...ਸਾਰਿਆਂ ਨੂੰ ਤੇ ਰੱਬ ਵੀ ਖੁਸ਼ ਨੀ ਕਰ ਸਕਦਾ...!

ਸੰਤੁਸ਼ਟ ਰੱਜੀਆਂ ਰੂਹਾਂ...ਕਿਥੇ ਲੱਭਦੀਆਂ...ਅੱਜ-ਕੱਲ੍ਹ ਹਰ ਪਾਸੇ ਮਾਰੋ ਮਾਰ...ਦੂਜੇ ਤੋਂ ਅੱਗੇ ਨਿਕਲਣ ਦੀ...ਗੁਆਂਢੀ ਨੂੰ ਪਿੱਛੇ ਨੀਵਾਂ ਛੱਡਣ ਦੀ...ਦੂਸਰੇ ਤੋਂ ਸੋਹਣਾ ਦਿਸਣ ਦੀ...ਸਿਰ ਦਾਹੜੀ ਦੇ ਚਿੱਟੇ ਵਾਲ...ਚੇਹਰਿਆਂ ’ਤੇ ਪੈ ਗਈਆਂ ਝੁਰੜੀਆਂ...ਮੌਤੋਂ ਵੱਧ ਡਰਾਉਂਦੀਆਂ...ਇਹ ਸੋਚ ਉਬੜ ਵਾਹੇ ਉਠ ਬਹਿੰਦੇ...ਹਾਇ ਮੈਂ ਮਗਰ ਰਹਿ ਗਿਆ...ਬਾਕੀ ਅਗਾਂਹ ਲੰਘ ਗਏ...! ਅੱਲੜ ਕੁੜੀਆਂ ਦੇ ਇਕ ਫੰਕਸ਼ਨ ’ਤੇ...ਅੱਧਖੜ ਤੋਂ ਵੀ ਅਗਾਂਹ ਟੱਪ ਗਈ ਇੱਕ ਭੈਣ...ਮੈਥੋਂ ਤਿੰਨ ਕੁ ਸਾਲ ਦਾ ਫਰਕ...ਅੰਕਲ ਜੀ ਆਖ ਸੰਬੋਧਨ ਹੋਈ...ਮਾਂ ਦੀ ਉਮਰ ਦੀ ਇੱਕ ਹੋਰ ਮਾਤਾ...ਆਖਣ ਲੱਗੀ ਵੀਰ ਜੀ ਕਿਥੇ ਰਹਿਣਾ...ਦਿਸਦਾ ਨਹੀਂ ਅੱਜ-ਕੱਲ੍ਹ...!

ਉਨੀਆਂ ਕੁ ਸਾਲਾਂ ਦਾ ਇਕ ਜਵਾਕ...ਚਾਲੀਆਂ ਨੂੰ ਢੁਕੀ ਹੋਈ ਨੂੰ ਆਂਟੀ ਆਖ ਬੈਠਾ...ਗਲ ਪੈ ਗਈ...ਦੋਬਾਰਾ ਨੀ ਆਖਣਾ...ਨਾਮ ਬੇਸ਼ੱਕ ਲੈ ਲਵੀਂ..!

ਅੱਸੀਆਂ ਨੂੰ ਪਹੁੰਚੀ ਇਕ ਹੋਰ ਮਾਤਾ ਜੀ...ਸੰਸਥਾ ਦੀ ਪ੍ਰਧਾਨ...ਨਾਲਦੇ ਮਿੰਨਤਾਂ ਕਰ ਕਰ ਥੱਕ ਗਏ ਕੇ ਆਹ ਉਮਰ ਨੀ ਪ੍ਰਧਾਨਗੀ ਦੀ...ਅੱਗਿਉਂ ਜੁਆਬ...ਅਜੇ ਹੋਰ ਵੀਹ ਸਾਲ ਕਿਧਰੇ ਨੀ ਜਾਂਦੀ...!

ਵਰਤਮਾਨ ਦਾ ਵੱਡਾ ਰੋਗ...ਰਿਟਾਇਰ ਬੁੱਢਾ ਹੋਣਾ ਅਖਵਾਉਣਾ ਮਨਜ਼ੂਰ ਹੀ ਹੈਨੀ...ਉਮਰ ਸੌ ਸਾਲ ਤੋਂ ਵੀ ਵੱਧ ਪਰ ਸ਼ਕਲ ਵੀਹਾਂ ਵਾਲੀ ਹੀ ਬਣੀ ਰਹੇ...!



ਇਕ ਹੋਰ ਸੱਸ...ਅਖੇ ਨੂੰਹਾਂ ਇੱਜ਼ਤ, ਸਲਾਹ-ਮਸ਼ਵਰਾ ਨਹੀਂ ਕਰਦੀਆਂ...ਜਵਾਨੀ ਵੇਲੇ ਮੇਰੀ ਮਰਜ਼ੀ ਬਗੈਰ ਪੱਤਾ ਨਹੀਂ ਸੀ ਹਿੱਲਦਾ...ਉਹ ਵੇਲਾ ਚੇਤੇ ਕਰ ਕਰ ਕਾਲਜਾ ਮੂੰਹ ਨੂੰ ਆਉਂਦਾ...ਕੁਲਦੀਪ ਮਾਣਕ...ਕਰ ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ...!

ਇੱਕ ਹੋਰ ਬਾਬਾ ਜੀ...ਜਿਉਂਦੇ ਜੀ ਜ਼ਮੀਨ ਜੁਆਕਾਂ ਦੇ ਨਾਮ ਨਹੀਂ ਲਵਾਉਣੀ...ਹੁਣ ਤੇ ਅੱਗੇ ਪਿੱਛੇ ਫਿਰਦੇ...ਫੇਰ ਕਿਸਨੇ ਪੁੱਛਣਾ...ਹਰੇਕ ਦੀ ਆਪਣੀ ਆਪਣੀ ਡਫਲੀ...ਆਪੋ ਆਪਣਾ ਰਾਗ...!

ਤਸਵੀਰ ਦਾ ਦੂਜਾ ਪੱਖ...ਸੱਠਾਂ ਨੂੰ ਢੁੱਕੇ ਸਰਦਾਰ ਜੀ...ਕੰਮ ’ਤੇ ਸੱਟ ਲੱਗ ਗਈ...ਬਿਸਤਰੇ ’ਤੇ ਪਏ ਝੋਰਾ ਕਰੀ ਜਾਣ...ਦਿਹਾੜੀਆਂ ਮਰ ਗਈਆਂ... ਡਿਸਬਿਲਟੀ ਅੱਧੀ ਮਿਲਦੀ...ਸਹਿੰਦਾ-ਸਹਿੰਦਾ ਪੁੱਛ ਲਿਆ...ਰੱਬ ਦਾ ਦਿੱਤਾ ਬਹੁਤ ਕੁਝ...ਫੇਰ ਵੀ ਐਸ ਉਮਰੇ ਟਰੱਕ...

ਆਖਣ ਲੱਗੇ ਯਾਰ ਵੇਹਲੇ ਬੈਠਿਆਂ ਟੇਕ ਜਿਹੀ ਨੀ ਆਉਂਦੀ...ਹੱਡ-ਪੈਰ ਚੱਲਦੇ...ਸੋਚਦਾ ਪੋਤਰੇ-ਦੋਹਤਿਆਂ ਜੋਗਾ ਕੁਝ ਬਣਾ ਜਾਵਾਂ...!

ਇੱਕ ਹੋਰ ਮਾਨਸਿਕਤਾ...ਜੇ ਮੈਨੂੰ ਕੋਈ ਟੈਨਸ਼ਨ ਨਹੀਂ ਮਤਲਬ ਮੈਂ ਵੇਹਲਾ...ਫਿਕਰਾਂ ਝੋਰਿਆਂ ਦੀ ਪੰਡ ਚੁੱਕੀ ਇਨਸਾਨ ਖੁਦ ਨੂੰ ਰੁਝਿਆ ਸਮਝਦਾ!

Fakar-e-Kaum ਚੇਤੇ ਆ ਗਿਆ...ਏਨਾ ਇਕੱਠਾ ਕੀਤਾ ਕੇ ਸੱਤ ਪੀੜ੍ਹੀਆਂ ਬਹਿ ਕੇ ਖਾ ਸਕਦੀਆਂ...ਪਰ ਅਖੀਰ ਤੀਕਰ ਤਸੱਲੀ ਨੀ ਹੋਈ...ਅਸੀਂ ਤੁਸੀਂ ਕਿਸ ਬਾਗ ਦੀ ਮੂਲ਼ੀ...! ਸਭ ਨੰਬਰਾਂ ਦੀ ਜਰਬ ਤਕਸੀਮ...ਸੌ ਮਗਰੋਂ ਦੋ ਸੌ...ਦੋ ਸੌ ਮਗਰੋਂ ਹਜ਼ਾਰ...ਮਗਰੋਂ ਦੋ ਹਜ਼ਾਰ ਫੇਰ ਲੱਖ ਫੇਰ ਕਰੋੜ ਦੀ ਝਾਕ ਤੇ ਫਿਰ ਚੱਲ ਸੋ ਚੱਲ...!

ਪਰਛਾਵਾਂ ਜਿਹਨੇ ਅੱਗੇ ਲੱਗ ਭੱਜੀ ਜਾਣਾ...ਹਯਾਤੀ ਮੁੱਕ ਜਾਣੀ ਪਰ ਇਹ ਨੀ ਫੜਿਆ ਜਾਣਾ...ਹਾਂ ਮੂੰਹ ਮੋੜ ਲਵੋ ਤਾਂ ਫੇਰ ਜ਼ਰੂਰ ਮਗਰ-ਮਗਰ ਆਵੇਗਾ...!

ਜਾਂਦੇ ਜਾਂਦੇ...ਜੇ ਖੁਸ਼ੀਆਂ ਦੇ ਪਲ ਰਿਟਾਇਰਮੈਂਟ ਤੀਕਰ ਮੁਲਤਵੀ ਕਰੀ ਜਾਵੋਗੇ ਤਾਂ ਕਿਸ਼ਤੀ ਵਿਚ ਬੈਠੇ ਘੁੰਮਣ ਗਏ ਜੋੜੇ ਵਾਲਾ ਹਾਲ ਹੋਵੇਗਾ...!

ਕਦੇ ਆਖਿਆ ਜਾਂਦਾ ਸੀ...ਔਰਤ ਈਮਾਨ...ਪੁੱਤਰ ਨਿਸ਼ਾਨ ਅਤੇ ਦੌਲਤ ਗੁਜ਼ਰਾਨ...ਪਰ ਹੁਣ ਈਮਾਨ ਨਿਸ਼ਾਨ ਗੁਜ਼ਰਾਨ ਅਤੇ ਹਾਣ ਪਰਵਾਣ ਸਭ ਕੁਝ ਹੀ ਦੌਲਤ...!

# 'ਕਰਤੇ ਕੀਆਂ ਬਾਤਾਂ'

ਡਾ. ਓਅੰਕਾਰ ਸਿੰਘ ਦੀ ਸੱਜਰੀ ਛਪੀ ਪੁਸਤਕ 'ਕਰਤੇ ਕੀਆਂ ਬਾਤਾਂ' ਰੀਬਿੰਕਸ ਬੁਕਸ ਵੱਲੋਂ ਛਾਪੀ ਗਈ ਹੈ। 23 ਲੇਖਾਂ ਦੀ 143 ਸਫਿਆਂ ਵਾਲੀ ਇਸ ਪੁਸਤਕ ਦੀ ਕੀਮਤ 349 ਰੁਪਏ ਹੈ। ਇਹ ਸਾਰੇ ਲੇਖ ਰਸਾਲਿਆਂ ਅਤੇ ਅਖਬਾਰਾਂ ਵਿਚ ਪੁਸਤਕ ਵਜੋਂ ਸਾਹਮਣੇ ਆਉਣ ਤੋਂ ਪਹਿਲਾਂ ਛਪਦੇ ਰਹੇ ਹਨ। ਲੇਖਕ ਨੂੰ ਮੈਂ ਆਪਣੀ ਲਗਨ ਅਤੇ ਮਿਹਨਤ ਦੇ ਸਹਾਰੇ ਵਿਦਿਆਰਥੀ ਤੋਂ ਵਿਦਵਾਨ ਬਣਦੇ ਵੇਖਿਆ ਹੈ। ਲੇਖਕ ਨੇ ਖੋਜੀ ਬਿਰਤੀ ਨਾਲ ਸਮਝ ਆਏ ਵੇਰਵਿਆਂ ਨੂੰ ਗੁਰੂ ਦੀ ਬਖ਼ਸ਼ਿਸ਼ ਵਾਂਗ ਸੰਭਾਲਣ ਦੀ ਕੋਸ਼ਿਸ਼ ਇਸ ਪੁਸਤਕ ਰਾਹੀਂ ਕੀਤੀ ਹੈ। ਲੇਖਕ ਮੇਰੇ ਵਿਦਿਆਰਥੀਆਂ ਵਿਚੋਂ ਮਾਂ ਦਾ ਚੰਗਿਆ ਹੋਇਆ ਵਿਦਿਆਰਥੀ, ਇਸ ਕਰਕੇ ਸੀ ਕਿਉਂਕਿ ਉਸ ਨੂੰ ਬਚਪਨ ਵਿਚ ਨਾਸ਼ਤਾ ਨਿਤਨੇਮ ਕਰਨ ਤੋਂ ਬਾਅਦ ਮਿਲਦਾ ਰਿਹਾ ਸੀ। ਬਾਣੀ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਵਿਚ ਖੁੱਭੀ ਹੋਈ ਉਸ ਦੀ ਵਿਰਾਸਤੀ ਪਹੁੰਚ, ਗੁਰੂ ਦੇ ਨਾਮ 'ਤੇ ਜਿਉਣ ਵਾਲੀ ਪੰਜਾਬੀ ਭਾਵਨਾ ਨੂੰ ਨਾਲ ਲੈ ਕੇ ਤੁਰਦੀ ਰਹੀ ਹੈ। ਇਹ ਪੁਸਤਕ ਉਸ ਨੇ ਆਪਣੀ ਮਾਂ ਨੂੰ ਸਮਰਪਿਤ ਕਰਦਿਆਂ ਸਵੀਕਾਰ ਕੀਤਾ ਹੈ ਕਿ 'ਸਮਰਪਿਤ: ਮਾਂ ਦੀ ਸੰਘਣੀ ਛਾਂ ਨੂੰ ਜਿਸ ਹੇਠ ਬੈਠ ਕੇ ਕਰਤੇ ਕੀਆਂ ਬਾਤਾਂ ਪੜ੍ਹੀਆਂ ਅਤੇ ਸਿੱਖੀਆਂ'। ਅਹਿਸਾਸੀ ਵਿਰਾਸਤ ਦੀ ਸਮਝ ਅਤੇ ਅਨੁਭਵ ਨਾਲ ਜੁੜੀ ਹੋਈ ਇਹ ਪੁਸਤਕ, ਮਾਂ ਦੇ ਭੋਗ ਵਾਲੇ ਦਿਨ ਲੇਖਕ ਕੋਲ ਪਹੁੰਚੀ ਸੀ। ਧਰਮ ਦੀ ਵਿਆਕਰਣ ਵਿਚ ਏਧਰ-ਓਧਰ ਖਿਲਰੇ ਵਰਤਾਰਿਆਂ ਦੀ ਭੂਮਿਕਾ ਨਾਲ ਜੁੜੀਆਂ ਹੋਈਆਂ ਗੱਲਾਂ ਨਾਲ ਇਹ ਪੁਸਤਕ ਸਬੰਧਿਤ ਹੈ।

ਪੁਸਤਕ ਦਾ ਪਹਿਲਾ ਲੇਖ ਪੁਸਤਕ ਦੇ ਨਾਮ ਨਾਲ ਜੁੜਿਆ ਹੋਇਆ ਹੈ ਅਤੇ ਸ਼ੁਰੂਆਤ ਗੁਰੂ ਨਾਨਕ ਸਾਹਿਬ ਜੀ ਤੋਂ ਇਹ ਕਹਿ ਕੇ ਕੀਤੀ ਹੋਈ ਹੈ ਕਿ 'ਧਰਤ ਲੋਕਾਈ ਨੂੰ ਸੋਧਣ ਦਾ ਪ੍ਰੋਗਰਾਮ ਉਲੀਕਣ' ਵਾਸਤੇ ਸਿੱਖ ਸਿਧਾਂਤਕੀ ਦੀ ਨੀਂਹ ਰੱਖੀ ਗਈ ਸੀ। ਇਹ ਸਿਧਾਂਤਕੀ 'ਸ਼ਬਦ ਦੀ ਖੜਗ ਨਾਲ ਇਸ ਧਰਤਿ ਉਤੇ ਧਰਮ ਧੁਜਾ ਫਹਿਰਾਉਣਾ ਹੈ'। ਅਧਿਆਤਮ ਦੇ ਖੇਤਰ ਵਿਚ ਧਰਮ ਅਤੇ ਸਭਿਆਚਾਰ ਨੂੰ ਇਕੱਠੇ ਤੋਰਨ ਦੀਆਂ ਮਿਸਾਲਾਂ ਬਹੁਤ ਘੱਟ ਮਿਲਦੀਆਂ ਹਨ ਕਿਉਂਕਿ ਆਮ ਬੰਦੇ ਨੂੰ ਧਰਮ ਮੁਖੀਆਂ ਦੀ ਸੇਵਾ ਕਰਨ ਨੂੰ ਧਰਮ ਕਮਾਉਣਾ ਮੰਨਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਅੰਧ ਧਾਰਮਿਕਤਾ ਨੂੰ ਤੋੜਣ ਵਾਸਤੇ ਆਮ ਬੰਦੇ ਲਈ ਮੁਕਤੀ ਮਾਡਲ ਸਾਹਮਣੇ ਲਿਆਂਦਾ। ਉਸ ਨੂੰ ਆਮ ਬੰਦੇ ਦੇ ਮੁਹਾਵਰੇ ਵਿਚ ਮਾਨਸਿਕ ਬਦਲਾਵ ਵਾਸਤੇ ਵਰਤਣ ਦਾ ਗੁਰਮਤਿ ਗਾਡੀ ਰਾਹ ਸਿੱਖ ਧਰਮ ਅਖਵਾਇਆ। ਇਸ ਵਿਚੋਂ ਬਿਨਸਨਹਾਰ ਪਹਿਲੂਆਂ ਰਾਹੀਂ ਪੈਦਾ ਹੋਣ ਵਾਲੇ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਦਾ ਰਾਹ ਰੋਕਣ ਲਈ, ਧਰਮ ਦੇ ਨਾਮ 'ਤੇ ਬੰਦੇ ਦੀ ਧਾਰਮਿਕ ਇਜਾਰੇਦਾਰੀ ਨੂੰ ਮਨਫੀ ਕਰਕੇ, ਸ਼ਬਦ-ਗੁਰੂ ਦਾ ਅਬਿਨਸਨਹਾਰ ਮਾਡਲ ਸਥਾਪਤ ਹੋ ਗਿਆ ਸੀ/ਹੈ। ਏਸੇ ਨਾਲ ਜੁੜੇ ਹੋਏ ਵਰਤਾਰਿਆ ਨੂੰ ਲੇਖਕ 'ਕਰਤੇ ਕੀਆਂ ਬਾਤਾਂ' ਕਹਿ ਰਿਹਾ ਹੈ। ਇਹ ਸਿੱਖ-ਮਾਰਗ, ਧਰਮ ਦੇ ਨਾਮ 'ਤੇ ਪੈਦਾ ਹੋ ਗਈ ਠੱਗ ਮਾਨਸਿਕਤਾ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ। ਆਮ ਬੰਦੇ ਦੀ ਸਮਝ ਦਾ ਸੌਖਿਆਂ ਹਿੱਸਾ ਬਣ ਸਕਣ ਵਾਲੇ ਇਸ ਸਿਧਾਂਤ ਦੀ ਨੀਂਹ, ਉੱਚੀ ਜਾਤੀ ਵਿਚ ਜੰਮੇ ਗੁਰੂ ਨਾਨਕ ਸਾਹਿਬ ਅਤੇ ਨੀਵੀਂ ਜਾਤੀ ਵਿਚ ਜੰਮੇ ਭਾਈ ਮਰਦਾਨਾ ਵਿਚ ਕੋਈ ਫਰਕ ਨ ਕਰਨ 'ਤੇ ਟਿਕੀ ਹੋਈ ਹੈ। ਇਸ ਦੇ ਵੇਰਵੇ ਪੁਸਤਕ ਦੇ ਪਹਿਲੇ ਲੇਖ ਵਿਚ ਆ ਗਏ ਹਨ। ਇਸ ਦੀ ਸ਼ਾਹਦੀ ਮੱਕੇ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਯਾਦਗਾਰ ਦੇ ਨਾਲ ਹਜ਼ਰਤ ਸੁਲਤਾਨ ਬਾਹੂ ਅਤੇ ਸ਼ੇਖ ਫਰੀਦ ਦੀਆਂ ਯਾਦਗਾਰੀ ਨਿਸ਼ਾਨੀਆਂ ਨਾਲ ਪੁਸ਼ਟ ਹੋ ਜਾਂਦੀ ਹੈ।

ਪੁਸਤਕ ਵਿਚ 'ਜੋਤਿ ਓਹਾ ਜੁਗਤਿ ਸਾਇ' ਦੀ ਰੌਸ਼ਨੀ ਵਿਚ ਦਸਾਂ ਗੁਰੂ ਪਾਤਸ਼ਾਹੀਆਂ ਦੀਆਂ ਗੱਲਾਂ ਸੁਣਾਉਂਦਿਆਂ ਰੱਬ ਦਾ ਧਰਤੀ ਉਤੇ ਉਤਰ ਕੇ ਜਗ-ਤਾਰਕ ਵਜੋਂ ਵਿਚਰਨਾ ਅਤੇ ਦੂਜਿਆਂ ਦੇ ਦੁਜੇਪਨ ਵਾਸਤੇ ਸ਼ਹੀਦ ਵਾਂਗ ਸਦਾ ਜਿਉਂਦੇ ਰਹਿਣ ਨੂੰ ਵੀ ਲੇਖਕ ਨੇ ਸਾਹਮਣੇ ਲਿਆਂਦਾ ਹੋਇਆ ਹੈ। ਦੇਹੀ-ਪ੍ਰਾਂਜਲਤਾ (physical transcendence) ਦੇ ਮਾਧਿਅਮ ਰਾਹੀਂ ਸ਼ਹੀਦੀ ਦੇ ਮਾਧਿਅਮ ਨਾਲ ਪਰਿਵਰਤਣ (transformation) ਦੇ ਪਰਤ ਵਰਤਾਰਿਆਂ ਦਾ ਪ੍ਰਸੰਗ ਉਸਾਰ ਵੀ ਇਸ ਪੁਸਤਕ ਦਾ ਹਿੱਸਾ ਹੋ ਗਿਆ ਹੈ। ਕਿਸੇ ਨਾ ਕਿਸੇ ਰੂਪ ਵਿਚ ਇਹ ਵੀ ਇਸ ਪੁਸਤਕ ਵਿਚ ਸੰਭਾਲਿਆ ਹੋਇਆ ਹੈ ਕਿ ਧਰਮ ਵਿਚੋਂ ਗੁਆਚੀ ਰੂਹ ਦੀ ਸਥਾਪਨਾ ਦਾ ਸੰਘਰਸ਼, ਸ਼ਾਨਾਮੱਤੇ ਸਿੱਖ ਇਤਿਹਾਸ ਰਾਹੀਂ ਵੇਖਿਆ ਜਾ ਸਕਦਾ ਹੈ। ਏਸੇ ਨੂੰ ਬਗਾਵਤ ਦੇ ਨਾਮ 'ਤੇ ਨਰ ਸੰਘਾਰ ਦੀ ਸਿਆਸਤ ਵੀ ਆਖਿਆ ਹੋਇਆ ਹੈ। ਸਿੱਖੀ ਰਾਹੀਂ ਕਿਸੇ ਵੀ ਪਰਾਪਤ ਧਰਮ ਦਾ ਬਦਲ ਸਾਹਮਣੇ ਲਿਆਉਣ ਦੀ ਥਾਂ, ਦੇਹਧਾਰੀ ਅਗਵਾਈ ਵਿਚ ਬਿਨਸਨਹਾਰ ਵਰਤਾਰਿਆਂ ਦਾ ਸ਼ਿਕਾਰ ਹੋਣ ਤੋਂ ਬਚਾਅ ਦੀ ਸਿਧਾਂਤਕਤਾ ਨੂੰ ਸ਼ਬਦ-ਗੁਰੂ ਅਰਥਾਤ ਗਰੰਥ ਅਤੇ ਪੰਥ ਰਾਹੀਂ ਅਕਾਲ ਦੀ ਅਗਵਾਈ ਵਿਚ ਪੈਦਾ ਹੋਏ ਨਿਰਾਲੇਪਨ ਵਜੋਂ ਸਥਾਪਤ ਕੀਤਾ ਹੋਇਆ ਹੈ।

ਪੁਸਤਕ ਪੜ੍ਹਦਿਆਂ ਮੈਨੂੰ ਲੱਗਿਆ ਹੈ ਕਿ ਸਿਆਸਤ ਦੇ ਪੈਰੋਂ ਧਰਮ ਦੀਆਂ ਖੁਆਰੀਆਂ ਨਾਲ ਜੂਝਣ ਵਾਸਤੇ, ਸੰਤ ਅਤੇ ਸਿਪਾਹੀ ਦੀ ਮੁਜੱਸਮ ਸ਼ਖਸੀਅਤ ਦੀ ਘਾੜਤ, ਮੀਰੀ-ਪੀਰੀ ਦੀ ਸਿਧਾਂਤਕ ਅਗਵਾਈ ਵਿਚ ਪਹੁਤੇ ਪਾਂਧੀ ਦੇ ਮਾਨਵ ਮਾਡਲ ਨੂੰ ਸਮਾਜਿਕਤਾ ਵਿਚ ਉਤਾਰਿਆ ਗਿਆ ਸੀ। ਅਜਿਹਾ ਸਿਧਾਂਤ ਸਿਆਸਤ ਤੋਂ ਬਚਾ ਕੇ ਹੀ ਸੰਭਵ ਹੁੰਦਾ ਰਿਹਾ ਹੈ ਅਤੇ ਹੁੰਦਾ ਰਹਿਣਾ ਚਾਹੀਦਾ ਹੈ। ਜਿਹੜੇ ਹਵਾਲੇ ਸਿੱਖ ਸਿਧਾਂਤਕੀ ਦੇ ਪ੍ਰਗਟਾਵਿਆਂ ਵਜੋਂ ਇਸ ਪੁਸਤਕ ਦਾ ਹਿੱਸਾ ਹੋ ਗਏ ਹਨ, ਉਨ੍ਹਾਂ ਵਿਚੋਂ ਸਿੱਖੀ ਵਿਚ ਪਰਵੇਸ਼ ਕਰ ਸਕਣ ਦੀਆਂ ਸੰਭਾਵਨਾਵਾਂ ਨੂੰ 'ਸੋਹਣਾ ਤੇ ਮੋਹਣਾ' ਦੇ ਲੇਖ ਵਿਚੋਂ ਵੇਖਿਆ ਜਾ ਸਕਦਾ ਹੈ। ਇਸ ਨਾਲ ਸ਼ਰਧਾ ਦੇ ਪੂਜਕ-ਰੰਗ ਦੀ ਥਾਂ 'ਤੇ ਸ਼ਰਧਾ ਦੇ ਧਾਰਕ ਰੰਗ ਨੂੰ, ਸਿੱਖੀ ਨੇ ਗੁਰਮੁਖ ਦੀ ਸੰਗਯਾ ਦੇ ਕੇ, ਜਿਹੋ-ਜਿਹੇ ਮਨੁੱਖ ਦੀ ਸਿਰਜਣਾ ਦਾ ਰਾਹ ਸਾਹਮਣੇ ਲੈ ਆਂਦਾ ਹੈ, ਉਸ ਦੀ ਬਾਤ ਪਾਉਂਦੀ ਹੈ ਸੋਹਣਾ ਤੇ ਮੋਹਣਾ ਦੀ ਜ਼ਿੰਦਗੀ। ਪਰ ਜਦੋਂ ਦਸਮ ਪਾਤਸ਼ਾਹ ਹਜ਼ੂਰ ਉਨ੍ਹਾਂ ਦੇ ਅਨੁਭਵ ਵਿਚ ਪ੍ਰਤੱਖ ਹਰਿ ਵਾਂਗ ਪਰਵੇਸ਼ ਕਰਦੇ ਹਨ, ਤਾਂ ਉਹ ਸੇਵਾ ਅਤੇ ਸੰਤੋਖ ਰਾਹੀਂ ਮੁਕਤ ਹੋ ਸਕਣ ਦੇ ਪਾਂਧੀ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਨਤੀਜਿਆਂ ਨੂੰ ਮੁਕਤਿਆਂ ਦੇ ਬਿੰਬ ਰਾਹੀਂ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਕਿਉਂਕਿ ਗੁਰੂ ਆਪਣੇ ਬਿਰਦ ਦੀ ਪਾਲਣਾ ਕਰਨ ਵਾਸਤੇ ਆਪਣੇ ਸੇਵਕ ਅਰਥਾਤ ਸਿੱਖ ਨੂੰ ਗੋਦੀ ਵਿਚ ਲੈਣ ਲਈ ਲੋੜਵੰਦ ਤੱਕ ਪਹੁੰਚਦਾ ਹੈ। ਸਿੱਖ ਪਰਸੰਗ ਵਿਚ ਗੁਰੂ, ਸ਼ਬਦ-ਗੁਰੂ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਨਿਕਲਦੇ ਗਾਡੀ ਰਾਹ 'ਤੇ ਤੁਰ ਕੇ ਕੋਈ ਵੀ ਪ੍ਰਾਣੀ ਪਹੁਤਾ ਪਾਂਧੀ ਅਰਥਾਤ ਗੁਰੂ ਦਾ ਸਿੱਖ ਬਣ ਸਕਦਾ ਹੈ।

ਇਸ ਪੁਸਤਕ ਵਿਚ ਦਸਾਂ ਹੀ ਪਾਤਸ਼ਾਹੀਆਂ ਦੇ ਹਵਾਲੇ ਨਾਲ ਬੰਦੇ ਦੇ ਮਾਨਸਿਕ ਪਰਿਵਰਤਣ ਦੀਆਂ ਸੰਭਾਵਨਾਵਾਂ ਦੀਆਂ ਗੱਲਾਂ, ਰੌਚਿਕ ਸ਼ੈਲੀ ਵਿਚ ਕੀਤੀਆਂ ਹੋਈਆਂ ਹਨ। ਕਿਸੇ ਵੀ ਸਮਕਾਲ ਨੂੰ ਲੋੜੀਂਦੇ ਬਦਲਾਅ ਦੀ ਸਿਧਾਂਤਕੀ ਦਾ ਲਾਹਾ ਲੈਣ ਵਾਸਤੇ ਸੰਭਾਲਣਯੋਗ ਮਾਨਸਿਕਤਾ ਦੀ ਲੋੜ ਹੈ। ਇਸ ਵਿਚ ਰੁਕਾਵਟ ਵੀ ਉਲਾਰ ਮਾਨਸਿਕਤਾ ਹੀ ਹੈ। ਅਗਿਆਨ, ਅਜਿਹੀ ਮਾਨਸਿਕਤਾ ਦੀ ਚੂਲ ਹੋ ਜਾਂਦਾ ਹੈ। ਸੰਗਤੀ ਜੁਗਤ ਰਾਹੀਂ ਵਿਅਕਤੀਗਤ ਸਮਝ ਜਾਂ ਧਾਰਨਾ ਨੂੰ ਸਾਂਝੀ ਸਮਝ, ਅਰਥਾਤ ਗੁਰਮਤੇ ਵਿਚ ਢਾਲਿਆ ਜਾ ਸਕਦਾ ਹੈ। ਲੋੜ ਤਾਂ ਬੱਸ ਸਫਾ ਵਿਛਾ ਕੇ ਬੈਠਣ ਦੀ ਹੈ। ਰੰਗੇ ਹੋਏ ਮਨਾਂ ਵਾਲੀ ਸੰਗਤ ਤਾਂ ਹਉਮੈ ਦੇ ਇਰਦ-ਗਿਰਦ ਪੈਦਾ ਹੋਈਆਂ ਤਿਫਲ ਤਸੱਲੀਆਂ ਦੇ ਚਕਰਵਿਊ ਵਿਚੋਂ ਨਿਕਲ ਕੇ, ਗੁਰਮਤਿ ਦੇ ਗਾਡੀ ਰਾਹ 'ਤੇ ਪੈ ਸਕਦੀ ਹੈ। ਚਿੰਥਣ ਤੋਂ ਬਿਨਾਂ ਖਾਵਾਂਗੇ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ। ਲੇਖਕ ਸਫਲ ਜੀਵਨ ਵਾਸਤੇ ਸਿੱਖ ਰਾਹ ਇਹ ਦੱਸਦਾ ਹੈ -"ਗੁਰਪੁਰਬ ਮਨਾਉਂਦਿਆਂ ਆਪਣੇ ਗਿਆਨ ਦੇ ਦਰਵਾਜੇ ਖੋਲ੍ਹ ਕੇ, ਸਾਨੂੰ ਆਪਣੇ ਜੀਵਨ ਦੇ ਹਰ ਕਦਮ ਨੂੰ, ਗੁਰੂ ਦੇ ਬਖਸ਼ੇ ਹੋਏ ਸ਼ਬਦ ਦੀ ਰੌਸ਼ਨੀ ਵਿਚ ਵਿਚਾਰਨ ਦੀ ਲੋੜ ਹੈ" (40)।

ਪੁਸਤਕ ਵਿਚ ਸਿਧਾਂਤ ਦੀ ਅਕਾਦਮਿਕਤਾ ਦੀ ਲੋੜ ਨੂੰ ਭਾਈ ਗੁਰਦਾਸ ਦੇ ਹਵਾਲੇ ਨਾਲ ਸਾਹਮਣੇ ਲਿਆਉਣ ਦੀ ਕੋਸ਼ਿਸ਼ ਵੀ ਕੀਤੀ ਹੋਈ ਹੈ। ਇਸ ਨਾਲ ਇਸ ਲੋੜ ਵੱਲ ਇਸ਼ਾਰਾ ਹੋ ਜਾਂਦਾ ਹੈ ਕਿ 'ਧੁਰ ਕੀ ਬਾਣੀ ਦੇ ਉਸ ਰੱਬੀ ਸੁਨੇਹੇ ਨੂੰ ਸੁਣਨ ਦਾ ਯਤਨ ਕਰੀਏ, ਜਿਸ ਨਾਲ ਚੜ੍ਹਦੀ ਕਲਾ ਦੇ ਨਾਲ ਨਾਲ ਸਾਡਾ ਆਪਣਾ ਅਤੇ ਸਰਬੱਤ ਦਾ ਭਲਾ ਹੋਏਗਾ'। ਬਖਸ਼ਿਸ਼ਾਂ ਨਾਲ ਨਹੀਂ ਜੁੜਾਂਗੇ ਤਾਂ ਬਿਪਤਾਵਾਂ ਗਲ ਪੈ ਜਾਣਗੀਆਂ। ਬਾਣੀ, ਸਿਧਾਂਤ ਦੇ ਅਮਲ ਅਤੇ ਅਮਲ ਦੇ ਸਿਧਾਂਤ ਦੀ ਬਾਤ ਪਾਉਂਦੀ ਹੈ ਅਤੇ 'ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥' ਰਾਹੀਂ ਜਗਾਉਂਦੀ ਹੈ। ਜਾਗੋਗੇ ਤਾਂ ਸਮਝ ਆਏਗਾ ਕਿ ਸਿੱਖ ਹੋਣ ਦੀ ਵਿਆਕਰਣ ਵਿਚ 'ਧਰਮ ਨੂੰ ਪ੍ਰੋਜੈਕਟ ਅਤੇ ਪ੍ਰੋਟੈਕਟ ਕਰਨਾ ਅਤੇ ਬਾਹਰਲੇ ਹਮਲਿਆਂ ਤੋਂ ਧਰਮ ਨੂੰ ਬਚਾਉਣਾ' ਸ਼ਾਮਲ ਹੈ। ਇਸ ਨੂੰ ਸਿਰਫ ਨਾਹਰੇ ਵਾਂਗ ਵਰਤਾਂਗੇ ਤਾਂ ਧਰਮ ਦੀ ਥਾਂ ਸਿਆਸਤ ਹੋਣੀ ਸ਼ੁਰੂ ਹੋ ਜਾਏਗੀ। ਸਿਆਸਤ ਕਰਾਂਗੇ ਤਾਂ ਸਿਧਾਂਤਾਂ ਅਤੇ ਪਰੰਪਰਾਵਾਂ ਦੀ ਪਹਿਰੇਦਾਰੀ ਨਹੀਂ ਕਰ ਸਕਾਂਗੇ। ਇਸ ਨੂੰ ਸਮਝਣ ਵਾਸਤੇ 'ਮੌਤ ਬਿਨਾਂ ਸ਼ਹੀਦੀ ਵਰੀਦੀ ਨਹੀਂ' ਲੇਖ ਪੜ੍ਹਿਆ ਜਾ ਸਕਦਾ ਹੈ। ਹੋਰ ਵੀ ਗਹਿਰ ਗੰਭੀਰ ਮਸਲਿਆਂ ਨਾਲ ਜੁੜੀਆਂ ਹੋਈਆਂ ਕਰਤੇ ਕੀਆਂ ਬਾਤਾਂ ਤਾਂ ਪੁਸਤਕ ਨੂੰ ਪੜ੍ਹ ਕੇ ਹੀ ਪਤਾ ਲੱਗ ਸਕਦੀਆਂ ਹਨ ਕਿਉਂਕਿ ਕਿਸੇ ਵੀ ਪੁਸਤਕ ਦੀ ਵਧੀਆ ਗਵਾਹੀ ਪੁਸਤਕ ਹੀ ਭਰ ਸਕਦੀ ਹੈ। ਲੇਖਕ ਤੇ ਪ੍ਰਕਾਸ਼ਕ ਦੋਵੇਂ ਹੀ ਵਧਾਈ ਦੇ ਪਾਤਰ ਹਨ।

# ਪੰਜਾਬੀ ਤੋਂ ਦੂਰੀ: ਨਵੀਂ ਪੀੜ੍ਹੀ ਅਤੇ ਪਹਿਚਾਣ ਦਾ ਸੰਕਟ

**ਪਿਛੋਕੜ**

ਪੰਜਾਬੀ ਭਾਸ਼ਾ ਤੇ ਸਾਹਿਤ ਸਦੀਆਂ ਤੋਂ ਇਸ ਖੇਤਰ ਦੀ ਸਭਿਆਚਾਰਕ ਪਹਿਚਾਣ, ਸਮੂਹਕ ਯਾਦਦਾਸ਼ਤ ਤੇ ਫਿਕਰੀ ਤਰਬੀਅਤ ਦਾ ਬੁਨਿਆਦੀ ਸਰੋਤ ਰਹੇ ਹਨ। ਇਹ ਭਾਸ਼ਾ ਸਿਰਫ਼ ਅਭਿਵਿਅਕਤੀ ਦਾ ਸਾਧਨ ਨਹੀਂ, ਸਗੋਂ ਪੀੜ੍ਹੀ ਦਰ ਪੀੜ੍ਹੀ ਤਬਦੀਲ ਹੁੰਦੀਆਂ ਆ ਰਹੀਆਂ ਕਦਰਾਂ, ਰਿਵਾਇਤਾਂ ਤੇ ਸਮਾਜਕ ਰਿਸ਼ਤਿਆਂ ਦੀ ਅਮਾਨਤ ਹੈ। ਪਰ ਮੌਜੂਦਾ ਦੌਰ ਵਿਚ, ਖ਼ਾਸ ਕਰਕੇ ਨਵੀਂ ਪੀੜ੍ਹੀ ਵਿਚ, ਪੰਜਾਬੀ ਨਾਲ ਉਹ ਕੁਦਰਤੀ ਲਗਾਵ ਕਮਜ਼ੋਰ ਹੁੰਦਾ ਜਾ ਰਿਹਾ ਹੈ ਜੋ ਕਦੇ ਘਰਾਂ, ਗਲੀਆਂ ਤੇ ਤਾਲੀਮੀ ਮਾਹੌਲ ਵਿਚ ਆਪਣੇ-ਆਪ ਮੌਜੂਦ ਹੁੰਦਾ ਸੀ।

ਤਾਲੀਮੀ ਨਿਯਮਾਂ ਵਿਚ ਪੰਜਾਬੀ ਦੀ ਗ਼ੈਰ-ਮੁਅਸਰ ਨੁਮਾਇੰਦਗੀ, ਮੀਡੀਆ ਤੇ ਡਿਜੀਟਲ ਸਭਿਆਚਾਰ ਦਾ ਗ਼ਲਬਾ,

**ਪ੍ਰੋ: ਅਮਾਨਤ ਗਿੱਲ (ਲਾਹੌਰ)**
**ਫੋਨ: +923004969513**

ਅਤੇ ਸਮਾਜਕ ਪੱਧਰ 'ਤੇ ਜਨਮ ਲੈਣ ਵਾਲਾ ਅਹਿਸਾਸ-ਏ-ਕਮਤਰੀ, ਉਹ ਬੁਨਿਆਦੀ ਕਾਰਕ ਹਨ, ਜਿਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਆਪਣੀ ਮਾਂ ਬੋਲੀ ਤੋਂ ਦੂਰ ਕਰ ਦਿੱਤਾ ਹੈ। ਲੱਗਦਾ ਹੈ ਕਿ ਪੰਜਾਬੀ ਸਿਰਫ਼ ਬਜ਼ੁਰਗਾਂ ਦੀ ਭਾਸ਼ਾ ਜਾਂ ਗ਼ੈਰ-ਰਸਮੀ ਗੱਲਬਾਤ ਤੱਕ ਸੀਮਿਤ ਹੁੰਦੀ ਜਾ ਰਹੀ ਹੈ, ਜਦਕਿ ਨਵੀਂ ਪੀੜ੍ਹੀ ਦੀ ਫਿਕਰੀ ਤੇ ਸਾਹਿਤਕ ਪਰਵਿਰਸ਼ ਹੋਰ ਭਾਸ਼ਾਵਾਂ ਦੇ ਸਹਾਰੇ ਹੋ ਰਹੀ ਹੈ।

ਇੱਥੇ ਇੱਕ ਨਵਾਂ ਸਵਾਲ ਵੀ ਜਨਮ ਲੈਂਦਾ ਹੈ ਕਿ ਜੇ ਭਾਸ਼ਾ ਤੇ ਸਾਹਿਤ ਨਾਲ ਰਿਸ਼ਤਾ ਕਮਜ਼ੋਰ ਹੋ ਜਾਵੇ, ਤਾਂ ਉਹ ਪੀੜ੍ਹੀ ਆਪਣੀ ਸਭਿਆਚਾਰਕ ਪਹਿਚਾਣ, ਇਤਿਹਾਸਕ ਲਗਾਤਾਰਤਾ ਤੇ ਸਮਾਜਕ ਮੁੱਲਾਂ ਨੂੰ ਕਿਵੇਂ ਸੰਭਾਲ ਸਕੇਗੀ? ਕਿਉਂਕਿ ਸਾਹਿਤ ਕਿਸੇ ਕੌਮ ਦੀ ਸਿਰਫ਼ ਮਨੋਰੰਜਨ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਯਾਦਦਾਸ਼ਤ, ਸੋਚ ਤੇ ਪਹਿਚਾਣ ਦਾ ਦਰਪਣ ਹੁੰਦਾ ਹੈ। ਜਦੋਂ ਕੋਈ ਪੀੜ੍ਹੀ ਸਾਹਿਤ ਤੋਂ ਮੂੰਹ ਮੋੜ ਲੈਂਦੀ ਹੈ, ਤਾਂ ਉਹ ਅਸਲ ਵਿਚ ਆਪਣੀਆਂ ਸਭਿਆਚਾਰਕ ਜੜ੍ਹਾਂ ਤੋਂ ਕੱਟ ਜਾਂਦੀ ਹੈ।

ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਸਾਡੀ ਨਵੀਂ ਪੀੜ੍ਹੀ ਪੰਜਾਬੀ ਸਾਹਿਤ, ਮਾਂ ਬੋਲੀ ਤੇ ਆਪਣੀ ਸਭਿਆਚਾਰਕ ਵਿਰਾਸਤ ਤੋਂ ਹੌਲੇ-ਹੌਲੇ ਦੂਰ ਹੁੰਦੀ ਜਾ ਰਹੀ ਹੈ, ਜਿਸਦੇ ਅਸਰ ਸਿਰਫ਼ ਭਾਸ਼ਾ ਤੱਕ ਹੀ ਨਹੀਂ, ਸਗੋਂ ਸਮਾਜ, ਸੋਚ ਤੇ ਰਿਸ਼ਤਿਆਂ ਤੱਕ ਫੈਲ ਚੁੱਕੇ ਹਨ।

**ਸਾਹਿਤ ਤੋਂ ਦੂਰੀ ਦੇ ਕਾਰਨ**

ਨਵੀਂ ਪੀੜ੍ਹੀ ਦਾ ਬਦਲਦਾ ਮਾਹੌਲ

ਨਵੀਂ ਪੀੜ੍ਹੀ ਦੀ ਸਾਹਿਤ ਤੋਂ ਦੂਰੀ ਕੋਈ ਇਤਫ਼ਾਕ ਨਹੀਂ, ਸਗੋਂ ਕਈ ਕਾਰਨਾਂ ਦਾ ਨਤੀਜਾ ਹੈ।

*ਤਾਲੀਮੀ ਪ੍ਰਣਾਲੀ ਦੀ ਕਮਜ਼ੋਰੀ*

ਸਾਡੀ ਤਾਲੀਮੀ ਪ੍ਰਣਾਲੀ ਨਵੀਂ ਪੀੜ੍ਹੀ ਨੂੰ ਨੰਬਰ ਤੇ ਡਿਗਰੀਆਂ ਤਾਂ ਦੇ ਰਹੀ ਹੈ, ਪਰ ਉਨ੍ਹਾਂ ਨੂੰ ਆਪਣੀ ਭਾਸ਼ਾ ਤੇ ਸਾਹਿਤ ਨਾਲ ਜੋੜਣ ਵਿਚ ਨਾਕਾਮ ਰਹੀ ਹੈ। ਪੰਜਾਬੀ ਸਾਹਿਤ ਨੂੰ ਜਾਂ ਤਾਂ ਪਾਠਕ੍ਰਮ 'ਤੋਂ ਕੱਢ ਦਿੱਤਾ ਗਿਆ ਹੈ ਜਾਂ ਸਿਰਫ਼ ਰਸਮੀ ਹੈਸੀਅਤ ਵਿਚ ਰੱਖਿਆ ਗਿਆ ਹੈ।

***ਹਕੂਮਤੀ ਲਾਪਰਵਾਹੀ***

ਸਾਡੀ ਸਰਕਾਰ ਪੰਜਾਬੀ ਦੇ ਪ੍ਰਚਾਰ ਵੱਲ ਧਿਆਨ ਹੀ ਨਹੀਂ ਦਿੰਦੀ। ਹਰ ਸੂਬੇ ਵਿਚ ਮੁੱਢਲੀ ਤਾਲੀਮ ਮਾਤ-ਭਾਸ਼ਾ ਵਿਚ ਦਿੱਤੀ ਜਾ ਰਹੀ ਹੈ—ਜਿਵੇਂ ਸਿੰਧ ਵਿਚ ਸਿੰਧੀ, ਬਲੋਚਿਸਤਾਨ ਵਿਚ ਬਲੋਚੀ, ਖੈਬਰ ਪਖ਼ਤੂਨਖ਼ਵਾ ਵਿਚ ਪਸ਼ਤੋ, ਕਸ਼ਮੀਰ ਵਿਚ ਕਸ਼ਮੀਰੀ—ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਤਾਂ ਦੂਰ ਦੀ ਗੱਲ, ਬੋਲਣ 'ਤੇ ਵੀ ਪਾਬੰਦੀ ਲਾਈ ਗਈ ਹੈ।

**ਮੀਡੀਆ ਤੇ ਡਿਜੀਟਲ ਵਰਤੋਂ**

ਮੋਬਾਇਲ ਅਤੇ ਸੋਸ਼ਲ ਮੀਡੀਆ ਨੇ ਪੜ੍ਹਨ ਦੀ ਆਦਤ ਨੂੰ ਕਮਜ਼ੋਰ ਕਰ ਦਿੱਤਾ ਹੈ। ਛੋਟੀਆਂ ਵੀਡੀਓਜ਼ ਤੇ ਸਤਹੀ ਸਮੱਗਰੀ ਨੇ ਸਾਹਿਤ ਵਰਗੇ ਗੰਭੀਰ ਅਮਲ ਨੂੰ 'ਬੋਰਿੰਗ' ਬਣਾ ਕੇ ਪੇਸ਼ ਕੀਤਾ ਹੈ।

***ਸਰਕਾਰੀ ਸਰਪਰਸਤੀ ਤੋਂ ਵਾਂਝਿਆ ਹੋਇਆ***

ਪੰਜਾਬੀ ਭਾਸ਼ਾ ਨੂੰ ਨਾ ਅੱਜ ਤੇ ਨਾ ਹੀ ਕਦੇ ਸਰਕਾਰੀ ਪੱਧਰ 'ਤੇ ਯੋਗ ਸਰਪਰਸਤੀ ਮਿਲੀ ਹੈ। ਜੇ ਕਦੇ ਪੰਜਾਬੀ ਨੂੰ ਸਰਕਾਰੀ ਸਹਾਰਾ ਮਿਲ ਜਾਂਦਾ, ਤਾਂ ਪੰਜਾਬੀ ਸਿਰਫ਼ ਪੰਜਾਬ ਵਿਚ ਹੀ ਨਹੀਂ, ਸਗੋਂ ਦੁਨੀਆ 'ਤੇ ਰਾਜ ਕਰਦੀ।

***ਅਹਿਸਾਸ-ਏ-ਕਮਤਰੀ***

ਨਵੀਂ ਪੀੜ੍ਹੀ ਵਿਚ ਇਹ ਸੋਚ ਬੈਠ ਗਈ ਹੈ ਕਿ ਪੰਜਾਬੀ ਬੋਲਣਾ ਜਾਂ ਪੜ੍ਹਨਾ ਤਰੱਕੀ ਦੇ ਰਾਹ ਵਿਚ ਰੁਕਾਵਟ ਹੈ, ਹਾਲਾਂਕਿ ਹਕੀਕਤ ਇਸਦੇ ਬਿਲਕੁਲ ਉਲਟ ਹੈ। ਇਹ ਅਹਿਸਾਸ-ਏ-ਕਮਤਰੀ ਗੁਲਾਮਾਨਾ ਸੋਚ ਦੀ ਬਾਕੀਅਤ ਹੈ।

***ਸਾਹਿਤ ਤੋਂ ਦੂਰੀ ਦੇ ਪ੍ਰਭਾਵ***

ਪਹਿਚਾਣ ਦਾ ਸੰਕਟ

ਸਾਹਿਤ ਤੋਂ ਵਿਛੋੜੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਨਵੀਂ ਪੀੜ੍ਹੀ ਆਪਣੀ ਪਹਿਚਾਣ ਗੁਆ ਰਹੀ ਹੈ—

ਰਿਸ਼ਤਿਆਂ ਵਿਚ ਖ਼ਲੂਸ ਘਟ ਰਿਹਾ ਹੈ

ਬਰਦਾਸ਼ਤ ਤੇ ਸੰਵਾਦ ਕਮਜ਼ੋਰ ਹੋ ਰਿਹਾ ਹੈ

ਇਤਿਹਾਸ ਨੂੰ ਸਿਰਫ਼ ਕਿਤਾਬੀ ਅਧਿਆਇ ਸਮਝਿਆ ਜਾ ਰਿਹਾ ਹੈ

ਸਾਹਿਤ ਉਹ ਸਾਧਨ ਹੈ ਜੋ ਇਨਸਾਨ ਨੂੰ ਸੋਚਣਾ, ਮਹਿਸੂਸ ਕਰਨਾ ਤੇ ਸਵਾਲ ਕਰਨਾ ਸਿਖਾਉਂਦਾ ਹੈ, ਅਤੇ ਇਹ ਸਮਰੱਥਾਵਾਂ ਅੱਜ ਦੀ ਪੀੜ੍ਹੀ ਵਿਚ ਕਮਜ਼ੋਰ ਪੈਂਦੀਆਂ ਦਿਸ ਰਹੀਆਂ ਹਨ।

**ਪੰਜਾਬੀ ਸਾਹਿਤ ਦੀ ਮਹੱਤਤਾ: ਸਾਡੀ ਰੂਹ ਦੀ ਆਵਾਜ਼**

ਪੰਜਾਬੀ ਸਾਹਿਤ ਸਿਰਫ਼ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਜਾਂ ਸ਼ਾਹ ਹੁਸੈਨ ਤੱਕ ਸੀਮਿਤ ਨਹੀਂ, ਸਗੋਂ ਇਹ ਪਿੰਡ ਦੀ ਮਾਂ ਦੀ ਲੋਰੀ, ਖੂਹ 'ਤੇ ਬੈਠ ਕੇ ਹੋਣ ਵਾਲੀ ਗੱਲਬਾਤ, ਅਤੇ ਬਜ਼ੁਰਗਾਂ ਦੀ ਦਾਨਾਈ




ਦਾ ਲਗਾਤਾਰ ਪ੍ਰਵਾਹ ਹੈ। ਇਹ ਸਾਹਿਤ ਨਵੀਂ ਪੀੜ੍ਹੀ ਨੂੰ ਆਪਣੀ ਮਿੱਟੀ ਨਾਲ ਜੋੜਦਾ ਹੈ ਇਨਸਾਨ-ਦੋਸਤੀ ਸਿਖਾਉਂਦਾ ਹੈ ਮੁਕਾਬਲੇ ਤੇ ਵਕਾਰ ਦੀ ਰਿਵਾਇਤ ਨਾਲ ਜਾਣੂ ਕਰਾਉਂਦਾ ਹੈ

**ਸਮਾਜਕ ਵਿਚਾਰਧਾਰਾ**

ਨਵੀਂ ਪੀੜ੍ਹੀ ਨੂੰ ਪੰਜਾਬੀ ਵਿਰਾਸਤ ਦਾ ਵਾਰਸ ਕਿਵੇਂ ਬਣਾਇਆ ਜਾਵੇ?

***ਤਾਲੀਮੀ ਸੁਧਾਰ***

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਸਿਰਫ਼ ਚੋਣਵਾਂ ਨਹੀਂ, ਸਗੋਂ ਅਰਥਪੂਰਨ ਢੰਗ ਨਾਲ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਸਾਹਿਤ ਨੂੰ ਰਟੇ ਨਾਲ ਨਹੀਂ, ਸਮਝ ਨਾਲ ਪੜ੍ਹਾਇਆ ਜਾਵੇ।

**ਆਧੁਨਿਕ ਅਭਿਵਿਅਕਤੀ ਦੇ ਸਾਧਨ**

ਪੰਜਾਬੀ ਸਾਹਿਤ ਨੂੰ ਆਧੁਨਿਕ ਮੀਡੀਆ, ਪੋਡਕਾਸਟ, ਡਾਕੂਮੈਂਟਰੀਆਂ ਤੇ ਡਿਜੀਟਲ ਪਲੇਟਫਾਰਮਾਂ 'ਤੇ ਪੇਸ਼ ਕੀਤਾ ਜਾਵੇ, ਤਾਂ ਜੋ ਨਵੀਂ ਪੀੜ੍ਹੀ ਆਪਣੇ ਅੰਦਾਜ਼ ਵਿਚ ਆਪਣੀ ਭਾਸ਼ਾ ਨਾਲ ਜੁੜ ਸਕੇ।

***ਘਰ ਦੀ ਭੂਮਿਕਾ***

ਮਾਂ-ਪਿਉ ਤੇ ਬਜ਼ੁਰਗ ਜੇ ਪੰਜਾਬੀ ਬੋਲਣ, ਕਹਾਣੀਆਂ ਸੁਣਾਉਣ ਤੇ ਸਾਹਿਤ ਨਾਲ ਰਿਸ਼ਤਾ ਰੱਖਣ, ਤਾਂ ਬੱਚੇ ਕੁਦਰਤੀ ਤੌਰ 'ਤੇ ਇਸ ਵਿਰਾਸਤ ਨੂੰ ਕਬੂਲ ਕਰ ਲੈਂਦੇ ਹਨ।

**ਗੌਰਵ ਦੇ ਅਹਿਸਾਸ ਦੀ ਤਾਮੀਰ**

ਨਵੀਂ ਪੀੜ੍ਹੀ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਪੰਜਾਬੀ ਹੋਣਾ ਕਮਜ਼ੋਰੀ ਨਹੀਂ, ਸਗੋਂ ਤਾਕਤ ਹੈ। ਦੁਨੀਆ ਦੀਆਂ ਤਰੱਕੀਯਾਫ਼ਤਾ ਕੌਮਾਂ ਆਪਣੀ ਭਾਸ਼ਾ ਤੇ ਸਾਹਿਤ ਨਾਲ ਜੁੜੀਆਂ ਹੋਈਆਂ ਹਨ।

***ਨਤੀਜਾ***

ਵਿਰਾਸਤ ਯਾਦ ਨਹੀਂ, ਜ਼ਿੰਮੇਵਾਰੀ ਹੈ

ਪੰਜਾਬੀ ਸਾਹਿਤ ਕੋਈ ਪੁਰਾਣੀ ਨਿਸ਼ਾਨੀ ਨਹੀਂ ਜਿਸਨੂੰ ਅਜਾਇਬਘਰ ਵਿਚ ਰੱਖ ਦਿੱਤਾ ਜਾਵੇ, ਸਗੋਂ ਇਹ ਇੱਕ ਜੀਉਂਦੀ ਵਿਰਾਸਤ ਹੈ ਜਿਸਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਜੇ ਅਸੀਂ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਣ ਵਿਚ ਨਾਕਾਮ ਰਹੇ, ਤਾਂ ਇਹ ਸਿਰਫ਼ ਭਾਸ਼ਾ ਦਾ ਨਹੀਂ, ਪੂਰੇ ਸਭਿਆਚਾਰ ਦਾ ਨੁਕਸਾਨ ਹੋਵੇਗਾ। ਵਕ਼ਤ ਆ ਗਿਆ ਹੈ ਕਿ ਅਸੀਂ ਸ਼ਬਦਾਂ ਨਾਲ, ਕਿਤਾਬਾਂ ਨਾਲ ਤੇ ਆਪਣੀ ਮਾਂ ਬੋਲੀ ਨਾਲ ਮੁੜ ਰਿਸ਼ਤਾ ਜੋੜੀਏ, ਕਿਉਂਕਿ ਜੋ ਪੀੜ੍ਹੀ ਆਪਣੀ ਕਹਾਣੀ ਭੁੱਲ ਜਾਂਦੀ ਹੈ, ਉਹ ਇਤਿਹਾਸ ਵਿਚ ਖ਼ੁਦ ਇੱਕ ਗੁੰਮ ਹੋਇਆ ਅਧਿਆਇ ਬਣ ਜਾਂਦੀ ਹੈ। ਪੰਜਾਬੀ ਨਾਲੋਂ ਨਵੀਂ ਪੀੜ੍ਹੀ ਦਾ ਟੁੱਟਦਾ ਰਿਸ਼ਤਾ ਸਿਰਫ਼ ਭਾਸ਼ਾ ਦਾ ਮਸਲਾ ਨਹੀਂ, ਸਗੋਂ ਉਹ ਸਮਾਜਕ ਖ਼ਾਮੋਸ਼ੀ ਹੈ, ਜੋ ਹੌਲੇ-ਹੌਲੇ ਸਾਡੀ ਸਭਿਆਚਾਰਕ ਪਹਿਚਾਣ ਨੂੰ ਨਿਗਲ ਰਹੀ ਹੈ। ਜਦੋਂ ਭਾਸ਼ਾ ਤੋਂ ਵਿਛੋੜਾ ਪੈਂਦਾ ਹੈ, ਤਾਂ ਯਾਦਦਾਸ਼ਤ ਕਮਜ਼ੋਰ ਹੋ ਜਾਂਦੀ ਹੈ, ਅਤੇ ਜਦੋਂ ਯਾਦਦਾਸ਼ਤ ਮਿਟ ਜਾਵੇ, ਤਾਂ ਕੌਮ ਸਿਰਫ਼ ਭੀੜ ਬਣ ਕੇ ਰਹਿ ਜਾਂਦੀ ਹੈ। ਪੰਜਾਬੀ ਸਾਹਿਤ ਸਾਡੀ ਸਾਂਝੀ ਰੂਹ ਦਾ ਉਹ ਆਇਨਾ ਹੈ ਜਿਸ ਵਿਚ ਅਸੀਂ ਆਪਣੇ ਦੁੱਖ, ਸੁਪਨੇ, ਮੁਕਾਬਲਾ ਤੇ ਇਨਸਾਨ-ਦੋਸਤੀ ਨੂੰ ਪਹਿਚਾਣਦੇ ਹਾਂ, ਪਰ ਅਫ਼ਸੋਸ ਕਿ ਇਹ ਆਇਨਾ ਨਵੀਂ ਪੀੜ੍ਹੀ ਦੇ ਸਾਹਮਣੇ ਧੁੰਦਲਾ ਪੈਂਦਾ ਜਾ ਰਿਹਾ ਹੈ।

***ਮੁਕਦੀ ਗੱਲ***

ਸਮਾਜਕ ਤੌਰ 'ਤੇ ਇਹ ਦੂਰੀ ਰਿਸ਼ਤਿਆਂ ਵਿਚ ਅਜਨਬੀਅਤ, ਗੱਲਬਾਤ ਵਿਚ ਖੁਰਦਰਾਪਨ ਤੇ ਬਰਦਾਸ਼ਤ ਵਿਚ ਘਾਟ ਪੈਦਾ ਕਰ ਰਹੀ ਹੈ। ਭਾਸ਼ਾ ਜਿੱਥੇ ਅਹਿਸਾਸਾਂ ਨੂੰ ਨਰਮੀ ਦਿੰਦੀ ਹੈ, ਓਥੇ ਹੀ ਸਮਾਜ ਨੂੰ ਜੋੜਨ ਦਾ ਹੁਨਰ ਵੀ ਸਿਖਾਉਂਦੀ ਹੈ। ਪੰਜਾਬੀ 'ਤੋਂ ਦੂਰ ਹੁੰਦੀ ਨਵੀਂ ਪੀੜ੍ਹੀ ਹੌਲੇ-ਹੌਲੇ ਉਸ ਫਿਕਰੀ ਸਰਮਾਏ ਤੋਂ ਵੀ ਵਾਂਝੀ ਹੋ ਰਹੀ ਹੈ ਜੋ ਉਸਨੂੰ ਆਪਣੀ ਧਰਤੀ ਨਾਲ ਮਜ਼ਬੂਤੀ ਨਾਲ ਜੋੜ ਸਕਦਾ ਸੀ। ਇਸ ਲਈ ਪੰਜਾਬੀ ਸਾਹਿਤ ਦੀ ਬਹਾਲੀ ਸਿਰਫ਼ ਸਭਿਆਚਾਰਕ ਸ਼ੌਕ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਹੈ। ਇਹ ਵਿਰਾਸਤ ਸਿਰਫ਼ ਯਾਦ ਕਰਨ ਲਈ ਨਹੀਂ, ਸਗੋਂ ਸੰਭਾਲਣ ਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਹੈ। ਜਦੋਂ ਨਵੀਂ ਪੀੜ੍ਹੀ ਸ਼ਬਦਾਂ ਨਾਲ ਮੁੜ ਰਿਸ਼ਤਾ ਜੋੜੇਗੀ, ਤਾਂ ਉਹ ਸਿਰਫ਼ ਭਾਸ਼ਾ ਨਹੀਂ ਸਿੱਖੇਗੀ, ਸਗੋਂ ਆਪਣੀ ਪਹਿਚਾਣ, ਬਰਦਾਸ਼ਤ ਤੇ ਇਨਸਾਨ-ਦੋਸਤੀ ਵੀ ਮੁੜ ਹਾਸਲ ਕਰੇਗੀ। ਅਸਲ ਜਿੱਤ ਉਸ ਦਿਨ ਹੋਵੇਗੀ ਜਦੋਂ ਪੰਜਾਬੀ ਬੋਲਣਾ ਮਾਜ਼ੀ ਦੀ ਨਿਸ਼ਾਨੀ ਨਹੀਂ, ਸਗੋਂ ਭਵਿੱਖ ਦੀ ਜ਼ਮਾਨਤ ਸਮਝਿਆ ਜਾਵੇਗਾ।

# ਸੁਪਰੀਮ ਕੋਰਟ ਵਲੋਂ ਅਲਾਹਾਬਾਦ ਹਾਈ ਕੋਰਟ ਦਾ ਅਸੰਵੇਦਨਸ਼ੀਲ ਫੈਸਲਾ ਰੱਦ

ਸੁਪਰੀਮ ਕੋਰਟ ਦੇ 3-ਮੈਂਬਰੀ ਬੈਂਚ ਨੇ ਅਲਾਹਾਬਾਦ ਹਾਈ ਕੋਰਟ ਦੇ ਇਕ ਬੜੇ ਹੀ ਅਸੰਵੇਦਨਸ਼ੀਲ, ਅਮਾਨਵੀ ਤੇ ਵਿਵਾਦਪੂਰਨ ਫੈਸਲੇ ਨੂੰ ਰੱਦ ਕਰ ਦਿਤਾ ਹੈ ਅਤੇ ਦਿਸ਼ਾ ਨਿਰਦੇਸ਼ ਜਾਰੀ ਕੀਤਾ ਹੈ ਕਿ ਔਰਤ ਦੀ 'ਮੈਲੀ ਟੋਹ/ਛੋਹ, ਉਸ ਦੀ ਸਲਵਾਰ/ਪਜਾਮੇ ਦੇ ਨਾਲੇ ਨੂੰ ਖਿਚਣਾ ਅਤੇ ਉਸ ਨੂੰ ਘਸੀਟਣਾ ਉਸ ਨਾਲ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਹੁੰਦੀ ਹੈ, ਨਾ ਕਿ ਅਜਿਹੇ ਮੁਜਰਮਾਨਾਂ ਮੰਦ-ਕਰਮ ਦੀ ਤਿਆਰੀ'। ਅਲਾਹਾਬਾਦ ਹਾਈ ਕੋਰਟ ਨੇ ਅਜਿਹੀਆਂ ਹਰਕਤਾਂ ਨੂੰ ਜਬਰ-ਜਨਾਹ ਤੋਂ ਪਹਿਲਾਂ ਦੀ ਤਿਆਰੀ ਦਸਿਆ ਸੀ।



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਪਰ ਬੈਂਚ ਨੇ ਉਸ ਕੋਰਟ ਦੇ ਫੈਸਲੇ ਨੂੰ ਇਤਰਾਜ਼ਯੋਗ, ਹੈਰਾਨ ਕਰਨ ਵਾਲਾ ਅਤੇ ਅਸੰਵੇਦਨਸ਼ੀਲ ਦਸ ਕੇ ਬੜਾ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ।

ਦੇਸ਼ ਦੀ ਸਿਖਰਲੀ ਅਦਾਲਤ ਦੇ ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਇਸ ਬੈਂਚ, ਜਿਸ ਵਿਚ ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਐਨ.ਵੀ.ਅੰਜਾਰੀਆ ਸ਼ਾਮਿਲ ਹਨ, ਨੇ ਅਲਾਹਾਬਾਦ ਹਾਈ ਕੋਰਟ ਦੇ ਪਿਛਲੇ ਸਾਲ ਦੇ ਮਾਰਚ ਮਹੀਨੇ ਦੇ ਉਸ ਅਟਪਟੇ ਫੈਸਲੇ ਨੂੰ ਪਲਟਾ ਕੇ ਨਾ ਸਿਰਫ ਨਿਆਂਇਕ ਗਲਤੀ ਨੂੰ ਦਰੁਸਤ ਕੀਤਾ ਹੈ ਸਗੋਂ ਜਬਰ-ਜਨਾਹ ਦੀ ਕੋਸ਼ਿਸ਼ ਦੇ ਪੱਖ ਨੂੰ ਹੋਰ ਸਪੱਸ਼ਟ ਕੀਤਾ ਹੈ। ਨਾਲ ਹੀ ਨਿਆਂਇਕ ਸੰਵੇਦਨਸ਼ੀਲਤਾ ਅਤੇ ਮਾਮਲੇ ਸਬੰਧੀ ਸਪੱਸ਼ਟਤਾ ਨੂੰ ਬਿਆਨ ਕੀਤਾ ਹੈ। ਇਸ ਨੇ ਔਰਤ ਦੇ ਜਿਸਮ ਦੀ ਅਜ਼ਮਤ ਅਤੇ ਆਨ-ਬਾਨ ਦੀ ਅਵੱਗਿਆ ਕਰਨ ਵਾਲਿਆਂ ਨੂੰ ਸਾਫ-ਸਪੱਸ਼ਟ ਸੰਦੇਸ਼ ਵੀ ਦਿਤਾ ਹੈ।

10 ਫਰਵਰੀ ਦੇ ਆਪਣੇ ਫੈਸਲੇ ਵਿਚ ਬੈਂਚ ਨੇ ਕਿਹਾ ਕਿ 'ਅਪਰਾਧਿਕ ਨਿਆਂ-ਸ਼ਾਸਤਰ ਦੇ ਸਥਾਪਤ ਸਿਧਾਂਤਾਂ ਦੀ ਸਪੱਸ਼ਟ ਤੌਰ 'ਤੇ ਗਲਤ ਵਰਤੋਂ ਕਾਰਨ ਵਿਵਾਦਤ ਹੁਕਮ ਨੂੰ ਰੱਦ ਕੀਤਾ ਜਾ ਸਕਦਾ ਹੈ'। ਸਿਖਰਲੀ ਅਦਾਲਤ ਨੇ ਉਪਰੋਕਤ ਫੈਸਲੇ ਦਾ ਆਪੂੰ ਨੋਟਿਸ ਲਿਆ ਸੀ। ਅਲਾਹਾਬਾਦ ਹਾਈ ਕੋਰਟ ਨੇ ਆਪਣੇ ਹੁਕਮ ਵਿਚ ਕਿਹਾ ਸੀ ਕਿ ਸਿਰਫ ਔਰਤ ਦੀ ਛਾਤੀ ਨੂੰ ਹੱਥ ਲਾਉਣ ਤੇ ਉਸ ਦੇ ਸਲਵਾਰ/ਪਜਾਮੇ ਦਾ ਨਾਲਾ ਖਿਚਣ ਦਾ ਮਤਲਬ ਜਬਰ-ਜਨਾਹ ਕਰਨਾ ਨਹੀਂ ਹੈ। ਅਜਿਹਾ ਕਰਕੇ ਹਾਈ ਕੋਰਟ ਨੇ ਜੁਰਮ ਕਰਨ ਦੀ ਇਕ ਨਵੀਂ ਕਿਸਮ ਦੀ ਕੈਟੇਗਰੀ ਦੀ ਲਗਭਗ ਘਾੜਤ ਘੜ ਹੀ ਦਿੱਤੀ ਸੀ, ਜਾਣੀ ਜਬਰ-ਜਨਾਹ ਕਰਨ ਦੀ ਤਿਆਰੀ। ਅਜਿਹਾ ਇਸ ਲਈ ਕੀਤਾ ਗਿਆ ਸੀ ਤਾਂ ਕਿ 'ਜੁਰਮ ਦੀ ਕੋਸ਼ਿਸ਼' ਕਰਨ ਸਬੰਧੀ ਲੱਗਣ ਵਾਲੀਆਂ ਸਖ਼ਤ ਦੰਡੀ ਧਾਰਾਵਾਂ ਨੂੰ ਨਰਮ ਕੀਤਾ ਜਾ ਸਕੇ। ਉਂਝ, ਕਿਸੇ ਵੀ ਸੰਗੀਨ ਜੁਰਮ ਨੂੰ ਕਰਨ ਦੀ ਤਿਆਰੀ ਉਸ ਜੁਰਮ ਨੂੰ ਕਰਨ ਦੇ ਬਰਾਬਰ ਹੀ ਸਮਝੀ ਜਾਣੀ ਚਾਹੀਦੀ ਹੈ, ਖਾਸ ਤੌਰ 'ਤੇ ਔਰਤਾਂ ਵਿਰੁਧ ਹੋਣ ਵਾਲੇ ਜੁਰਮਾਂ 'ਚ।

ਸੁਪਰੀਮ ਕੋਰਟ ਦੇ ਬੈਂਚ ਨੇ ਅਲਾਹਾਬਾਦ ਉਚ ਅਦਾਲਤ ਦੇ ਫੈਸਲੇ ਨੂੰ ਰੱਦ ਕਰਦਿਆਂ 'ਪੋਕਸੋ ਐਕਟ' ਤਹਿਤ ਦੋ ਮੁਲਜ਼ਮਾਂ ਖਿਲਾਫ ਜਬਰ-ਜਨਾਹ ਦੀ ਕੋਸ਼ਿਸ਼ ਦੇ ਮੂਲ ਦੋਸ਼ਾਂ ਨੂੰ ਬਰਕਰਾਰ ਰਖਿਆ। ਬੈਂਚ ਨੇ ਕਿਹਾ, 'ਜੋ ਗੱਲਾਂ ਕਹੀਆਂ ਗਈਆਂ ਹਨ ਉਨ੍ਹਾਂ ਨੂੰ ਦੇਖਦਿਆਂ ਅਸੀਂ ਹਾਈ ਕੋਰਟ ਦੇ ਇਸ ਸਿਟੇ ਨਾਲ ਸਹਿਮਤ ਨਹੀਂ ਹੋ ਸਕਦੇ ਕਿ ਮੁਲਜ਼ਮਾਂ 'ਤੇ ਲੱਗੇ ਦੋਸ਼ ਸਿਰਫ ਜਬਰ-ਜਨਾਹ ਦੀ ਤਿਆਰੀ ਦੇ ਸਨ, ਕੋਸ਼ਿਸ਼ ਦੇ ਨਹੀਂ। ਮੁਲਜ਼ਮਾਂ ਵਲੋਂ ਕੀਤੀ ਕੋਸ਼ਿਸ਼ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੀ ਹੈ ਅਤੇ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਪਹਿਲੀ ਨਜ਼ਰੇ ਸ਼ਿਕਾਇਤਕਰਤਾ ਅਤੇ ਇਸਤਗਾਸਾ ਪੱਖ ਨੇ ਬਲਾਤਕਾਰ ਦੀ ਕੋਸ਼ਿਸ਼ ਦੇ ਉਪਬੰਧਾਂ ਨੂੰ ਲਾਗੂ ਕਰਨ ਲਈ ਕੇਸ ਬਣਾਇਆ ਹੈ। ਲਿਹਾਜ਼ਾ ਅਪਰਾਧਿਕ ਨਿਆਂ-ਸ਼ਾਸਤਰ ਦੇ ਸਥਾਪਤ ਸਿਧਾਂਤਾਂ ਦੀ ਸਪੱਸ਼ਟ ਤੌਰ 'ਤੇ ਗਲਤ ਵਰਤੋਂ ਕੀਤੇ ਜਾਣ ਕਰਕੇ, ਵਿਵਾਦਿਤ ਫੈਸਲੇ ਨੂੰ ਰੱਦ ਕੀਤਾ ਜਾ ਸਕਦਾ ਹੈ'।

ਬੈਂਚ ਨੇ ਹੋਰ ਕਿਹਾ ਕਿ 'ਇਨ੍ਹਾਂ ਦੋਸ਼ਾਂ ਨੂੰ ਗਹੁ ਨਾਲ ਵਾਚਣ ਉਪਰੰਤ ਇਸ ਗੱਲ ਦਾ ਜ਼ਰਾ ਵੀ ਸ਼ੱਕ-ਸ਼ੁਬ੍ਹਾ ਨਹੀਂ ਰਹਿ ਜਾਂਦਾ ਕਿ ਮੁਲਜ਼ਮ ਭਾਰਤੀ ਦੰਡ ਕੋਡ ਦੀ ਧਾਰਾ 376(ਬਲਾਤਕਾਰ) ਤਹਿਤ ਅਪਰਾਧ ਨੂੰ ਅੰਜਾਮ ਦੇਣ ਲਈ ਪਹਿਲਾਂ ਤੋਂ ਤੈਅ ਇਰਾਦੇ ਨਾਲ ਅੱਗੇ ਵਧ ਰਹੇ ਸਨ'।

ਬੈਂਚ ਨੇ 17 ਮਾਰਚ, 2025 ਦਾ ਵਿਵਾਦਿਤ ਫੈਸਲਾ ਰੱਦ ਕਰਦਿਆਂ ਵਿਸ਼ੇਸ਼ ਜੱਜ (ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ-ਪੋਕਸੋ) ਕਾਸਗੰਜ ਦਾ 23 ਜੂਨ 2023 ਦਾ ਮੂਲ ਸੰਮਨ ਆਦੇਸ਼ ਬਹਾਲ ਕੀਤਾ। ਨਾਲ ਹੀ ਸਪੱਸ਼ਟ ਕੀਤਾ ਕਿ 'ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਇਸ ਫੈਸਲੇ ਨੂੰ ਮੁਲਜ਼ਮਾਂ ਦੇ ਗੁਨਾਹ ਤੇ ਕੋਈ ਰਾਇ ਨਹੀਂ ਮੰਨਿਆਂ ਜਾਵੇਗਾ, ਜੋ ਚੱਲ ਰਹੇ ਮੁਕੱਦਮੇ ਦਾ ਵਿਸ਼ਾ ਹੈ'।

ਸੁਪਰੀਮ ਕੋਰਟ ਦੇ ਇਸ ਬੈਂਚ ਨੇ ਮਾਮਲੇ ਦੀ ਨਜ਼ਾਕਤ ਤੇ ਸੰਵੇਦਨਸ਼ੀਲਤਾ ਨੂੰ ਐਨੀ ਸੰਜੀਦਗੀ ਨਾਲ ਲਿਆ ਕਿ ਆਪਣੇ ਬੜੇ ਹੀ ਤਿੱਖੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਨਿਆਂਇਕ ਅਮਲ/ਪਹੁੰਚ 'ਚ ਸੰਵੇਦਨਸ਼ੀਲਤਾ ਲਿਆਉਣ ਦੀ ਲੋੜ ਹੈ। ਅਜਿਹੇ ਮਾਮਲਿਆਂ 'ਚ ਮਾਨਕ ਦੇਸ਼ ਦੇ ਸਮਾਜਿਕ ਸਭਿਆਚਾਰ ਨਾਲ ਜੁੜੇ ਹੋਣੇ ਚਾਹੀਦੇ ਹਨ। ਇਸ ਸਬੰਧੀ ਸੁਪਰੀਮ ਕੋਰਟ ਨੇ ਰਾਸ਼ਟਰੀ ਨਿਆਂਇਕ ਅਕੈਡਮੀ ਨੂੰ ਮਾਹਿਰਾਂ ਦੀ ਕਮੇਟੀ ਬਣਾਉਣ ਲਈ ਕਿਹਾ, ਜੋ ਜਿਨਸੀ ਅਪਰਾਧਾਂ ਨਾਲ ਨਜਿੱਠਣ ਮੌਕੇ ਜੱਜਾਂ ਦੇ ਰਵੱਈਏ ਬਾਰੇ ਦਿਸ਼ਾ-ਨਿਰਦੇਸ਼ ਦਾ ਖਰੜਾ ਤਿਆਰ ਕਰੇਗੀ। ਅਦਾਲਤ ਨੇ ਭੋਪਾਲ ਸਥਿਤ ਇਸ ਅਕੈਡਮੀ ਦੇ ਡਾਇਰੈਕਟਰ ਜਸਟਿਸ (ਸੇਵਾ-ਮੁਕਤ) ਅਨਿਰੁਧ ਬੋਸ ਰਾਹੀਂ 'ਜਿਨਸੀ ਅਪਰਾਧਾਂ' ਅਤੇ ਹੋਰ ਸੰਵੇਦਨਸ਼ੀਲ ਮਾਮਲਿਆਂ ਦੇ ਪ੍ਰਸੰਗ ਵਿਚ ਜੱਜਾਂ ਤੇ ਨਿਆਂਇਕ ਅਮਲ 'ਚ ਸੰਵੇਦਨਸ਼ੀਲਤਾ ਤੇ ਹਮਦਰਦੀ ਪੈਦਾ ਕਰਨ ਲਈ ਦਿਸ਼ਾ ਨਿਰਦੇਸ਼ ਵਿਕਸਤ ਕਰਨ ਹਿਤ ਤਿੰਨਾਂ ਮਹੀਨਿਆਂ 'ਚ ਇਕ ਵਿਆਪਕ ਰਿਪੋਰਟ ਤਿਆਰ ਕਰਨ ਲਈ ਕਿਹਾ।

ਅਲਾਹਾਬਾਦ ਹਾਈ ਕੋਰਟ ਦੇ ਵਿਵਾਦਤ ਫੈਸਲੇ ਦਾ ਬਹੁਤ ਵਿਰੋਧ ਹੋਇਆ ਸੀ। ਐਨ.ਜੀ.ਓ. 'ਵੀ ਦਾ ਵਿਮੈਨ' ਦੀ ਆਗੂ ਅਤੇ ਐਡਵੋਕੇਟ ਸ਼ੋਭਾ ਗੁਪਤਾ ਦੀ ਚੀਫ ਜਸਟਿਸ ਨੂੰ ਲਿਖੀ ਇੱਕ ਚਿੱਠੀ ਉਪਰੰਤ ਸੁਪਰੀਮ ਕੋਰਟ ਨੇ ਖੁਦ ਇਸ ਮਾਮਲੇ ਦਾ ਨੋਟਿਸ ਲਿਆ ਸੀ। ਚੀਫ ਜਸਟਿਸ ਸੂਰਿਆ ਕਾਂਤ ਨੇ ਫੈਸਲਾ ਲਿਖਦਿਆਂ ਕਿਹਾ ਕਿ ਜੱਜਾਂ ਨੂੰ ਸਿਰਫ ਸੰਵਿਧਾਨਿਕ ਅਤੇ ਕਾਨੂੰਨੀ ਸਿਧਾਂਤਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਨੀ ਚਾਹੀਦੀ ਸਗੋਂ ਰਹਿਮ ਅਤੇ ਹਮਦਰਦੀ ਦਾ ਮਾਹੌਲ ਵੀ ਬਣਾਉਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਕਿਸੇ ਵੀ ਜੱਜਮੈਂਟ ਵਿਚ 'ਹਮਦਰਦੀ, ਮਾਨਵਤਾ ਅਤੇ ਸੂਝ-ਸਮਝ' ਦਾ ਪ੍ਰਗਟਾਵਾ ਸੁਭਾਵਕ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਪੱਖ ਨਿਆਂਇਕ ਲੋਕਾਚਾਰ ਦਾ ਮੂਲ ਅਧਾਰ ਹੁੰਦਾ ਹੈ। ਉਨ੍ਹਾਂ ਕਿਹਾ, 'ਕਿਸੇ ਜੱਜ ਜਾਂ ਕਿਸੇ ਅਦਾਲਤ ਦੇ ਫੈਸਲੇ (ਜੱਜਮੈਂਟ) ਤੋਂ ਉਨਾ ਚਿਰ ਪੂਰਨ ਨਿਆਂ ਕੀਤੇ ਜਾਣ ਦੀ ਆਸ ਨਹੀਂ ਕੀਤੀ ਜਾ ਸਕਦੀ ਜਿੰਨਾ ਚਿਰ ਉਹ ਮੁਕੱਦਮੇਬਾਜ਼ ਨੂੰ ਕਾਨੂੰਨ ਕੋਲ ਪੁੱਜਣ ਵੇਲੇ ਦਰਪੇਸ਼ ਤੱਥ-ਅਧਾਰਤ ਵਾਸਤਵਿਕਤਾਵਾਂ ਅਤੇ ਦੁਸ਼ਵਾਰੀਆਂ ਪ੍ਰਤੀ ਵਿਚਾਰਸ਼ੀਲ ਨਹੀਂ ਰਹਿੰਦੇ। ਕਾਨੂੰਨੀ ਪ੍ਰਕਿਰਿਆ, ਜਿਸ 'ਚ ਉਹ ਕਾਰਜ-ਪ੍ਰਣਾਲੀ ਜਿਸ ਨਾਲ ਆਮ ਸ਼ਹਿਰੀ ਨੇ ਦੋ-ਚਾਰ ਹੋਣਾ ਹੁੰਦੈ, ਤੋਂ ਲੈ ਕੇ ਆਖਰੀ ਫੈਸਲਾ ਕੀਤਾ ਜਾਣਾ ਸ਼ਾਮਿਲ ਹੈ, ਦੇ ਭਾਗੀਦਾਰ ਵਜੋਂ ਸਾਡੇ ਫੈਸਲਿਆਂ ਨੂੰ ਹਮਦਰਦੀ, ਮਾਨਵਤਾ ਅਤੇ ਸਮਝ-ਸੂਝ ਦੇ ਲੋਕਾਚਾਰ ਨੂੰ ਪ੍ਰਤੀਬਿੰਬਿਤ ਕਰਨਾ ਚਾਹੀਦਾ ਹੈ, ਕਿਉਂਕਿ ਇਹ ਨਿਰਪੱਖ/ਨਿਆਂਪੂਰਨ ਅਤੇ ਪ੍ਰਭਾਵਸ਼ਾਲੀ ਨਿਆਂ-ਪ੍ਰਬੰਧ ਲਈ ਲਾਜ਼ਮੀ ਹਨ'।

ਬੈਂਚ ਨੇ ਮੈਲੀ-ਟੋਹ/ਛੋਹ (ਗਰੋਪਿੰਗ) ਅਤੇ ਹੋਰ ਅਸ਼ਲੀਲ ਹਰਕਤਾਂ ਨੂੰ 'ਪਹਿਲਾਂ ਤੋਂ ਤੈਅ ਮਨਸ਼ਾ' ਦੇ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਦਸਦਿਆਂ ਇਸ ਸਬੰਧੀ ਟ੍ਰਾਇਲ ਕੋਰਟ ਵਲੋਂ ਲਾਏ ਗਏ ਗੰਭੀਰ ਇਲਜ਼ਾਮ ਨੂੰ ਬਹਾਲ ਕੀਤਾ ਅਤੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਪਲਟਾ ਮਾਰਿਆ। ਇਹ ਫੈਸਲਾ ਅਲਾਹਾਬਾਦ ਅਦਾਲਤ ਦੇ ਜਸਟਿਸ ਰਾਮ ਮਨੋਹਰ ਨਰਾਇਣ ਮਿਸ਼ਰਾ ਨੇ ਮੁਲਜ਼ਮਾਂ ਦੀ ਪੁਨਰ ਵਿਚਾਰ ਪਟੀਸ਼ਨ 'ਤੇ 17 ਮਾਰਚ, 2025 ਨੂੰ ਜਾਰੀ ਕੀਤਾ ਸੀ, ਜਿਨ੍ਹਾਂ ਨੇ ਕਾਸਗੰਜ (ਉਤਰ ਪ੍ਰਦੇਸ਼) ਦੇ ਵਿਸ਼ੇਸ਼ ਜੱਜ ਦੇ ਹੁਕਮ ਨੂੰ ਹਾਈ ਕੋਰਟ 'ਚ ਚੁਣੌਤੀ ਦਿਤੀ ਸੀ।


ਇਸ ਕੇਸ ਵਿਚ ਸ਼ਿਕਾਇਤਕਰਤਾ (ਮਾਂ) ਨੇ ਇਲਜ਼ਾਮ ਲਾਇਆ ਸੀ ਕਿ 10 ਨਵੰਬਰ, 2021 ਨੂੰ ਉਹ ਆਪਣੀ ਨਾਬਾਲਗ ਬੇਟੀ ਨਾਲ ਆਪਣੀ ਨਨਾਣ ਦੇ ਘਰੋਂ ਪਰਤ ਰਹੀ ਸੀ। ਰਾਹ 'ਚ ਮੁਲਜ਼ਮ ਪਵਨ, ਆਕਾਸ਼ ਤੇ ਅਸ਼ੋਕ, ਜੋ ਉਸ ਦੇ ਪਿੰਡ ਦੇ ਸਨ, ਮਿਲ ਪਏ। ਉਨ੍ਹਾਂ ਨੇ ਉਸ ਦੀ ਧੀ ਨੂੰ ਮੋਟਰਸਾਈਕਲ ਉਪਰ ਲਿਫਟ ਦੇਣ ਦੀ ਪੇਸ਼ਕਸ਼ ਕੀਤੀ। ਪਰ ਪਿੰਡ ਦੇ ਰਾਹ 'ਚ ਉਨ੍ਹਾਂ ਨੇ ਮੋਟਰਸਾਈਕਲ ਰੋਕੀ ਤੇ ਉਸ ਦੀ ਧੀ ਨਾਲ ਛੇੜਛਾੜ ਕਰਨ ਲਗ ਪਏ, ਉਸ ਦੀ ਛਾਤੀ ਨੂੰ ਛੂਹਣ ਤੇ ਸਲਵਾਰ ਦਾ ਨਾਲਾ ਖਿਚਣ ਲਗ ਪਏ ਅਤੇ ਘੜੀਸ ਕੇ ਇਕ ਪੁਲੀ ਹੇਠ ਲਿਜਾਣ ਦੀ ਕੋਸ਼ਿਸ਼ ਕਰਨ ਲਗੇ। ਉਸ ਦੀ ਧੀ ਦੀਆਂ ਚੀਕਾਂ ਸੁਣ ਕੇ ਰਾਹਗੀਰ ਉਸ ਦੇ ਬਚਾਅ ਲਈ ਆਏ ਤਾਂ ਮੁਲਜ਼ਮ ਦੌੜ ਗਏ।

ਅਲਾਹਾਬਾਦ ਅਦਾਲਤ ਨੇ ਇਨ੍ਹਾਂ ਅਸ਼ਲੀਲ ਹਰਕਤਾਂ ਨੂੰ ਸਿਰਫ 'ਕਿਸੇ ਔਰਤ ਦੇ ਕੱਪੜੇ ਉਤਾਰਨ ਤੇ ਉਸ ਨੂੰ ਨਗਨ ਹੋਣ ਲਈ ਮਜਬੂਰ ਕਰਨ ਦੇ ਇਰਾਦੇ ਨਾਲ ਹਮਲਾ ਜਾਂ ਅਪਰਾਧਕ ਬਲ ਦਾ ਇਸਤੇਮਾਲ ਕਰਨ ਦੇ ਘੇਰੇ 'ਚ ਆਉਂਦਾ' ਕਿਹਾ ਸੀ ਅਤੇ ਛਾਤੀ ਫੜਨ ਜਾਂ ਸਲਵਾਰ/ਪਜਾਮੇ ਦਾ ਨਾਲਾ ਖਿੱਚਣ ਨੂੰ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਨਹੀਂ ਮੰਨਿਆ ਸੀ। ਇਸ ਦਾ ਐਨਾ ਵਿਰੋਧ ਹੋਇਆ ਕਿ ਸੁਪਰੀਮ ਕੋਰਟ ਨੇ ਤੁਰੰਤ ਇਸ ਫੈਸਲੇ ਉਪਰ ਪਿਛਲੇ ਸਾਲ ਮਾਰਚ 'ਚ ਹੀ ਰੋਕ ਲਗਾ ਦਿਤੀ ਸੀ। ਹੁਣ ਬੈਂਚ ਨੇ ਇਸ ਨੂੰ ਰੱਦ ਹੀ ਕਰ ਦਿਤੈ। ਸੁਪਰੀਮ ਕੋਰਟ ਦੇ ਬੈਂਚ ਦਾ ਮੌਜੂਦਾ ਫੈਸਲਾ ਸ਼ਲਾਘਾ ਯੋਗ ਹੈ। ਇਸ ਨਾਲ ਲੋਕਾਂ, ਖਾਸ ਕਰਕੇ ਔਰਤਾਂ 'ਚ ਨਿਆਂਪਾਲਿਕਾ ਦੀ ਭਰੋਸੇਯੋਗਤਾ ਅਤੇ ਇਨਸਾਫਪਸੰਦੀ ਵਿਚ ਵਿਸ਼ਵਾਸ ਵਧੇਗਾ।

ਠੀਕ ਹੀ ਕਿਹਾ ਜਾਂਦੈ ਕਿ 'ਇਨਸਾਫ ਸਿਰਫ ਹੋਣਾ ਹੀ ਨਹੀਂ ਚਾਹੀਦਾ, ਸਗੋਂ ਹੁੰਦਾ ਹੋਇਆ ਦਿਸਣਾ/ਲਗਣਾ ਵੀ ਚਾਹੀਦੈ'!

---

ਅਮਰੀਕ ਸਿੰਘ
ਸ਼ਿਕਾਗੋ



## ਕਦੋਂ ਮੁੜੇਗਾ ਮੇਰਾ ਚੜ੍ਹਦਾ ਸੂਰਜ?

ਮੇਰੇ ਪੁੱਤ ਦੀ ਹੱਸਣੀ ਹਵਾ 'ਚ ਖੋ ਗਈ,
ਨਸ਼ਿਆਂ ਦੀ ਲਹਿਰ 'ਚ ਜਿੰਦ ਡੁੱਬ ਗਈ,
ਜਿਹੜੇ ਹੱਥਾਂ 'ਚ ਸੀ ਕਿਤਾਬਾਂ ਕਦੇ,
ਓਹੀ ਹੱਥ ਅੱਜ ਮਿੱਟੀ ਹੋ ਗਏ।

ਰਾਤਾਂ 'ਚ ਸੁਣਦੀ ਦਰਵਾਜ਼ੇ ਦੀ ਟੱਕਰ,
ਲੱਗਦਾ ਏ ਆਵੇਗਾ ਮੇਰਾ ਸ਼ੇਰ ਮੁੜ,
ਪਰ ਸਵੇਰੇ ਫਿਰ ਚੁੱਪੀ ਦੱਸ ਦਿੰਦੀ ਏ,
ਸੁੰਨਾ ਪਿਆ ਏ ਮੇਰਾ ਘਰ।

ਓ ਰੱਬਾ ਮੇਰੇ ਪੰਜਾਬ ਨੂੰ ਬਚਾ ਲੈ,
ਮੇਰੇ ਪੁੱਤਾਂ ਨੂੰ ਨਸ਼ਿਆਂ ਤੋਂ ਛੁਡਾ ਲੈ,
ਖੇਤਾਂ 'ਚ ਜਿਹੜੇ ਸੁਪਨੇ ਬੀਜੇ ਸੀ,
ਉਨ੍ਹਾਂ ਕਿਸਾਨਾਂ ਨੂੰ ਕਰਜ਼ਿਆਂ ਤੋਂ ਬਚਾ ਲੈ।

ਕਰਜ਼ੇ ਦੇ ਕਾਗਜ਼ਾਂ 'ਚ ਦੱਬਿਆ ਇੱਕ ਨਾਮ,
ਕਿਸਾਨ ਸੀ ਉਹ, ਨਾ ਸੀ ਕੋਈ ਗੁਨਾਹ-ਗਾਰ ਇਨਸਾਨ,
ਮਿੱਟੀ ਨੂੰ ਚੁੰਮ ਕੇ ਸੀ ਜੋ ਰੋ ਪਿਆ ਚੁੱਪਚਾਪ,
ਛੱਡ ਗਿਆ ਪਿੱਛੇ ਰੋਂਦਾ ਪਰਿਵਾਰ।

ਗੈਂਗਾਂ ਦੀਆਂ ਗੋਲੀਆਂ ਨੇ ਚੁੱਪ ਕਰ ਦਿੱਤਾ,
ਮਾਂ ਦੇ ਸੁਪਨਿਆਂ ਦਾ ਹਰ ਇੱਕ ਸੁਰ,
ਅੱਜ ਹੰਝੂਆਂ ਨਾਲ ਭਿੱਜਿਆ ਹਰ ਖ਼ੁਆਬ,
ਪਰ ਮਾਂ ਦੀ ਦੁਆ ਅਜੇ ਵੀ ਜ਼ਿੰਦੀ ਏ,
ਉਹ ਕਹਿੰਦੀ ਏ— ਹੌਸਲਾ ਰੱਖ ਮੇਰੇ ਲਾਲ।

ਓ ਰੱਬਾ ਮੇਰੇ ਪੁੱਤ ਵਾਪਸ ਕਰ ਦੇ,
ਨਸ਼ਿਆਂ ਦੀਆਂ ਜ਼ੰਜੀਰਾਂ ਤੋੜ ਦੇ,
ਮਾਂ ਦੇ ਹੰਝੂ ਰੁਕ ਜਾਣ ਇੱਕ ਦਿਨ,
ਚੜ੍ਹਦਾ ਸੂਰਜ ਫਿਰ ਮੋੜ ਦੇ।

ਜੇ ਮਾਂ ਰੋਵੇਗੀ ...
ਤਾਂ ਧਰਤੀ ਵੀ ਰੋਵੇਗੀ ...
ਇਹ ਦਰਦ ਸਿਰਫ਼ ਕਹਾਣੀ ਨਹੀ,
ਇਹ ਹਕੀਕਤ ਏ...
ਜਦ ਤੱਕ ਮੇਰੀ ਕਲਮ 'ਚ ਸਾਹ ਏ,
ਮੈਂ ਇਹ ਸੱਚ ਲਿਖਦਾ ਰਹਾਂਗਾ।
ਮੇਰਾ ਨਾਮ ਹੈ 'ਅਮਰ'
ਤੇ ਮਾਂ ਦਾ ਦਰਦ ਵੀ ਰਹੇਗਾ... ਅਮਰ।

---

## ਮਾਂ ਬੋਲੀ

ਮਾਂ ਬੋਲੀ ਪੰਜਾਬੀ ਮੇਰੀ, ਮਾਂ ਬੋਲੀ ਪੰਜਾਬੀ।
ਮਾਂ ਬੋਲੀ ਵਿਚ ਲਿਖ ਕੇ ਮੇਰੀ ਬਣਦੀ ਟੌਹਰ ਨਵਾਬੀ।
ਮਾਂ ਬੋਲੀ ਵਿਚ ਸ਼ਬਦ ਪਿਆਰੇ ਸ਼ਹਿਦ ਨਾਲੋਂ ਵੀ ਮਿੱਠੇ।
ਇਸ ਬੋਲੀ ਜਿਹੇ ਸ਼ਬਦ ਕਿਸੇ ਨਾ ਹੋਰ ਭਾਸ਼ਾ ਵਿਚ ਡਿੱਠੇ।
ਗੀਤ ਸੁਣਦਿਆਂ ਇਸ ਬੋਲੀ ਵਿਚ ਮੁੱਖੜੇ ਹੋਣ ਗੁਲਾਬੀ।
ਮਾਂ ਬੋਲੀ...।

ਗੁਰੂਆਂ-ਪੀਰਾਂ ਇਸ ਬੋਲੀ ਵਿਚ ਜੋ ਰਚ ਦਿੱਤੀ ਬਾਣੀ।
ਇਸ ਬਾਣੀ ਜਿਹੀ ਹੋਰ ਕਿਸੇ ਨਾ ਭਾਸ਼ਾ ਵਿਚ ਬਿਆਣੀ।
ਮੁੜ-ਮੁੜ ਇਸ ਨੂੰ ਪੜ੍ਹਨਾ ਪੈਂਦਾ ਪਵੇ ਨਾ ਸਮਝ ਸ਼ਤਾਬੀ।
ਮਾਂ ਬੋਲੀ...।

ਮਾਂ ਬੋਲੀ ਤੇ 'ਨਾਗਰਾ' ਮੈਨੂੰ ਰਹਿਣਾ ਫ਼ਖ਼ਰ ਹਮੇਸ਼ਾ।
ਮਾਂ ਬੋਲੀ ਵਿਚ ਲਿਖਣਾ ਮੇਰਾ ਹੁਣ ਤਾਂ ਬਣ ਗਿਆ ਪੇਸ਼ਾ।
ਮਿਹਰ ਕਰੇ ਰੱਬ ਮੇਰੇ ਤੇ ਮੈਂ ਬਣਜਾਂ ਕਿਤੇ ਰਬਾਬੀ।
ਮਾਂ ਬੋਲੀ ਪੰਜਾਬੀ ਮੇਰੀ ਮਾਂ ਬੋਲੀ ਪੰਜਾਬੀ।
ਮਾਂ ਬੋਲੀ ਵਿਚ ਲਿਖ ਕੇ ਮੇਰੀ ਬਣਦੀ ਟੌਹਰ ਨਵਾਬੀ।

*-ਜਸਪਾਲ ਸਿੰਘ ਨਾਗਰਾ*
*ਫੋਨ:+13604481989*

---

## ਕਿੰਨਾ ਬੇਪਰਵਾਹ ਸੀ ਬਚਪਨ

ਯਾਦਾਂ ਦੇ ਪਲ ਮਿੱਤਰਾਂ ਸੰਗ ਰਲ ਕੇ,
ਬਚਪਨ ਦੀਆਂ ਖੇਡਾਂ ਖੇਡੀਆਂ ਨੇ
ਯਾਦਾਂ ਅੱਲੜ੍ਹਪੁਣੇ ਦੀਆਂ ਸੱਜਣੋਂ,
ਕੁੱਝ ਮਸੂਮ ਤੇ ਟੇਢੀਆਂ-ਮੇਢੀਆਂ ਨੇ।
ਰੇਤ ਦੇ ਘਰ ਮਿੱਟੀ ਦੀ ਕੋਠੀ,
ਵਿਚ ਪਾਣੀ ਵੜ ਛਿੱਟੇ ਪਾਉਂਦੇ ਸੀ
ਸਾਫ਼ ਗੰਦੇ ਦੀ ਸੂਝ ਨਹੀਂ ਸੀ,
ਪੂਛਾਂ ਫੜ ਛੱਪੜ ਤਾਰੀ ਲਾਉਂਦੇ ਸੀ।

ਲੁਕਣਮੀਚੀ ਖਿਦੋ-ਖੂੰਡੀ ਖੇਡਾਂ,
ਬਾਂਦਰ ਕਿੱਲਾ ਪਿੱਠੂ ਤੇ ਗੁੱਲੀ ਡੰਡਾ ਸੀਲ
ਟੰਗ-ਪੁਲੰਘਾਂ, ਕੌਡੀਆਂ, ਬੰਟੇ,
ਚੋਰ ਸਿਪਾਹੀ ਛੋਹ ਛੁਹਾਈ 'ਚ ਝੰਡਾ ਸੀ
ਕੌਡ ਕਬੱਡੀ ਖੇਲ੍ਹ ਵਿਚ ਵਾਹਣਾਂ ਦੇ,
ਦੌੜਦੇ ਤੇ ਡੰਡ ਬੈਠਕਾਂ ਨਿੱਤ ਕੱਢਦੇ ਸੀ
ਦੁੱਧ ਦਹੀਂ ਤੇ ਲੱਸੀ ਮੱਖਣ,
ਘਿਓ ਸ਼ੱਕਰ ਦੇ ਫਿਰ ਵੱਟ ਕੱਢਦੇ ਸੀ।

ਨਾ ਫੋੜਾ ਨਾ ਕਦੇ ਫਿਨਸੀ ਸੀ,
ਨਾ ਬਿਮਾਰੀ ਹੀ ਨੇੜੇ ਢੁੱਕਦੀ ਸੀ
ਸਾਬਣ ਸੀ ਸਾਥੀ ਅਮੀਰਾਂ ਦਾ,
ਪਰ ਗਰੀਬਾਂ ਦੀ ਕਿੱਥੇ ਪੁੱਗਦੀ ਸੀ
ਖੱਦਰ ਦੇ ਕੱਪੜੇ ਜਾਂ ਸੂਤੀ ਸੀ,
ਬੱਸ ਛੇ ਮਹੀਨੇ ਬਾਅਦ ਸਿਲਦੇ ਸੀ
ਇਹ ਜੀਵਨ ਢੰਗ ਦੀ ਸ਼ੈਲੀ ਸੀ,
ਦੁੱਖਾਂ ਵਿੱਚ ਵੀ ਸੁੱਖ ਮਿਲਦੇ ਸੀ।

ਦੁੱਖਾਂ ਦੀ ਯਾਦ ਸਭ ਭੁਲਾ ਕੇ,
ਚੜ੍ਹ ਗਈ ਜਵਾਨੀ ਬੁੱਕਦੀ ਸੀ
ਧਰਤੀ ਪੈਰ ਨਹੀਂ ਲੱਗਦਾ ਉਦੋਂ,
ਤੇ ਫਿਰ ਸੱਜਣ ਸੱਜਣ ਕੂਕਦੀ ਸੀ।
ਘਰ ਦੀ ਤੰਗੀ ਸੀ ਭਾਵੇਂ ਸਿਰ 'ਤੇ,
ਫ਼ਰਜ਼ਾਂ ਦੀ ਪੰਡ ਵੀ ਕੁੱਝ ਭਾਰੀ ਸੀ।
ਪਰ ਮਿਹਨਤ ਕਰਕੇ ਸਫਲ ਹੋਏ,
ਕਰਜ਼ਾਂ ਦੀ ਗੰਠ ਲਾਹ ਕੇ ਮਾਰੀ ਸੀ।

ਮਾਪਿਆਂ ਨੇ ਲਾਡ ਲਡਾਏ ਜੋ,
ਕਿੰਝ ਭੁੱਲਾਂ ਮੈਂ ਉਨ੍ਹਾਂ ਉਪਕਾਰਾਂ ਨੂੰ?
ਕੀਤੀ ਕੁਰਬਾਨੀ ਜੋ ਬੱਚਿਆਂ ਲਈ,
ਵਾਰੇ ਖੁਸ਼ੀਆਂ ਅਤੇ ਪਿਆਰਾਂ ਨੂੰ।
ਆਪ ਜਲ ਜਾਂਦੇ ਬਣ ਮੋਮਬੱਤੀ,
ਸੰਤਾਨ ਦਾ ਭਵਿੱਖ ਰੁਸ਼ਨਾ ਜਾਂਦੇ ਨੇ
ਭੁੱਲ ਜਾਂਦੇ ਜਫ਼ਰ ਜਾਲੇ ਸਭ,
ਤੱਕ ਕਾਮਯਾਬੀ ਫਿਰ ਨਸ਼ਿਆ ਜਾਂਦੇ ਨੇ।

ਜ਼ਿੰਦਗੀ ਦਾ ਗੀਤ ਮੁੱਕਦਾ ਨਹੀਂ,
ਸਾਹਾਂ ਦੀ ਡੋਰ ਜੁ ਲੰਬੀ ਹੈ।
ਕਈ ਮੱਘਰ ਪੋਹ ਤੇ ਹਾੜ੍ਹਾਂ ਨੇ,

## ਕਾਵਿ-ਕਿਆਰੀ

ਸਰੀਰ ਦੀ ਮਿੱਟੀ ਝੰਬੀ ਹੈ
ਝੱਖੜ ਹਨ੍ਹੇਰੀਆਂ ਤੂਫ਼ਾਨਾਂ ਨੇ,
ਪਰਖਿਆ ਸਦਾ ਪੱਕਾ-ਕੱਚਾ ਹੈ
ਇਹ ਉੱਤੋਂ ਜੋ ਵੀ ਦਿਸਦਾ ਹੈ,
ਕੀ ਵਿੱਚੋਂ ਇਹ ਝੂਠਾ ਤੇ ਸੱਚਾ ਹੈ?
*-ਸੇਵਾ ਸਿੰਘ 'ਨੂਰਪੁਰੀ'*

---

## ਹੌਂਸਲੇ ਤੇ ਮਿਹਨਤਾਂ

ਛੋਟੇ ਜਿਹੇ ਬੀਜ ਸਦਾ, ਵੱਡੇ ਰੁੱਖ ਬਣਦੇ
ਹੱਥਾਂ 'ਚ ਖਿਡਾਏ ਹੋਏ, ਵੱਡੇ ਪੁੱਤ ਬਣਦੇ

ਹੌਂਸਲਾ ਨਾ ਹਾਰ ਬੰਦੇ, ਔਕੜਾਂ ਨੂੰ ਦੇਖ ਕੇ
ਢਾਅ ਕੇ ਮੁਕੱਦਰਾਂ ਨੂੰ, ਫੇਰ ਠੁੱਕ ਬਣਦੇ।

ਏਕਿਆਂ ਦੇ ਵਿੱਚ ਹੁੰਦੀ, ਬਰਕਤ ਸੋਹਣਿਆ
ਦੋਵੇਂ ਹੱਥ ਜੋੜ ਕੇ ਹੀ, ਸਦਾ ਬੁੱਕ ਬਣਦੇ।

ਬਣਦਾ ਏ ਸੋਨਾ ਸਦਾ, ਭੱਠੀਆਂ 'ਚ ਤਪ ਕੇ
ਰਾੜ੍ਹ ਕੇ ਹੀ ਰੋਟੀਆਂ ਦੇ, ਦੋ ਟੁੱਕ ਬਣਦੇ।

ਸਾੜਨਾ ਏ ਪੈਂਦਾ ਪਹਿਲਾਂ, ਲਾਹਣ ਦੇ ਡਰੰਮ ਨੂੰ
ਤਾਂ ਜਾ ਕੇ ਦਾਰੂ ਵਾਲੇ, ਦੋ ਘੁੱਟ ਬਣਦੇ।

ਨਾ ਜੇ ਬਣਾਉਣਾ ਰੱਖ, ਬੰਨ੍ਹ ਕੇ ਇੱਛਾਵਾਂ ਨੂੰ
ਬੇੜਾਂ ਨਾਲ ਬੰਨ੍ਹ ਕੇ ਹੀ, ਸੋਹਣੇ ਕੁੱਪ ਬਣਦੇ।

ਚੰਗੀ ਹੋਵੇ ਛੱਤਰੀ, ਤਾਂ ਹੀ ਚੰਗਾ ਤਣਦੀ
ਚੰਗਾ ਹੋਵੇ ਧੀ ਪੁੱਤ, ਛਾਤੀ ਮੁੱਛ ਤਣਦੇ।

ਗੱਲਬਾਤ ਹੋਵੇ ਕੋਈ, ਤਾਂ ਹੀ ਗੱਲ ਬਣਦੀ
ਹੋਵੇ ਜੇ ਸਵਾਦ ਚੀਜ਼, ਤਾਂ ਥੁੱਕ ਬਣਦੇ।

ਕੱਢਣੇ ਆ ਪੈਂਦੇ ਹੀਰੇ, ਵੱਢ ਕੇ ਚੱਟਾਨਾਂ ਨੂੰ
ਸਹੋਤਿਆ ਤਰਾਸ਼ ਕੇ ਹੀ, ਸੋਹਣੇ ਬੁੱਤ ਬਣਦੇ।
*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 788 863 2472*

# ਪੰਜਾਬ ਪ੍ਰਦੇਸ਼ ਦੀ ਦਾਸਤਾਨ

ਪੰਜਾਬ ਪ੍ਰਦੇਸ਼ ਦੇ ਨਾਮ ਤੋਂ ਹੀ ਪਤਾ ਚੱਲਦਾ ਹੈ ਕਿ ਇਹ ਪੰਜ + ਆਬ, ਭਾਵ ਪੰਜ ਪਾਣੀਆਂ ਦੀ ਧਰਤੀ ਹੈ, ਜੋ ਕਿ ਧਰਤੀ (ਪ੍ਰਿਥਵੀ) ਦਾ ਵਡਮੁੱਲਾ ਅਤੇ ਵਡਭਾਗਾ ਖਿੱਤਾ ਸੀ। ਇੱਥੋਂ ਦੀ ਮਿੱਟੀ ਜਰਖੇਜ਼ ਸੀ, ਕਿਉਂਕਿ ਇੱਥੇ ਪੰਜ ਦਰਿਆ (ਜਿਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ) ਵਹਿੰਦੇ ਸਨ, ਜੋ ਕਿ ਸਿੰਧ ਦਰਿਆ ਦੀਆਂ ਸਹਾਇਕ ਨਦੀਆਂ ਸਨ।

**ਅਣ-ਵੰਡਿਆ ਪੰਜਾਬ**

ਅਣ-ਵੰਡਿਆ ਪੰਜਾਬ (ਭਾਵ ਪਾਕਿਸਤਾਨੀ ਪੰਜਾਬ ਅਤੇ ਭਾਰਤੀ ਪੰਜਾਬ) ਦੁਨੀਆਂ ਦਾ ਇੱਕ ਅਜਿਹਾ ਜਰਖੇਜ਼ ਖਿੱਤਾ ਸੀ, ਜਿੱਥੇ ਲਗਭਗ ਹਰ ਤਰ੍ਹਾਂ ਦੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਸਨ ਕਿਉਂਕਿ ਇੱਥੇ ਸਾਰੇ ਤਰ੍ਹਾਂ ਦੇ ਮੌਸਮ (ਰੁੱਤਾਂ) ਪਾਏ ਜਾਂਦੇ ਹਨ। ਪਰ ਸਮੇਂ ਅਤੇ ਉਸ ਵੇਲੇ ਦੇ ਹਾਕਮਾਂ ਕਾਰਨ ਇਸ ਖਿੱਤੇ ਨੂੰ ਬਹੁਤ ਸਾਰੀਆਂ ਮਾਰਾਂ (ਮੁਸ਼ਕਿਲਾਂ) ਝੱਲਣੀਆਂ ਪਈਆਂ। (ਬ੍ਰਿਟਿਸ਼) ਬਰਤਾਨਵੀ ਸਰਕਾਰ ਦੁਆਰਾ ਇਸ

**ਡਾ. ਜਰਨੈਲ ਸਿੰਘ ਧਾਲੀਵਾਲ**

ਉਪਜਾਊ ਖਿੱਤੇ ਨੂੰ ਦੋ ਮੁਲਕਾਂ (ਦੇਸ਼ਾਂ) ਵਿਚ ਵੰਡ (ਪਾਕਿਸਤਾਨ ਅਤੇ ਭਾਰਤ) ਦਿੱਤਾ ਗਿਆ, ਜਿਸ ਕਾਰਨ ਇੱਥੇ ਵਸਦੇ ਆਪਸੀ ਭਾਈਚਾਰਕ ਸਾਂਝ ਵਾਲੇ ਲੋਕਾਂ (ਮੁਸਲਿਮ, ਹਿੰਦੂ ਅਤੇ ਸਿੱਖਾਂ) ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਰਸਦੇ-ਵਸਦੇ ਲੋਕ ਰਾਜਨੀਤਕ ਨੇਤਾਵਾਂ ਦੀਆਂ ਸਾਜ਼ਿਸ਼ਾਂ ਕਾਰਨ ਇੱਕ ਦੂਜੇ ਦੀਆਂ ਜਾਨਾਂ ਦੇ ਦੁਸ਼ਮਣ ਬਣ ਗਏ। ਲੁੱਟਮਾਰ ਹੋਈ, ਕਤਲੇਗਾਰ ਹੋਈ, ਤੇ ਨੁਕਸਾਨ ਦੋਵਾਂ ਮੁਲਕਾਂ ਦੇ ਆਮ ਬਾਸ਼ਿੰਦਿਆਂ ਦਾ ਹੋਇਆ। ਇਹ ਉਪਜਾਊ ਖਿੱਤਾ ਪੱਛਮ ਵੱਲ ਸਿੰਧ ਦਰਿਆ ਤੋਂ ਲੈ ਕੇ ਦੱਖਣ ਪੂਰਬ ਵਿਚ ਸਤਲੁਜ ਦਰਿਆ ਤੱਕ ਅਤੇ ਉੱਤਰ ਵੱਲ ਹਿਮਾਲਿਆ ਪਰਬਤਾਂ ਤੋਂ ਲੈ ਕੇ ਦੱਖਣ ਵੱਲ ਰਾਜਪੂਤਾਨਾ ਮਾਰੂਥਲ ਤੱਕ ਫੈਲਿਆ ਹੋਇਆ ਹੈ, ਜਿਸ ਦਾ ਕੁੱਲ ਖੇਤਰਫਲ 357000 ਵਰਗ ਕਿਲੋਮੀਟਰ ਬਣਦਾ ਸੀ। ਅਤੇ ਇੱਥੇ 15 ਅਗਸਤ 1947 ਤੋਂ ਪਹਿਲਾਂ ਲਗਭਗ 33 ਤੋਂ 34 ਮਿਲੀਅਨ ਆਬਾਦੀ ਸੀ, ਜਿਸ ਵਿਚ 53.2% ਮੁਸਲਿਮ, 30.1% ਹਿੰਦੂ ਅਤੇ 14.9% ਸਿੱਖ ਵਸਦੇ ਸਨ।

ਇੱਥੇ ਕਣਕ ਅਤੇ ਚੌਲ ਮੁੱਖ ਫ਼ਸਲਾਂ ਤੋਂ ਇਲਾਵਾ ਕਪਾਹ, ਮੱਕੀ, ਗੰਨਾ, ਦਾਲਾਂ ਅਤੇ ਤੇਲ ਵਾਲੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਸਨ। ਇੱਥੋਂ ਦੀ ਉਪਜਾਊ ਮਿੱਟੀ ਅਤੇ ਦਰਿਆਵਾਂ ਕਾਰਨ ਪਾਣੀ ਦੀ ਚੋਖੀ ਉਪਲੱਬਧਤਾ ਸੀ। ਇਹ ਖੇਤਰ ਉਸ ਸਮੇਂ ਆਮ ਤੌਰ 'ਤੇ ਉਦਯੋਗਿਕ ਤੌਰ 'ਤੇ ਪਛੜਿਆ ਹੋਇਆ ਸੀ ਅਤੇ ਜ਼ਿਆਦਾ ਤੌਰ 'ਤੇ ਘਰੇਲੂ ਅਤੇ ਖੇਤੀਬਾੜੀ ਆਧਾਰਿਤ ਉਦਯੋਗ ਹੀ ਸੀ, ਇੱਥੇ 90% ਲੋਕ (ਮੁਸਲਿਮ) ਹੱਥੀਂ ਕੰਮ ਕਰਨ ਵਾਲੇ ਹੁਨਰਮੰਦ ਲੋਕ ਸਨ।

ਉਸ ਸਮੇਂ ਤਕਨਾਲੋਜੀ ਦੀ ਘਾਟ ਕਾਰਨ ਲੋਕ ਹੱਥੀਂ ਕੰਮ ਜਾਂ ਪਸ਼ੂਆਂ ਨਾਲ ਹੀ ਖੇਤੀ ਕਰਦੇ ਸਨ ਪਰ ਲੋਕਾਂ ਦੀ ਜ਼ਿੰਦਗੀ ਖੁਸ਼ਹਾਲ ਸੀ। ਲੋੜਾਂ ਸੀਮਤ ਸਨ ਤੇ ਲੋਕ ਇੱਕ-ਦੂਜੇ ਨਾਲ ਕੰਮਾਂ ਵਿਚ ਹੱਥ ਵਟਾਉਂਦੇ ਸਨ, ਜਿਸ ਕਾਰਨ ਆਪਸੀ ਭਾਈਚਾਰਕ ਸਾਂਝ ਬਣੀ ਹੋਈ ਸੀ ਤੇ ਲੋਕ ਸਾਦੀ ਜ਼ਿੰਦਗੀ ਜਿਉਂਦੇ ਸਨ। ਹੱਥੀਂ ਕਿਰਤ ਕਰਨ ਕਰਕੇ ਬਿਮਾਰੀਆਂ ਵੀ ਘੱਟ ਸਨ, ਜਾਂ ਵੈਦ ਅਤੇ ਹਕੀਮ ਘਰੇਲੂ ਇਲਾਜ ਹੀ ਕਰ ਲੈਂਦੇ ਸਨ। ਜ਼ਹਿਰਾਂ ਰਹਿਤ ਖੇਤੀ ਕੀਤੀ ਜਾਂਦੀ ਸੀ, ਇਸ ਲਈ ਉਸ ਸਮੇਂ ਮਿੱਟੀ, ਪਾਣੀ ਅਤੇ ਹਵਾ ਵਿਚ ਪ੍ਰਦੂਸ਼ਣ ਵੀ ਨਹੀਂ ਸੀ। 15 ਅਗਸਤ 1947 ਤੋਂ ਪਹਿਲਾਂ ਬ੍ਰਿਟਿਸ਼ ਸਰਕਾਰ ਵੇਲੇ, ਉਹ ਆਪਣੇ ਦੇਸ਼ ਲਈ ਕੱਚਾ ਮਾਲ ਦੇ ਰੂਪ ਵਿਚ ਇੱਥੋਂ ਦੀ ਕਪਾਹ, ਗੰਨਾ, ਤੇਲ ਬੀਜ ਜਾਂ ਦਾਲਾਂ ਅਤੇ ਮਸਾਲੇ ਲੈ ਕੇ ਜਾਣ ਲਈ ਇਨ੍ਹਾਂ ਫ਼ਸਲਾਂ ਦੀ ਹੀ ਖੇਤੀ ਕਰਵਾਉਂਦੇ ਅਤੇ ਉਨ੍ਹਾਂ ਨੂੰ ਪ੍ਰਫੁੱਲਤ ਕਰਦੇ ਸਨ। ਪਰੰਤੂ ਜਦੋਂ ਆਜ਼ਾਦੀ ਦੀ ਲੜਾਈ ਦੌਰਾਨ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ ਤਾਂ ਉਸ ਸਮੇਂ ਦੀ ਹਾਕਮ ਸਰਕਾਰ ਨੇ ਇੱਥੋਂ ਦੇ ਸਵਾਰਥੀ ਨੇਤਾਵਾਂ ਨਾਲ ਸਾਜ਼ਿਸ਼ਾਂ ਤਹਿਤ ਮੁਲਕ ਦੇ ਦੋ ਟੋਟੇ ਕਰ ਦਿੱਤੇ, ਭਾਵ ਇਸ ਉਪਜਾਊ ਖਿੱਤੇ ਨੂੰ ਧਰਮ 'ਤੇ ਆਧਾਰਿਤ ਪੱਛਮੀ (ਲਹਿੰਦਾ) ਪੰਜਾਬ ਅਤੇ ਪੂਰਬੀ (ਚੜ੍ਹਦਾ) ਪੰਜਾਬ ਨੂੰ ਦੋ ਮੁਲਕਾਂ ਪਾਕਿਸਤਾਨ ਅਤੇ ਹਿੰਦੋਸਤਾਨ ਵਿਚ ਵੰਡਿਆ ਗਿਆ। ਜਿਸ ਕਾਰਨ ਇੱਥੋਂ ਦੇ ਬਾਸ਼ਿੰਦਿਆਂ ਨੂੰ ਜਾਨੀ-ਮਾਲੀ ਨੁਕਸਾਨ ਝੱਲਣਾ ਪਿਆ ਤੇ ਅੱਜ ਵੀ ਉਹ ਲੋਕ ਉਸ ਤ੍ਰਾਸਦੀ ਤੋਂ ਪ੍ਰਭਾਵਿਤ ਹਨ। ਲਾਹੌਰ ਤੇ ਅੰਮ੍ਰਿਤਸਰ ਇੱਥੋਂ ਦੇ ਦੋ ਵੱਡੇ ਸ਼ਹਿਰ ਸਨ ਅਤੇ ਲਾਹੌਰ ਇੱਥੋਂ ਦੀ ਰਾਜਧਾਨੀ ਸੀ।

ਵੰਡ ਤੋਂ ਬਾਅਦ ਲਗਭਗ (58%) ਖੇਤਰ ਪਾਕਿਸਤਾਨ ਦੇ ਲਹਿੰਦੇ ਪੰਜਾਬ ਨੂੰ ਚਲਾ ਗਿਆ, ਅਤੇ (42%) ਹਿੰਦੋਸਤਾਨ ਦੇ ਚੜ੍ਹਦੇ ਪੰਜਾਬ ਨੂੰ ਚਲਾ ਗਿਆ।

**ਭਾਰਤੀ ਪੰਜਾਬ**

ਭਾਰਤੀ ਪੰਜਾਬ ਨੂੰ ਚੜ੍ਹਦਾ ਪੰਜਾਬ ਜਾਂ ਪੂਰਬੀ ਪੰਜਾਬ ਵੀ ਕਿਹਾ ਜਾਂਦਾ ਹੈ, ਜਿਸ ਵਿਚ ਮੌਜੂਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਕੁਝ ਭਾਗ ਤੋਂ ਲੈ ਕੇ ਇਹ ਚੰਡੀਗੜ੍ਹ, ਦਿੱਲੀ ਤੱਕ ਫੈਲਿਆ ਹੋਇਆ ਸੀ। ਇਸ ਦਾ ਉਸ ਸਮੇਂ ਕੁੱਲ ਖੇਤਰਫਲ 150037 ਵਰਗ ਕਿਲੋਮੀਟਰ ਸੀ। ਪੂਰਬੀ ਪੰਜਾਬ ਦੇ ਕੁੱਲ 13 ਜ਼ਿਲ੍ਹੇ ਸਨ ਜੋ ਕਿ ਜਲੰਧਰ ਅਤੇ ਅੰਬਾਲਾ ਡਿਵੀਜ਼ਨਾਂ 'ਚ ਫ਼ੈਲੇ ਹੋਏ ਸਨ।

ਪਹਿਲਾਂ ਪਹਿਲ ਪੂਰਬੀ ਪੰਜਾਬ ਦੇ ਨਾਲ ਕੁਝ ਰਿਆਸਤਾਂ ਇਸ ਖੇਤਰ ਵਿਚ ਆਉਂਦੀਆਂ ਸਨ, ਜਿਨ੍ਹਾਂ ਨੂੰ 1947 ਤੋਂ 1966 ਦੇ ਸਮੇਂ ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਸਟੇਟਸ ਯੂਨੀਅਨ (PEPSU) ਕਿਹਾ ਜਾਂਦਾ ਸੀ। ਇਹ ਅੱਠ ਰਿਆਸਤਾਂ ਪਟਿਆਲਾ, ਜੀਂਦ, ਨਾਭਾ, ਫਰੀਦਕੋਟ, ਕਪੂਰਥਲਾ, ਨਾਲਾਗੜ੍ਹ, ਕਲਸੀਆਂ ਅਤੇ ਮਲੇਰਕੋਟਲਾ ਸਨ। ਜੋ ਕਿ 1956 ਵਿਚ ਪੂਰਬੀ ਪੰਜਾਬ ਵਿਚ ਸ਼ਾਮਲ ਕਰ ਦਿੱਤੀਆਂ ਗਈਆਂ ਸਨ।

ਹਰੀ ਕ੍ਰਾਂਤੀ (1966 ਤੋਂ ਪਹਿਲਾਂ) ਤੋਂ ਪਹਿਲਾਂ ਖੇਤੀਬਾੜੀ ਹੀ ਇੱਥੋਂ ਦੇ ਲੋਕਾਂ ਦਾ ਮੁੱਖ ਧੰਦਾ ਰਿਹਾ। ਸ਼ਿਮਲਾ ਨੂੰ ਪੂਰਬੀ ਪੰਜਾਬ ਦੀ ਰਾਜਧਾਨੀ ਬਣਾਇਆ ਗਿਆ ਸੀ।

**ਪੰਜਾਬ ਦਾ ਪੁਨਰਗਠਨ** (Reorganization of Punjab)

01 ਨਵੰਬਰ 1966 ਨੂੰ ਪੂਰਬੀ ਪੰਜਾਬ ਦਾ ਪੁਨਰਗਠਨ ਭਾਸ਼ਾ ਦੇ ਆਧਾਰ 'ਤੇ ਕੀਤਾ ਗਿਆ, ਜਿਸ ਵਿਚ ਇਸ ਖਿੱਤੇ ਨੂੰ ਪੰਜਾਬ (ਮੌਜੂਦਾ) ਅਤੇ ਹਰਿਆਣਾ (ਮੌਜੂਦਾ) ਦੋ ਸੂਬਿਆਂ ਅਤੇ ਹਿਮਾਚਲ ਪ੍ਰਦੇਸ਼ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾਇਆ ਗਿਆ। ਇਸ ਪੁਨਰਗਠਨ ਦੇ ਸਮੇਂ ਪੰਜਾਬ ਅਤੇ ਹਰਿਆਣਾ ਰਾਜਾਂ ਦੀ ਸਾਂਝੀ ਰਾਜਧਾਨੀ (ਚੰਡੀਗੜ੍ਹ) ਨੂੰ ਬਣਾਇਆ ਗਿਆ, ਜੋ ਕਿ ਅੱਜ ਤੱਕ ਰਾਜਨੀਤਕ ਮੁੱਦਾ ਬਣਿਆ ਹੋਇਆ ਹੈ। ਇਸ ਵਿਚ ਪੰਜਾਬ ਅਤੇ ਹਰਿਆਣਾ ਦੀ 60:40 ਦਾ ਅਨੁਪਾਤ (ਹਿੱਸਾ) ਰੱਖਿਆ ਗਿਆ। ਚੰਡੀਗੜ੍ਹ ਇੱਕ ਆਧੁਨਿਕ ਸ਼ਹਿਰ ਵਜੋਂ 1953 ਵਿਚ 'ਲੀ ਕਾਰਬੂਜ਼ੀਅਰ' ਨਾਂ ਦੇ ਫਰਾਂਸੀਸੀ ਭਵਨ ਕਲਾ ਨਿਰਮਾਣ ਇੰਜੀਨੀਅਰ ਦੀ ਯੋਜਨਾ ਤਹਿਤ ਪੰਜਾਬ ਦੇ ਕੁੱਝ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ।

ਚੜ੍ਹਦੇ ਪੰਜਾਬ ਵਿਚ ਪਹਿਲਾਂ ਕੁੱਲ ਸੱਤ ਜ਼ਿਲ੍ਹੇ ਸਨ, ਜੋ ਇਸ ਸਮੇਂ 23 ਹਨ ਅਤੇ ਇੱਥੋਂ ਦਾ ਕੁੱਲ ਖੇਤਰਫਲ 50362 ਵਰਗ ਕਿਲੋਮੀਟਰ ਹੈ। ਮੌਜੂਦਾ ਪੰਜਾਬ ਵਿਚ ਕੇਵਲ ਢਾਈ ਕੁ ਦਰਿਆ ਵਗਦੇ ਹਨ, ਜਿਨ੍ਹਾਂ ਵਿਚ ਦੋ ਦਰਿਆ ਸਤਲੁਜ ਤੇ ਬਿਆਸ ਅਤੇ ਅੱਧਾ ਕੁ ਰਾਵੀ ਦਰਿਆ ਜੰਮੂ ਅਤੇ ਕਸ਼ਮੀਰ ਤੇ ਪੰਜਾਬ ਦੀ ਸੀਮਾ ਤੋਂ ਵਗਦਾ ਹੋਇਆ ਪਾਕਿਸਤਾਨ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਦੱਖਣ-ਪੂਰਬ ਵਿਚ ਘੱਗਰ ਦਰਿਆ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲ ਕੇ ਪੂਰਬ ਤੋਂ ਪੱਛਮ ਵੱਲ ਨੂੰ ਪੰਜਾਬ ਅਤੇ ਹਰਿਆਣਾ ਦੀ ਸਰਹੱਦ ਦੇ ਨਾਲ ਲਗਦੇ ਖੇਤਰ ਵਿਚ ਵਗਦਾ ਹੋਇਆ ਅੱਗੇ ਚੱਲ ਕੇ ਅਲੋਪ ਹੋ ਜਾਂਦਾ ਹੈ। ਮੌਜੂਦਾ ਪੰਜਾਬ ਦੀ ਉੱਤਰ-ਪੂਰਬ ਤੋਂ ਦੱਖਣ-ਪੱਛਮ ਵੱਲ ਨੂੰ ਢਲਾਨ ਬਣਦੀ ਹੈ, ਜਿਸ ਵਿਚ ਉੱਤਰ-ਪੂਰਬੀ ਹਿੱਸੇ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਬਾਹਰੀ ਭਾਗ ਵਾਲਾ ਖੇਤਰ ਜੋ ਕਿ 300 ਤੋਂ 500 ਮੀਟਰ ਸਮੁੰਦਰ ਤਲ ਤੋਂ ਉਚਾਈ ਵਾਲਾ ਹੈ, ਵਿਚ ਪਠਾਨਕੋਟ, ਹੁਸ਼ਿਆਰਪੁਰ ਅਤੇ ਮੋਹਾਲੀ ਜ਼ਿਲ੍ਹੇ ਆਉਂਦੇ ਹਨ। ਮੌਜੂਦਾ ਪੰਜਾਬ ਦੇ ਦੱਖਣ-ਪੱਛਮ ਵਿਚ ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾ ਅਤੇ ਬਰਨਾਲਾ ਤੋਂ ਇਲਾਵਾ ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਸਮੁੰਦਰ ਤਲ ਤੋਂ ਉਚਾਈ 220 ਤੋਂ 250 ਮੀਟਰ ਰਹਿ ਜਾਂਦੀ ਹੈ ਜੋ ਕਿ ਖੁਸ਼ਕ ਇਲਾਕੇ ਹਨ ਤੇ ਇੱਥੋਂ ਦੀ ਮਿੱਟੀ ਜ਼ਿਆਦਾਤਰ ਰੇਤਲੀ ਹੈ ਅਤੇ 35 ਸੈਂਟੀਮੀਟਰ ਤੋਂ ਘੱਟ ਸਾਲਾਨਾ ਵਰਖਾ ਵਾਲੇ ਇਲਾਕੇ ਹਨ। ਜਦੋਂਕਿ ਬਾਕੀ ਮੱਧ ਵਾਲੇ ਮੌਜੂਦਾ ਪੰਜਾਬ ਵਿਚ ਸਮੁੰਦਰ ਤਲ ਤੋਂ ਉਚਾਈ 250 ਤੋਂ 300 ਮੀਟਰ ਦੇ ਵਿਚਕਾਰ ਹੈ ਅਤੇ ਸਾਲਾਨਾ ਵਰਖਾ 35 ਤੋਂ 70 ਸੈਂਟੀਮੀਟਰ ਹੁੰਦੀ ਹੈ। ਇੱਥੋਂ ਦੀ ਮਿੱਟੀ ਜਲੋਢ ਅਤੇ ਦੋਮਟ ਮਿੱਟੀ ਹਨ ਜੋ ਬਹੁਤ ਉਪਜਾਊ ਹਨ।

ਮੌਜੂਦਾ ਪੰਜਾਬ ਦੇ ਪੁਨਰਗਠਨ ਦੇ ਸਮੇਂ ਹੀ ਦੇਸ਼ ਭਰ ਵਿਚ ਹਰੀ ਕ੍ਰਾਂਤੀ ਆਈ। ਜਿਸ ਤਹਿਤ ਪੰਜਾਬ ਵਿਚ ਉਪਜਾਊ ਮਿੱਟੀਆਂ, ਪਾਣੀ ਦੀ ਉਪਲਬਧਤਾ, ਸਾਰੇ ਤਰ੍ਹਾਂ ਦੇ ਮੌਸਮ (ਰੁੱਤਾਂ) ਅਤੇ ਪੰਜਾਬ ਦੇ ਮਿਹਨਤੀ ਤੇ ਉੱਦਮੀ ਕਿਸਾਨਾਂ ਦੇ ਹੋਣ ਕਾਰਨ ਇਥੇ ਖੇਤੀਬਾੜੀ ਦੀਆਂ ਮੁੱਖ ਉਪਜਾਂ (ਫ਼ਸਲਾਂ) ਖਾਸ ਤੌਰ 'ਤੇ ਕਣਕ ਅਤੇ ਚੌਲ ਦੀਆਂ ਫ਼ਸਲਾਂ ਦਾ ਖੇਤਰ ਵਧਣ ਅਤੇ ਰਸਾਇਣਿਕ ਖਾਦਾਂ, ਸਪਰੇਹਾਂ (ਰਸਾਇਣਿਕ ਦਵਾਈਆਂ ਅਤੇ ਕੀਟਨਾਸ਼ਕ ਦਵਾਈਆਂ) ਦੀ ਵਰਤੋਂ ਨੂੰ ਉਤਪਾਦਨ




ਲਾਲਚ ਵਸ ਵੱਧ ਲਿਆ ਜਾਣ ਲੱਗ ਪਿਆ। ਭਾਵੇਂ ਕਿ ਦੇਸ਼ ਦੇ ਅੰਨ ਭੰਡਾਰ ਭਰਨ ਵਿਚ ਪੰਜਾਬ ਨੇ ਕੋਈ ਕਸਰ ਨਹੀਂ ਛੱਡੀ, ਪਰੰਤੂ ਇਸ 50-60 ਸਾਲ ਦੇ ਸਮੇਂ ਵਿਚ ਆਪਣੀ ਮਿੱਟੀ, ਆਬੋ ਹਵਾ ਅਤੇ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਲਏ। ਮੌਜੂਦਾ ਪੰਜਾਬ ਦੀ ਅਨੁਮਾਨਿਤ ਆਬਾਦੀ 31 ਤੋਂ 32 ਮਿਲੀਅਨ (ਭਾਵ ਤਿੰਨ ਕਰੋੜ ਤੋਂ ਜ਼ਿਆਦਾ) ਹੋ ਸਕਦੀ ਹੈ, ਕਿਉਂਕਿ 2010-21 ਕੋਵਿਡ ਕਾਰਨ ਮਰਦਮਸ਼ੁਮਾਰੀ ਨਹੀਂ ਹੋ ਸਕੀ। ਇਸ ਸਮੇਂ ਪੰਜਾਬ ਵਿਚ 57-60% ਲੋਕ ਸਿੱਖ, 37-38% ਹਿੰਦੂ ਅਤੇ ਮੁਸਲਿਮ ਅਤੇ ਈਸਾਈ ਲੋਕ 2% ਤੱਕ ਰਹਿੰਦੇ ਹਨ। ਮੌਜੂਦਾ ਪੰਜਾਬ ਕੋਲ ਕੇਵਲ 1.53% (50362 ਵਰਗ ਕਿਲੋਮੀਟਰ) ਦੇਸ਼ ਦੇ ਕੁੱਲ ਖੇਤਰਫਲ ਦਾ ਹਿੱਸਾ ਹੈ, ਜੋ ਕਿ ਦੇਸ਼ ਦਾ 20ਵਾਂ ਵੱਡਾ ਰਾਜ ਹੈ।

ਮੌਜੂਦਾ ਪੰਜਾਬ ਉਦਯੋਗਿਕ ਤੌਰ 'ਤੇ ਪਛੜਿਆ ਹੋਇਆ ਹੈ। ਇੱਥੇ ਛੋਟੇ ਪੈਮਾਨੇ ਦੇ ਉਦਯੋਗ ਅਤੇ ਖੇਤੀ ਆਧਾਰਿਤ ਉਦਯੋਗ ਜ਼ਿਆਦਾ ਹਨ। ਇੱਥੇ ਜ਼ਿਆਦਾ ਟੈਕਸਟਾਈਲ ਅਤੇ ਗਾਰਮੈਂਟ ਉਦਯੋਗ, ਖੇਤੀ ਸੰਦ, ਟ੍ਰੈਕਟਰ ਨਿਰਮਾਣ, ਫੂਡ ਪ੍ਰੋਸੈਸਿੰਗ, ਆਟੋ ਪਾਰਟਸ ਅਤੇ ਸਾਈਕਲ ਨਿਰਮਾਣ ਉਦਯੋਗ ਤੋਂ ਇਲਾਵਾ ਫਾਰਮਾਸਿਊਟੀਕਲ ਅਤੇ ਕੈਮੀਕਲ (ਰਸਾਇਣ) ਉਦਯੋਗ ਹੀ ਹਨ। ਜੇ ਮੌਜੂਦਾ ਪੰਜਾਬ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਹਰੀ ਕ੍ਰਾਂਤੀ ਤੋਂ ਬਾਅਦ ਮਸ਼ੀਨਾਂ ਰਾਹੀਂ ਖੇਤੀ ਨੇ ਕਿਰਤ ਖ਼ਤਮ ਕਰ ਦਿੱਤੀ। ਪੰਜਾਬ ਦੇ ਕਿਸਾਨਾਂ ਨੇ ਲਾਲਚ ਵੱਸ ਵੱਧ ਉਤਪਾਦਨ ਲੈਣ ਲਈ ਰਸਾਇਣਕ ਖਾਦਾਂ, ਜ਼ਹਿਰੀਲੀਆਂ ਦਵਾਈਆਂ ਅਤੇ ਪਾਣੀ ਦੀ ਅੰਨ੍ਹੀ ਵਰਤੋਂ ਕਰ ਕੇ ਆਪਣੀ ਆਬੋ ਹਵਾ, ਮਿੱਟੀ, ਅਤੇ ਪਾਣੀ ਪ੍ਰਦੂਸ਼ਤ ਕਰ ਲਏ।

50-60 ਸਾਲ ਦੇ ਸਮੇਂ ਦੌਰਾਨ ਸਮੇਂ ਸਮੇਂ ਦੀਆਂ ਪੰਜਾਬ ਅਤੇ ਕੇਂਦਰ ਸਰਕਾਰਾਂ ਨੇ ਲੋਕ ਹਿੱਤਾਂ ਨੂੰ ਵਿਸਾਰ ਕੇ ਇੱਥੋਂ ਦੇ ਪਾਣੀ ਅਤੇ ਮਿੱਟੀ ਦੀ ਲੁੱਟ ਕੀਤੀ। ਨਹਿਰੀ ਪਾਣੀਆਂ ਨੂੰ ਛੱਡ ਕੇ ਟਿਊਬਵੈੱਲ ਕੁਨੈਕਸ਼ਨਾਂ 'ਚ ਬੇਤਹਾਸ਼ਾ ਵਾਧਾ ਕੀਤਾ ਗਿਆ। ਰਾਜ ਵਿਚ ਮਜ਼ਦੂਰਾਂ ਦਾ ਦੂਜੇ ਰਾਜਾਂ ਤੋਂ ਪਰਵਾਸ ਹੋਣਾ, ਇਸੇ ਤਰ੍ਹਾਂ 1980 ਤੋਂ ਬਾਅਦ ਦੋ ਦਹਾਕੇ ਅੱਤਵਾਦ ਦੀ ਮਾਰ ਕਾਰਨ ਨੌਜਵਾਨੀ ਦਾ ਘਾਣ ਹੋਣਾ ਅਤੇ ਪਿਛਲੇ ਸਮਿਆਂ ਦੌਰਾਨ ਪੰਜਾਬ ਵਿਚ ਗੈਂਗਵਾਰ ਦਾ ਵਧਣਾ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਨਾ ਮਿਲਣ ਕਾਰਨ ਨਸ਼ਿਆਂ ਦਾ ਰੁਝਾਨ ਵਧਣਾ ਆਦਿ ਕਾਰਨ ਪੰਜਾਬ ਵਿਚ ਸਭਿਆਚਾਰਕ ਗਿਰਾਵਟ ਆਈ।

ਇਸ ਤੋਂ ਇਲਾਵਾ ਨੌਜਵਾਨ ਮੁੰਡੇ-ਕੁੜੀਆਂ ਵਿਚ ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਰੁਝਾਨ ਵਧਿਆ ਹੈ। ਆਮ ਸਧਾਰਨ ਪਰਿਵਾਰਾਂ ਦੇ ਬੱਚੇ ਕਰਜ਼ੇ ਚੁੱਕ ਕੇ ਜਾਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਬਾਹਰ ਜਾ ਰਹੇ ਹਨ, ਪੰਜਾਬ ਵਿਚ ਨਿੱਤ ਪ੍ਰਤੀਦਿਨ ਲੁੱਟਾਂ ਖੋਹਾਂ, ਕਤਲ, ਡਕੈਤੀਆਂ ਹੋ ਰਹੀਆਂ ਹਨ ਤੇ ਕਾਨੂੰਨ ਪ੍ਰਬੰਧ ਅਸਫਲ ਸਾਬਤ ਹੋ ਰਹੇ ਹਨ। ਇਸ ਸਭ ਲਈ ਰਾਜ ਸਰਕਾਰਾਂ ਹੀ ਜ਼ਿੰਮੇਵਾਰ ਹਨ। ਪੁਲਿਸ ਤੇ ਰਾਜਨੀਤਕ ਆਗੂਆਂ ਦੀ ਮਿਲੀਭੁਗਤ ਨਾਲ ਨਸ਼ੇ ਜਾਂ ਹਥਿਆਰਾਂ ਦਾ ਲੈਣ-ਦੇਣ ਹੁੰਦਾ ਹੈ, ਜਿਸ ਨਾਲ ਆਮ ਲੋਕਾਂ ਦਾ ਜੀਵਨ ਪ੍ਰਭਾਵਿਤ ਹੁੰਦਾ ਹੈ। ਸਿਆਸੀ ਪਾਰਟੀਆਂ ਵਿਚ ਨੈਤਿਕਤਾ ਖ਼ਤਮ ਹੋ ਗਈ ਹੈ, ਆਪਣੇ ਨਿੱਜੀ ਹਿਤਾਂ ਕਾਰਨ ਦੇਸ਼ ਨੂੰ ਡੂੰਘੇ ਸੰਕਟ ਵਿਚ ਧੱਕਿਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇਣਾ ਜਾਂ ਕਿਰਤ ਸਭਿਆਚਾਰ ਨੂੰ ਨੂੰ ਖਤਮ ਕਰਨਾ ਇਨ੍ਹਾਂ ਰਾਜਨੀਤਕ ਆਗੂਆਂ ਦੀਆਂ ਨਿੱਤ ਨਵੀਆਂ ਸਾਜ਼ਿਸ਼ਾਂ ਹਨ।

ਧਰਮ ਦੇ ਨਾਮ 'ਤੇ ਦੰਗੇ ਕਰਵਾਉਣੇ ਜਾਂ ਸਮਾਜ ਵਿਚ ਅਰਾਜਕਤਾ ਫੈਲਾਉਣੀ ਨੇਤਾਵਾਂ/ ਅਪਰਾਧੀਆਂ ਦੇ ਮੁੱਖ ਧੰਦੇ ਬਣ ਗਏ ਹਨ। 1990 ਤੋਂ ਬਾਅਦ ਜਦੋਂ ਸੰਸਾਰ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦਾ ਪ੍ਰਸਾਰ ਹੋਇਆ ਅਤੇ ਸੰਸਾਰ/ਵਿਸ਼ਵ ਨੂੰ ਇੱਕ ਮੰਡੀ (ਮਾਰਕਿਟ) ਵਜੋਂ ਦੇਖਿਆ ਜਾਣ ਲੱਗਿਆ, ਤਾਂ ਕਿਸੇ ਵੀ ਕੀਮਤ 'ਤੇ ਆਪਣੇ ਪ੍ਰੋਡਕਸਟ (ਵਸਤਾਂ) ਵੇਚਣ ਲਈ ਕਾਰਪੋਰੇਟ ਕੰਪਨੀਆਂ ਦੀ ਹੋੜ੍ਹ ਲੱਗ ਗਈ। ਸਾਡੇ ਸਮਾਜ ਵਿਚ ਸਮਾਜਿਕ ਪ੍ਰਤੀਬੱਧਤਾ ਨੂੰ ਛੱਡ ਕੇ ਆਰਥਿਕਤਾ 'ਤੇ ਜ਼ਿਆਦਾ ਜ਼ੋਰ ਦੇਣ ਨਾਲ, ਨੌਜਵਾਨ ਪੀੜ੍ਹੀ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ, ਚਮਕ ਦਮਕ ਵਾਲੀ ਜ਼ਿੰਦਗੀ ਜਿਊਣ ਨੂੰ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ। ਅਨੈਤਿਕ ਕੰਮ ਕਰਕੇ ਪੈਸੇ ਕਮਾਉਣ ਦੀ ਹੋੜ ਨੇ ਸਾਡਾ ਅਮੀਰ ਸਭਿਆਚਾਰ ਹੀ ਖ਼ਤਮ ਕਰ ਕੇ ਰੱਖ ਦਿੱਤਾ।

**ਸਿੱਟਾ** (Conclusion)

ਅਣਵੰਡੇ ਪੰਜਾਬ ਦੇ ਸਮੇਂ (1947 ਤੋਂ ਪਹਿਲਾਂ) ਬ੍ਰਿਟਿਸ਼ ਰਾਜ ਸਮੇਂ ਇਹ ਖੇਤਰ ਉਨ੍ਹਾਂ ਦੀ ਬਸਤੀ ਸੀ, ਜਿਸ ਕਾਰਨ ਉਹ ਇੱਥੋਂ ਦੇ ਕੁਦਰਤੀ ਅਤੇ ਆਰਥਿਕ ਸਾਧਨਾਂ ਦੀ ਲੁੱਟ-ਖਸੁੱਟ ਨਾਲ ਆਮ ਜਨਤਾ ਦਾ ਵੀ ਸ਼ੋਸ਼ਣ ਕਰਦੇ ਸਨ। ਪਰ ਫਿਰ ਵੀ ਤਕਨਾਲੋਜੀ ਦੀ ਘਾਟ ਅਤੇ ਆਰਥਿਕ ਵਿਕਾਸ ਕਾਰਨ ਇਥੋਂ ਦੇ ਵਾਤਾਵਰਣ (ਮਿੱਟੀ, ਪਾਣੀ ਅਤੇ ਹਵਾ) ਦੀ ਸੰਭਾਲ ਰਹੀ। ਕਿਰਤ ਸਭਿਆਚਾਰ ਕਾਰਨ ਆਪਸੀ ਭਾਈਚਾਰਕ ਸਾਂਝ ਕਾਇਮ ਸੀ। ਪ੍ਰੰਤੂ ਸਿਆਸੀ ਨੇਤਾਵਾਂ ਨੇ ਸਮਾਜਿਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਸਭਿਆਚਾਰ ਵਿਗਾੜਨਾ ਸ਼ੁਰੂ ਕਰ ਦਿੱਤਾ।

ਭਾਰਤੀ ਪੰਜਾਬ (1947 ਤੋਂ 1966 ਵਿਚਕਾਰ) ਸਮੇਂ ਵੀ ਤਕਨਾਲੋਜੀ ਦੀ ਘਾਟ ਅਤੇ ਆਰਥਿਕ ਵਿਕਾਸ ਦੀ ਕਮੀ ਕਾਰਨ ਕੁਝ ਹੱਦ ਤਕ ਇਥੋਂ ਦਾ ਵਾਤਾਵਰਣ ਬਚਿਆ ਰਿਹਾ ਪਰੰਤੂ ਜਦੋਂ ਆਰਥਿਕ ਵਿਕਾਸ ਦੀ ਗਤੀ ਵਧਣ ਲੱਗੀ ਤਾਂ ਮਸ਼ੀਨੀਕਰਨ ਕਾਰਨ ਕਿਰਤ ਸਭਿਆਚਾਰ ਪ੍ਰਭਾਵਿਤ ਹੋਣ ਲੱਗਿਆ। ਭਾਵੇਂ ਪੰਜਾਬੀਆਂ ਨੇ ਆਜ਼ਾਦੀ ਲਹਿਰ ਵਿਚ 90% ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਪਰ ਸਰਕਾਰਾਂ ਵਲੋਂ ਇਸ ਨਾਲ ਵਿਤਕਰਾ ਹੁੰਦਾ ਰਿਹਾ। ਸੀਮਾਵਰਤੀ ਰਾਜ ਹੋਣ ਦੇ ਬਾਵਜੂਦ ਇੱਥੇ ਸਹੂਲਤਾਂ ਦੀ ਘਾਟ ਰਹੀ। 01 ਨਵੰਬਰ 1966, ਨੂੰ ਜਦੋਂ ਪੁਨਰਗਠਨ ਨੀਤੀ ਤਹਿਤ ਭਾਸ਼ਾ ਦੇ ਆਧਾਰ ਤੇ ਮੌਜੂਦਾ ਪੰਜਾਬ ਹੋਂਦ ਵਿਚ ਆਇਆ ਤਾਂ ਉਸ ਸਮੇਂ ਹੀ ਦੇਸ਼ ਵਿਚ ਹਰੀ ਕ੍ਰਾਂਤੀ ਦੀ ਲਹਿਰ ਸ਼ੁਰੂ ਹੋਈ ਸੀ। ਜਦੋਂ 1980 ਤੋਂ ਪਹਿਲਾਂ ਦੇਸ਼ ਵਿਚ ਅਨਾਜ ਦੀ ਘਾਟ ਸੀ ਤਾਂ ਇਕੱਲਾ ਪੰਜਾਬ ਦੇਸ਼ ਦੇ ਅੰਨ ਭੰਡਾਰ ਵਿਚ 50% ਤੋਂ ਵੱਧ ਹਿੱਸਾ ਪਾਉਣ ਲੱਗਿਆ।

ਆਰਥਿਕ ਵਿਕਾਸ ਦੀ ਹੋੜ ਵਿਚ ਕਿਰਤ ਸਭਿਆਚਾਰ ਦਾ ਖ਼ਤਮ ਹੋਣਾ, ਕੁਦਰਤੀ ਸੋਮਿਆਂ ਅਤੇ ਆਰਥਿਕ ਸਾਧਨਾਂ ਦੀ ਲੁੱਟ ਖਸੁੱਟ, ਰਾਜਨੀਤਕ ਸਾਜ਼ਿਸ਼ਾਂ ਕਾਰਨ ਇੱਥੋਂ ਦੇ ਵਾਤਾਵਰਣ (ਕੁਦਰਤੀ ਤੇ ਸਮਾਜਿਕ) ਨੂੰ ਖ਼ਰਾਬ/ਬਰਬਾਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੰਜਾਬ ਵਿਚ ਅੱਤਵਾਦ (1977-1995), ਫਿਰ ਨਸ਼ਿਆਂ ਦਾ ਰੁਝਾਨ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਰਵਾਸ ਕਰਨਾ ਤੇ ਹੁਣ ਗੈਂਗਸਟਰਵਾਦ, ਲੁੱਟਾਂ ਖੋਹਾਂ, ਫਿਰੌਤੀਆਂ ਕਾਰਨ ਮੌਜੂਦਾ ਸਮੇਂ ਅਰਾਜਕਤਾ ਫੈਲੀ ਹੋਈ ਹੈ, ਜਿਸ ਕਾਰਨ ਆਮ ਲੋਕਾਂ ਵਿਚ ਡਰ ਦਾ ਮਾਹੌਲ ਹੈ। ਰਾਜ ਵਿਚ ਆਮ ਲੋਕਾਂ ਲਈ ਕਾਨੂੰਨ ਦਾ ਨਹੀਂ ਬਲਕਿ ਡੰਡੇ ਦਾ ਰਾਜ ਚੱਲ ਰਿਹਾ ਹੈ। ਰਾਜ ਵਿਚ ਭਰਿਸ਼ਟਾਚਾਰ, ਅਨੈਤਿਕਤਾ, ਸਰਕਾਰੀ ਤੰਤਰ ਦਾ ਫੇਲ੍ਹ ਹੋਣਾ, ਵੱਡੀਆਂ ਸਮੱਸਿਆਵਾਂ ਹਨ। ਬਿਜਲੀ ਦੀ ਮੁਫ਼ਤ ਵਰਤੋਂ, ਔਰਤਾਂ ਲਈ ਮੁਫ਼ਤ ਬੱਸ ਸਹੂਲਤਾਂ ਅਤੇ ਮੁਫ਼ਤ ਆਟਾ ਦਾਲ ਸਕੀਮ ਤਹਿਤ ਕਿਰਤ ਸਭਿਆਚਾਰ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਵੱਡੇ ਪ੍ਰਸ਼ਾਸਕੀ ਪੁਲਿਸ ਅਫਸਰਾਂ ਨੂੰ ਸਹੂਲਤਾਂ ਦੇ ਕੇ ਆਮ ਸਰਕਾਰੀ ਕਰਮਚਾਰੀਆਂ (ਤਿੰਨ ਅਤੇ ਚਾਰ ਦਰਜਾ) ਦਾ ਗਲਾ ਘੁੱਟ ਕੇ ਸਰਕਾਰ ਵਲੋਂ ਜ਼ਿਆਦਤੀਆਂ ਕੀਤੀਆਂ ਜਾ ਰਹੀਆਂ ਹਨ।

ਲੋਕਾਂ ਨੂੰ ਜਾਗ੍ਰਿਤ ਹੋਣ ਦੀ ਲੋੜ ਹੈ। ਰਾਜਨੀਤਕ ਪਾਰਟੀਆਂ ਦੇ ਲੋਕ ਲੁਭਾਉਣੇ ਵਾਅਦਿਆਂ ਦੇ ਚੁੰਗਲ ਵਿਚ ਨਾ ਫਸਣ, ਬਲਕਿ ਇਮਾਨਦਾਰ ਤੇ ਸੁਹਿਰਦ ਨੇਤਾਵਾਂ ਨੂੰ ਚੁਣਨ, ਜੋ ਪੰਜਾਬ ਨੂੰ ਖੁਸ਼ਹਾਲ ਬਣਾਉਣ ਦਾ ਯਤਨ ਕਰਨ। ਪੰਜਾਬ ਵਿਚ ਕੁਝ ਇਮਾਨਦਾਰ, ਉਸਾਰੂ ਸੋਚ ਰੱਖਣ ਵਾਲੇ, ਵਧੀਆ ਆਰਥਿਕ ਨੀਤੀਆਂ ਦੇਣ ਵਾਲੇ ਸਿਆਸੀ ਆਗੂ ਅਜੇ ਵੀ ਮੌਜੂਦ ਹਨ। ਖਾਸ ਤੌਰ 'ਤੇ ਪੜ੍ਹੇ-ਲਿਖੇ, ਬੁੱਧੀਜੀਵੀ ਲੋਕਾਂ ਨੂੰ ਰਾਜਨੀਤਕ ਕਮਾਨ ਸੰਭਾਲਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ।

## ਸ਼ਿਵਚਰਨ ਜੱਗੀ ਕੁੱਸਾ ਦੀ ਲਿਖੀ ਫ਼ਿਲਮ 'ਬੇਗੋ' ਚਰਚਾ ਵਿਚ

**ਲੰਡਨ (ਬਿਊਰੋ):** ਸ਼ਿਵਚਰਨ ਜੱਗੀ ਕੁੱਸਾ ਦੀ ਨਾਵਲ ਖੇਤਰ ਵਿਚ 'ਸਰਦਾਰੀ' ਹੈ। ਇਸ ਗੱਲ ਦੀ ਸ਼ਾਹਦੀ ਖ਼ੁਦ ਪਬਲਿਸ਼ਰ ਵੀ ਭਰਦੇ ਹਨ ਕਿ ਨਾਵਲਕਾਰਾਂ ਵਿਚੋਂ ਸਭ ਤੋਂ ਵੱਧ ਪੈਸਾ ਜੱਗੀ ਕੁੱਸਾ ਨੂੰ ਮਿਲਦਾ ਹੈ। ਉਹ ਆਪਣੇ ਨਾਵਲ 'ਪੁਰਜਾ ਪੁਰਜਾ ਕਟਿ ਮਰੈ' ਨਾਲ ਤੂਫ਼ਾਨ ਬਣ ਕੇ ਆਇਆ ਅਤੇ ਅੱਜ ਤੱਕ ਝੱਖੜ ਵਾਂਗ ਝੁੱਲ ਰਿਹਾ ਹੈ। ਉਸ ਦੇ ਕੁਝ ਚਰਚਿਤ ਨਾਵਲ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਅਨੁਵਾਦ ਹੋ ਚੁੱਕੇ ਹਨ ਅਤੇ ਐਮਾਜ਼ੋਨ ਵਰਗੀਆਂ ਸਾਈਟਾਂ ਉੱਪਰ ਵੀ ਉਪਲੱਬਧ ਹਨ।

ਬਹੁ-ਚਰਚਿਤ ਫ਼ਿਲਮਾਂ 'ਸਾਡਾ ਹੱਕ' ਅਤੇ 'ਤੂਫ਼ਾਨ ਸਿੰਘ' ਤੋਂ ਸ਼ੁਰੂ ਹੋ ਕੇ 2010 ਵਿਚ ਜੱਗੀ ਕੁੱਸਾ ਨੇ ਫ਼ਿਲਮੀ ਖੇਤਰ ਵਿਚ ਪੈਰ ਰੱਖਿਆ ਅਤੇ ਮੁੜ ਪਿੱਛੇ ਨਹੀਂ ਦੇਖਿਆ। 26 ਨਾਵਲਾਂ ਸਮੇਤ 50 ਕਿਤਾਬਾਂ ਦੇ ਲੇਖਕ ਜੱਗੀ ਕੁੱਸਾ ਦੀ 'ਮਹੰਤ-ਜਨਾਂ' ਉੱਪਰ ਲਿਖੀ ਉਸ ਦੀ ਆਉਣ ਵਾਲੀ ਸਿਨੇਮਾ ਫ਼ਿਲਮ 'ਬੇਗੋ' ਅੱਜ-ਕੱਲ੍ਹ ਚਰਚਾ ਵਿਚ ਹੈ, ਜਿਸ ਨੂੰ 'ਯੁੱਗ





ਫ਼ਿਲਮ ਸਟੂਡੀਓ' ਦੇ ਐਮ.ਪੀ. ਨਿਹਾਲੇ ਵਾਲੀਆ, ਸ਼ੇਰਾ ਧੂੜਕੋਟ ਅਤੇ ਦਿਲਵੀਰ ਸਿੰਘ ਹੋਰਾਂ ਨੇ ਪ੍ਰੋਡਿਊਸ ਕੀਤਾ ਹੈ। ਇਸ ਦੇ ਡਾਇਰੈਕਟਰ ਲਵਲੀ ਸ਼ਰਮਾ ਅਤੇ ਪ੍ਰਾਜੈਕਟ ਹੈੱਡ ਕਾਬਲ ਗਿੱਲ ਹਨ। ਇਸ ਵਿਚ ਗਿਰਜਾ ਸ਼ੰਕਰ, ਕੁਲ ਸਿੱਧੂ, ਮੈਡਮ ਕੁਲਵੰਤ ਖੁਰਮੀ, ਡੇਵੀ ਸਿੰਘ, ਨਗਿੰਦਰ ਗੱਖੜ, ਪਾਲੀ ਸੰਧੂ, ਰੂਪ ਸੰਧੂ, ਮਨਪ੍ਰੀਤ ਸਿੱਧੂ, ਰਮਣੀਕ ਸ਼ਰਮਾ, ਹੈਪੀ ਪ੍ਰਿੰਸ, ਗੁਰਪ੍ਰੀਤ ਤੋਤੀ ਅਤੇ ਐਂਜਲੀਨਾ ਰਾਜਪੂਤ ਵਰਗੇ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਸ ਦੇ ਗੀਤ ਕਮਲ ਖ਼ਾਨ, ਫ਼ਿਰੋਜ਼ ਖ਼ਾਨ, ਨਛੱਤਰ ਗਿੱਲ, ਜੋਤੀ ਨੂਰਾਂ ਅਤੇ ਸਿਮਰਨ ਭਾਰਦਵਾਜ ਨੇ ਗਾਏ ਹਨ। ਇਸ ਫ਼ਿਲਮ ਦੇ ਗੀਤ ਗੱਗੂ ਘੋਤਕੋਟ ਨੇ ਲਿਖੇ ਹਨ ਅਤੇ ਇਸ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਇਹ ਫ਼ਿਲਮ ਜਲਦੀ ਹੀ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਸ਼ਿਵਚਰਨ ਜੱਗੀ ਕੁੱਸਾ ਦਾ ਲਿਖਿਆ ਅਗਲਾ ਵੱਡਾ ਪ੍ਰਾਜੈਕਟ 'ਇੱਕ ਸੀ ਲਾਲੀ' ਦਾ ਐਲਾਨ ਵੀ ਹੋ ਚੁੱਕਾ ਹੈ, ਜਿਸ ਦੀ 80 ਪ੍ਰਤੀਸ਼ਤ ਸ਼ੂਟਿੰਗ ਮਈ-ਜੂਨ ਮਹੀਨੇ ਇੰਗਲੈਂਡ ਵਿਚ ਕੀਤੀ ਜਾਵੇਗੀ।

# 'ਯਾਰ ਰਬਾਬੀ' -ਸੁਖਪ੍ਰੀਤ ਬੱਡੋਂ ਦੇ ਸੂਖ਼ਮ ਤੇ ਸੰਵੇਦਨਸ਼ੀਲ ਕਾਵਿ-ਮਨ ਦੀ ਸੁਹਜਮਈ ਸਿਰਜਣਾ!!

ਜਦੋਂ ਮੁਹੱਬਤ ਦੀ ਗੱਲ ਤੁਰਦੀ ਹੈ... ਤਾਂ ਸਾਡੇ ਰੰਗਲੇ ਪੰਜਾਬ ਦੇ ਸੱਭਿਆਚਾਰ ਦੀਆਂ ਡੂੰਘੀਆਂ ਜੜ੍ਹਾਂ ਖ਼ੁਦ-ਬ-ਖ਼ੁਦ ਯਾਦ ਆਉਂਦੀਆਂ ਹਨ। ਮੁਹੱਬਤ ਪੰਜਾਬ ਅਤੇ ਪੰਜਾਬੀਆਂ ਦੀ ਰੂਹ ਦੇ ਧੁਰ ਅੰਦਰ ਸਮਾਈ ਹੋਈ ਹੈ।

ਬਾਬੇ ਨਾਨਕ ਅਤੇ ਮਰਦਾਨੇ ਦੀ ਮੁਹੱਬਤ ਦੀ ਤਾਰ ਰਬਾਬ ਦੀ ਧੁਨ ਦਾ ਸੰਗੀਤ ਸੀ ਜੋ ਉਨਾਂ ਨੂੰ ਆਪਸ ਵਿੱਚ ਜੋੜਨ ਦੇ ਨਾਲ ਹੀ ਰੱਬ ਨਾਲ ਵੀ ਜੋੜੀ ਰੱਖਦੀ ਸੀ। ਪੰਜਾਬ ਦੀ ਵਿਲੱਖਣ ਭੋਇੰ ਅਤੇ ਇਤਿਹਾਸ ਨੂੰ ਫਰੋਲਦਿਆਂ ਮੁਹੱਬਤੀ ਯੋਗੀਆਂ ਨੂੰ ਅਨੇਕਾਂ ਅਮਰ ਮੁਹੱਬਤਾਂ ਦੀਆਂ ਪੈੜਾਂ ਮਿਲ ਜਾਣਗੀਆਂ। ਇਹ ਸੱਚਾ ਇਸ਼ਕ ਜਾਂ ਸੱਚੀ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਮੁਹੱਬਤ ਚਾਹੇ ਰੱਬ ਨਾਲ ਹੋਵੇ, ਕੁਦਰਤ ਨਾਲ ਜਾਂ ਫਿਰ ਯਾਰ-ਦਿਲਦਾਰ ਨਾਲ ਹੋਵੇ। ਸੁਖਪ੍ਰੀਤ ਬੱਡੋਂ ਦੀ ਸੂਖਮਤਾ ਅਤੇ ਸੰਵੇਦਨਾ ਨਾਲ ਲਬਰੇਜ਼ ਕਵਿਤਾ ਵੀ ਇਸ ਮੁਹੱਬਤ ਦੀ ਨਿਸ਼ਾਨਦੇਹੀ ਕਰਦੀ ਹੈ।

### ਸੁਖਪ੍ਰੀਤ ਬੱਡੋਂ ਦੇ ਸਾਹਿਤਕ ਸਫ਼ਰ ਨੂੰ ਜਾਣਦਿਆਂ...

ਦਰਅਸਲ ਸੰਵੇਦਨਸ਼ੀਲ ਮਨੁੱਖ ਦੀ ਕੋਮਲ ਰੂਹ ਅੰਦਰ ਅਨੁਭਵਾਂ ਜਾਂ ਅਹਿਸਾਸਾਂ ਦਾ ਚਸ਼ਮਾ ਫੁੱਟਦਾ ਹੀ ਰਹਿੰਦਾ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅਤੇ ਚਾਹੁੰਦਿਆਂ ਹੋਇਆਂ ਵੀ ਉਹ ਇਸ ਪ੍ਰਕਿਰਿਆ ਨੂੰ ਬਾਹਲੀ ਦੇਰ ਤੱਕ ਰੋਕ ਜਾਂ ਟੋਕ ਨਹੀਂ ਸਕਦਾ। ਇਨ੍ਹਾਂ ਅਨੁਭਵਾਂ, ਜਜ਼ਬਾਤਾਂ, ਅਹਿਸਾਸਾਂ ਅਤੇ ਵਲਵਲਿਆਂ ਦਾ ਸੰਗਮ ਫਿਰ ਸ਼ਬਦਾਂ ਦਾ ਵਹਿਣ ਬਣ ਵਹਿ ਤੁਰਦਾ ਹੈ - ਗੀਤ, ਗ਼ਜ਼ਲ, ਕਵਿਤਾ, ਕਹਾਣੀ, ਵਾਰਤਾ, ਜਾਂ ਫਿਰ ਸਾਹਿਤ ਦੇ ਕਿਸੇ ਵੀ ਰੂਪ ਵਿੱਚ... ਪਾਣੀ ਦੀ ਤਰਾਂ - ਕਦੇ ਵਾਸ਼ਪਾਂ ਵਿੱਚ, ਬੱਦਲਾਂ ਤੇ ਝੀਲਾਂ, ਨਦੀਆਂ, ਨਾਲਿਆਂ, ਦਰਿਆਵਾਂ ਤੇ ਕਦੇ ਵਿਸ਼ਾਲ ਸਮੁੰਦਰਾਂ ਦੀਆਂ ਵਿਸ਼ਾਲ ਛੱਲਾਂ ਵਾਂਗ..।

ਕੈਨੇਡਾ ਦੇ ਖ਼ੂਬਸੂਰਤ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਇਲਾਕੇ ਵਿੱਚ ਦਹਾਕਿਆਂ ਤੋਂ ਪਰਵਾਸ ਦਾ ਦੁੱਖ-ਸੁਖ ਹੰਢਾਉਂਦਿਆਂ ਸੁਖਪ੍ਰੀਤ ਬੱਡੋਂ ਦੇ ਸੰਵੇਦਨਸ਼ੀਲ ਮਨ ਅੰਦਰ ਵੀ ਸਾਹਿਤ ਦਾ ਫੁੱਟਿਆ ਹੋਇਆ ਚਸ਼ਮਾ ਆਖ਼ਰ ਕਾਵਿਕ ਅਲਫ਼ਾਜ਼ਾਂ ਦਾ ਰੂਪ ਲੈ ਕੇ ਵਹਿੰਦਾ-ਵਹਿੰਦਾ ਵਹਿ ਤੁਰਿਆ ਅਤੇ ਲਗਾਤਾਰ ਵਹਿ ਰਿਹਾ ਹੈ। ਉਸ ਦੇ ਪਲੇਠੇ ਕਾਵਿ ਸੰਗ੍ਰਹਿ 'ਯਾਰ ਰਬਾਬੀ' ਤੋਂ ਇੰਜ ਮਹਿਸੂਸ ਹੁੰਦਾ ਹੈ ਕਿ ਸੁਖਪ੍ਰੀਤ ਬੱਡੋਂ ਦੀ ਕਵਿਤਾ ਉਸ ਦੇ ਹਿਰਦੇ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ। ਉਸ ਦੀ ਕਵਿਤਾ ਵਿਚਲੀ ਗਹਿਰੀ ਸੰਵੇਦਨਾ, ਅਧਿਆਤਮਿਕਤਾ ਅਤੇ ਅਨੁਭਵਾਂ/ਅਹਿਸਾਸਾਂ ਦੀ ਸੂਖਮਤਾ ਕਵਿਤਾ ਵਿਚਲੇ ਸ਼ਬਦਾਂ ਦੇ ਸਿੱਧੇ-ਸਾਧੇ ਅਰਥਾਂ ਦੀ ਬਜਾਏ ਭਾਵਨਾਵਾਂ ਦੇ ਅਹਿਸਾਸ ਨੂੰ ਪ੍ਰਗਟ ਕਰਦੇ ਨੇ!

### 'ਯਾਰ ਰਬਾਬੀ' ਨੂੰ ਪੜ੍ਹਦਿਆਂ ਅਤੇ ਮਾਣਦਿਆਂ...

ਹਰਫ਼ ਜੁੜਦੇ ਹਨ ਤਾਂ ਸ਼ਬਦ ਬਣ ਜਾਂਦੇ ਹਨ... । ਸ਼ਬਦ ਰੂਹ ਨੂੰ ਆਵਾਜ਼ ਦਿੰਦੇ ਹਨ। ਸੁਖਪ੍ਰੀਤ ਬੱਡੋਂ ਦੀ ਕਵਿਤਾ ਦੇ ਅੰਤਰੀਵ ਵਿੱਚੋਂ ਕੁਦਰਤ, ਰੂਹਾਨੀਅਤ, ਸੂਫ਼ੀ, ਰੋਮਾਂਸ, ਪਦਾਰਥ, ਪਰਵਾਸੀ ਪਰਵਾਜ਼, ਸਮਾਜਿਕ ਨਾਬਰਾਬਰੀ ਅਤੇ ਨਾਰੀਵਾਦ ਦੇ ਵਿਸ਼ਿਆਂ ਦੇ ਰੰਗ ਅਤੇ ਰਸ ਉਭਰਦੇ ਹਨ, ਜੋ ਸੁਹਿਰਦ ਪਾਠਕ ਦੇ ਮਨ ਨੂੰ ਮੋਹ ਲੈਂਦੇ ਹਨ।ਉਸ ਦਾ ਇਹ ਪਲੇਠਾ ਕਾਵਿ ਸੰਗ੍ਰਹਿ ਪਾਠਕ ਨੂੰ ਪਲੇਠਾ ਮਹਿਸੂਸ ਨਹੀਂ ਹੁੰਦਾ। ਜਿਸ ਦਾ ਕਾਰਨ ਯਕੀਨਨ ਹੀ ਸੁਖਪ੍ਰੀਤ ਦੇ ਮਨ ਦੇ ਵਲਵਲਿਆਂ, ਜਜ਼ਬਾਤਾਂ ਅਤੇ ਅਹਿਸਾਸਾਂ ਦਾ ਕੜ੍ਹ ਕੇ, ਰੜ੍ਹ ਕੇ, ਪੱਕ ਕੇ ਅਤੇ ਰਸ ਕੇ ਬਾਹਰ ਆਉਣਾ ਲੱਗਦਾ ਹੈ ਜੋ ਸੁਖਪ੍ਰੀਤ ਦੀ ਸਿਰਜਣਾ ਨੂੰ ਸਹਿਜ ਅਤੇ ਸੁਹਜ ਦਿੰਦਾ ਹੈ।

'ਯਾਰ ਰਬਾਬੀ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿਚਲੀ ਮੁਹੱਬਤੀ ਲੈਅ, ਰਸ, ਰਬਾਬੀ ਧੁਨਾਂ ਅਤੇ ਸੁਰ ਉਸ ਦੀਆਂ ਕਵਿਤਾਵਾਂ ਨੂੰ ਹੋਰ ਰਸੀਲੀਆਂ ਬਣਾ ਦਿੰਦੀਆਂ ਹਨ। ਉਹਦੀ ਕਵਿਤਾ ਪਾਠਕ ਨਾਲ ਸੰਵਾਦ ਰਚਾਉਂਦੀ ਹੈ, ਗੱਲ-ਬਾਤ ਕਰਦੀ ਹੈ ਅਤੇ ਆਪਣੇ ਨਾਲ ਤੋਰਦੀ ਹੋਈ ਪਾਠਕ ਦੀ 'ਰੂਹ ਨੂੰ ਧੂਹ' ਵੀ ਪਾਉਂਦੀ ਹੈ।

ਚੇਤਨਾ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ 111 ਪੰਨਿਆਂ ਦੇ ਇਸ ਕਾਵਿ ਸੰਗ੍ਰਹਿ ਵਿੱਚ 97 ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਵਿਭਿੰਨ ਵਿਸ਼ਿਆਂ ਅਤੇ ਰੰਗਾਂ-ਰਸਾਂ ਨਾਲ ਭਰਪੂਰ ਇਹ ਗੁਲਦਸਤਾ ਸੁਖਪ੍ਰੀਤ ਬੱਡੋਂ ਵੱਲੋਂ ਸਾਹਿਤ ਪ੍ਰੇਮੀਆਂ ਲਈ ਉਸ ਦਾ ਪਲੇਠਾ ਸਾਹਿਤਕ ਤੋਹਫ਼ਾ ਹੈ।

ਸੰਗ੍ਰਹਿ ਦੀ ਸ਼ੁਰੂਆਤੀ ਕਵਿਤਾ 'ਤੇਰੇ ਮਨ 'ਚ ਕੀ' ਤੋਂ ਤੁਰਦਿਆਂ ਅਖ਼ੀਰਲੀ ਰਚਨਾ 'ਰੱਬ ਦਾ ਡੰਡਾ' ਤੱਕ ਪਹੁੰਚਦਿਆਂ ਪਾਠਕ ਨੂੰ ਸੁਖਪ੍ਰੀਤ ਬੱਡੋਂ ਦੇ ਵਿਭਿੰਨ ਅਹਿਸਾਸਾਂ ਅਤੇ ਰੰਗਾਂ ਰਸਾਂ ਦੀ ਰਮਣੀਕ ਝਲਕ ਮਿਲਦੀ ਹੈ। ਕਵਿਤਾਵਾਂ ਸਾਰਥਿਕ ਸੁਨੇਹੇ ਵੀ ਦਿੰਦੀਆਂ ਜਾਂਦੀਆਂ ਹਨ।

ਮਹਿਜ਼ 'ਤਿੰਨ ਅੱਖਰਾਂ' ਦਾ ਸ਼ਬਦ 'ਇਸ਼ਕ' ਆਪਣੀ ਰੂਹ ਅੰਦਰ ਵਿਸ਼ਾਲ ਅਤੇ ਗਹਿਰੇ ਰਹੱਸ ਸਮੋਈ ਬੈਠਾ ਹੈ। ਗੱਲ ਇਸ਼ਕ ਹਕੀਕੀ (ਰੂਹਾਨੀ) ਜਾਂ ਫਿਰ ਮਜਾਜੀ (ਦੁਨਿਆਵੀ) ਦੀ ਹੋਵੇ, ਇਸ ਤੋਂ ਬਗ਼ੈਰ ਮਨੁੱਖ ਜਿਉਂਦਾ ਕਿੱਥੇ ਹੈ? ਸੱਚੇ-ਸੁੱਚੇ ਇਸ਼ਕ ਵਿੱਚ ਸਮਾਈਆਂ ਦੋ ਰੂਹਾਂ ਇੱਕ ਹੋ ਜਾਂਦੀਆਂ ਹਨ। ਸਾਡੇ ਰੰਗਲੇ ਸਾਂਝੇ ਪੰਜਾਬ ਦਾ ਇਤਿਹਾਸ ਇਸ ਦਾ ਗਵਾਹ ਹੈ। ਇਹ ਇਸ਼ਕ ਚਾਹੇ ਬਾਬਾ ਬੁੱਲੇ ਸ਼ਾਹ ਦਾ ਰੱਬ ਨਾਲ ਹੋਵੇ - 'ਤੇਰੇ ਇਸ਼ਕ ਨਚਾਇਆ, ਕਰ ਥਈਆ ਥਈਆ'... ਜਾਂ ਫਿਰ ਦੋ ਦੁਨਿਆਵੀ ਆਸ਼ਕਾਂ ਦਾ ਹੋਵੇ - 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ'...!

ਸੁਖਪ੍ਰੀਤ ਬੱਡੋਂ ਦੀ ਕਵਿਤਾ 'ਇਸ਼ਕ ਨੂਰ' ਵੀ ਹੀਰ-ਰਾਂਝਾ, ਸੋਹਣੀ-ਮਹੀਂਵਾਲ ਅਤੇ ਸ਼ੀਰੀ-ਫ਼ਰਹਾਦ ਦੀ ਪਾਕਿ ਮੁਹੱਬਤ ਬਾਰੇ ਇਹੀ ਕਹਿ ਰਹੀ ਹੈ...

ਇਸ਼ਕ ਅਵੱਲਾ ਨੂਰ ਹੈ ਐਸਾ
ਜੋ ਰੂਹੋਂ ਰੂਹ ਨੂੰ ਦੇਵੇ ਸਾਹ
ਇਸ ਰਾਹ 'ਤੇ "ਹੀ ਤੁਰਦੇ
ਜੋ ਜਾਨਣ ਧਰਨਾ ਤਲੀ ਅੰਗਾਰ..

'ਅੱਖੀਆਂ' ਕਵਿਤਾ ਵਿੱਚ ਸੁਖਪ੍ਰੀਤ ਬੱਡੋਂ ਨੇ ਅੱਖੀਆਂ ਨੂੰ ਬਹੁਤ ਵਿਲੱਖਣ ਸੂਖਮ ਅੰਦਾਜ਼ ਵਿੱਚ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ...

ਇਸ਼ਕ ਕਰ ਜਾਏ ਰੂਹ 'ਤੇ ਹੱਲਾ
ਤੇ ਦਿਲ ਲਿਖਦਾ ਏ ਪੈਗ਼ਾਮ
ਨਾ ਜਾਣੇ ਫਿਰ ਵੀ ਕਿ"
ਅੱਖੀਆਂ ਹੋ ਜਾਵਣ ਬਦਨਾਮ

ਦਰਦਾਂ ਇਨ੍ਹਾਂ ਤੋਂ ਸਹਿ ਨਹੀਂ ਹੁੰਦਾ
ਜਦ ਟੁੱਟਣ ਰੂਹਾਂ ਕੀਤੇ ਕੌਲ
ਛੰਮ ਛੰਮ ਰੋਵਣ ਅੱਖੀਆਂ
ਤੇ ਦਿਲ 'ਚ ਉੱਠਣ 'ਕੱਲੇ ਹੌਲ

ਸੂਫ਼ੀ ਰੂਹ ਅਤੇ ਅੰਦਾਜ਼ ਵਾਲੀ ਸਿਰਜਣਾ 'ਪਰਛਾਵਾਂ' ਨੂੰ ਪੜ੍ਹਦਿਆਂ ਮੈਨੂੰ ਇਸ਼ਕ ਹਕੀਕੀ ਅਤੇ ਸੂਫ਼ੀ ਸੁਲਤਾਨ ਬਾਹੂ, ਸ਼ਾਹ ਹੁਸੈਨ ਤੇ ਬਾਬਾ ਬੁੱਲ੍ਹੇ ਸ਼ਾਹ ਯਾਦ ਆ ਗਿਆ...

ਨਾ ਮੈਂ ਵਿੱਚ ਗਿਰਜੇ ਜਾਵਾਂ
ਨਾ ਮੱਕੇ ਜਾ ਹੱਜ ਮਨਾਵਾਂ
ਨਾ ਵਿੱਚ ਗੰਗਾ ਜਾ ਡੁਬਕੀ ਲਾਵਾਂ
ਪਾ ਇਸ਼ਕ ਦੀ ਸੋਹਣੀ ਝਾਂਜਰ
ਮੈਂ ਨੱਚ ਨੱਚ ਸੋਹਣਾ ਯਾਰ ਮਨਾਵਾਂ...

ਪਰਵਾਸ ਦੀ ਤ੍ਰਾਸਦੀ ਅਤੇ ਪਰਵਾਸੀਆਂ ਦੇ ਮਨ ਦੀ ਕਸ਼ਮਕਸ਼ ਨੂੰ ਪ੍ਰਗਟਾਉਂਦੀ ਕਵਿਤਾ 'ਠੰਗ ਮਿੱਟੀ' ਵਿੱਚ ਲੇਖਿਕਾ ਦੇ ਲਲਾਰੀ ਮਨ ਨੇ ਖ਼ੂਬਸੂਰਤੀ ਨਾਲ ਇੰਜ ਰੰਗਿਆ ਹੈ...

.... ਜਿੱਥੇ ਰੂਹ ਹੈ ਮੇਰੀ ਵੱਸਦੀ
ਉਹ ਮਿੱਟੀ ਪਰਲੇ ਦਰਜੇ ਦੀ ਠੰਗ
ਦਿਲ ਚਾਹੇ ਉਸ ਮਿੱਟੀ ਸੌਂਵਣਾ
ਘੁੰਮ ਦੇਖਿਆ ਮੈਂ ਸਾਰਾ ਜੱਗ

ਵਿਛੋੜਾ ਦਰਦਨਾਕ ਸਥਿਤੀ ਦਾ ਪ੍ਰਤੀਕ ਹੁੰਦਾ ਹੈ। ਆਪਣੇ ਪ੍ਰਦੇਸੀ ਪਤੀ ਤੋਂ ਵਿਛੜੀ ਔਰਤ ਦੇ ਦਿਲ ਦੀ ਹੂਕ ਨੂੰ ਸੁਖਪ੍ਰੀਤ ਬੱਡੋਂ ਨੇ 'ਬਿਰਹਨ ਦੀ ਪੁਕਾਰ' ਰਚਨਾ ਵਿੱਚ ਵਿਲੱਖਣ ਰੰਗ ਰੂਪ ਦਿੱਤਾ ਹੈ...

ਉੱਪਰੋਂ ਉੱਪਰੋਂ ਰਹਿੰਦੀ ਹੱਸਦੀ
ਪਰ ਰੂਹ ਨੂੰ ਪਏ ਨੇ ਛਾਲੇ
ਹਾਸੇ ਖ਼ੁਸ਼ੀਆਂ ਕੋਠੜੀ ਧਰ ਕੇ
ਇਹਨੇ ਉੱਪਰੋਂ ਮਾਰੇ ਤਾਲੇ

ਵਿੱਚ ਪ੍ਰਦੇਸੀਂ ਜਾ ਕੇ ਬਹਿ ਗਇ"
ਕਰਨ ਨੂੰ ਤੂੰ ਗੂੜ੍ਹ ਕਮਾਈਆਂ
ਹੰਝੂ ਇਹਦੇ ਦੀ ਜੇ ਕੀਮਤ ਪਾਵੇਂ
ਬਰਕਤਾਂ ਇੱਥੇ ਹੀ ਦੂਣ-ਸਵਾਈਆਂ॥

ਸੂਖਮਤਾ ਨਾਲ ਲਬਰੇਜ਼ ਛੋਟੀਆਂ ਨਜ਼ਮਾਂ 'ਦਸਤੂਰ', 'ਸਜਦਾ', 'ਤੇਰੀ ਸ਼ਰੀਅਤ', 'ਸ਼ੀਸ਼ੇ ਪਿੱਛੇ', 'ਇਸ਼ਕ ਦਾ ਰਾਹ', 'ਤੈਨੂੰ ਕਿ" ਮਨਾਊਂ', 'ਖਾਰੇ', 'ਦੀਵਾ ਬੱਤੀ', 'ਮੇਰੀ ਇੱਛਾ', 'ਜਿਸਮਾਂ ਦਾ ਬਾਜ਼ਾਰ', 'ਕਰਮ ਜੋਗਣ', 'ਪਿੱਛਲੱਗ', 'ਮਜ਼ਾਜੀ ਤੇ ਹਕੀਕੀ', 'ਯਾਦਾਂ', 'ਜਿੰਦ ਨਿਮਾਣੀ', 'ਗੁਜ਼ਰਾ ਪਲ', 'ਫ਼ੱਕਰ', 'ਵੈਰਾਗ', 'ਜਿੰਦ ਮਜਾਜਣ', ਅਤੇ 'ਮਤਲਬੀ ਰੂਹ' ਆਦਿ ਚੰਦ ਕੁ ਸ਼ਬਦਾਂ ਵਿੱਚ ਹੀ ਢੇਰ ਸਾਰੀਆਂ ਰੂਹ ਦੀਆਂ ਰਮਜ਼ਾਂ ਸਮਝਾ ਜਾਂਦੀਆਂ ਹਨ ਅਤੇ ਪਾਠਕ ਨਾਲ ਕਿੱਕਲੀ ਪਾ ਜਾਂਦੀਆਂ ਹਨ।

ਭਾਵੇਂ ਪੰਜਾਬੀਆਂ ਦੇ ਪੈਰ ਚੱਕਰ ਪਿਆ ਹੋਇਆ ਹੈ ਅਤੇ ਪੰਜਾਬ ਵਿੱਚੋਂ ਉਡਾਰੀ ਮਾਰਨ ਲਈ ਹਰ ਕੋਈ ਤਰਲੋ ਮੱਛੀ ਹੋ ਰਿਹਾ ਹੈ। ਪਰ ਪਰਵਾਸ ਵੀ ਦੂਰੋਂ ਦਿਖਦੇ ਪਹਾੜਾਂ ਵਰਗਾ ਰੰਗੀਨ ਅਤੇ ਹੁਸੀਨ ਹੀ ਹੈ। ਅਕਸਰ ਕਿਹਾ ਜਾਂਦਾ ਹੈ ਕਿ 'ਰਾਹ ਪਿਆ ਜਾਣੀਏ ਜਾਂ ਫਿਰ ਵਾਹ ਪਿਆ ਜਾਣੀਏ'..। 'ਕੋਹਲੂ ਦਾ ਬੈਲ' ਕਵਿਤਾ ਵਿੱਚ ਸੁਖਪ੍ਰੀਤ ਬੱਡੋਂ ਨੇ ਪਰਵਾਸੀ ਜੀਵਨ ਦੇ ਸੰਘਰਸ਼ ਨੂੰ ਕੁਝ ਕੁ ਲਾਈਨਾਂ ਵਿੱਚ ਹੀ ਇੰਨ-ਬਿੰਨ ਪਰੋ ਦਿੱਤਾ...

ਆਪਣੀ ਮਿੱਟੀ ਵਿੱਚ ਹੁੰਦੇ ਸੀ ਜਿਨ੍ਹਾਂ ਦੇ ਕੱਪੜੇ ਗੰਦੇ
ਦੇਖੋ ਕਨੇਡਾ ਆ ਕੇ ਕੋਹਲੂ ਦੇ ਬੈਲ ਬਣ ਗਏ ਉਹ ਬੰਦੇ
ਨਾ ਉਹ ਲੋਹੜੀ, ਦੀਵਾਲੀ, ਦੁਸਹਿਰੇ, ਨਾ ਬਸੰਤ ਬਹਾਰਾਂ
ਆਈਆਂ
ਅੱਗੋਂ ਜੰਮਿਆਂ ਨੂੰ ਨਾ ਕਹਾਣੀ ਸੁਣਾਉਂਦੀਆਂ ਦਾਦੀਆਂ
ਮਾਈਆਂ!!

ਜੰਮਣ ਤੋਂ ਚਿਰ ਪਹਿਲਾਂ ਤੋਂ ਸ਼ੁਰੂ ਹੋਈ ਧੀ-ਪੁੱਤ ਦੀ ਨਾ-ਬਰਾਬਰੀ ਧੁਰ ਸਿਵਿਆਂ ਤੱਕ ਜਾਰੀ ਰਹਿੰਦੀ ਹੈ। ਧੀ ਨੂੰ 'ਚੰਗਾ ਜੀਅ' ਗਿਣਿਆ ਜਾਂ ਮੰਨਿਆ ਹੀ ਨਹੀਂ ਗਿਆ। ਪੰਜਾਬੀਆਂ ਵਿੱਚ ਧੀਆਂ ਨੂੰ ਕੁੱਖਾਂ ਵਿੱਚ ਹੀ ਦਫ਼ਨ ਕਰ ਦੇਣ ਦੇ ਰਿਵਾਜ ਨਾਲ ਤਾਂ ਇਹ ਤ੍ਰਾਸਦੀ ਹੱਦਾਂ ਬੰਨੇ ਹੀ ਪਾਰ ਕਰ ਗਈ। ਮਰਦ ਪ੍ਰਧਾਨ ਸਮਾਜ ਵਿੱਚ ਨਾਰੀ ਦਾ ਸ਼ੋਸ਼ਣ ਜਾਰੀ ਰਹਿੰਦਾ ਹੈ। ਇਸ ਨਾ-ਬਰਾਬਰੀ ਨੂੰ ਪੁਕਾਰਦੀਆਂ ਲਾਜਵਾਬ ਕਵਿਤਾਵਾਂ 'ਧੀ ਦੀ ਪੁਕਾਰ' ਅਤੇ 'ਔਰਤ' ਦੀਆਂ ਇਹ ਕੁਛ ਸਤਰਾਂ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਰਹੀਆਂ ਨੇ...

ਪੁੱਤ ਬਰਾਬਰ ਸਾਂ ਬੱਸ ਕਹਿਣ ਨੂੰ ਮੈਂ
ਇੱਜ਼ਤ ਦੀ ਚਾਦਰ 'ਚ ਲਾਸ਼ ਲਪੇਟੀ
ਜਾਂ ਸਾਂ ਇੱਕ ਚੀਜ਼ ਜਾਂ ਇੱਕ ਖਿਡੌਣਾ
ਦਿਲੋਂ ਉਤਰਿਆ ਤਾਂ ਆਖ਼ਿਰ ਮਿੱਟੀ ਦਬਾਉਣਾ ਸੀ

ਹੁੰਦਾ ਪੁੱਤ ਜੇ ਤੇਰਾ...
ਬਾਪੂ ਖਿੱਚ ਕਲੇਜੇ ਲਾਉਣਾ ਸੀ!!

ਔਰਤ...
ਜਿਸ ਹੱਡ ਮਾਸ ਦਾ ਘੜਿਆ ਤੂੰ
ਉਸੇ ਹੱਡ ਮਾਸ ਦੀ ਮੈਂ ਵੀ ਹੂੰ

ਨੌਂ ਮਹੀਨੇ ਚੁੱਕ ਭਾਰ ਤੇਰੀ ਔਧ ਵਧਾਵਾਂ
ਫਿਰ ਵੀ ਬੇ-ਅਕਲ ਤੇ ਕਮਜ਼ੋਰ ਮੈਂ ਕਹਾਵਾਂ

ਆਪਣੇ 'ਵੈਨਕੂਵਰ ਸ਼ਹਿਰ' ਬਾਰੇ ਵੀ ਸੁਖਪ੍ਰੀਤ ਨੇ ਬਹੁਤ ਖ਼ੂਬ ਲਿਖਿਆ ਹੈ। ਉਹ ਸ਼ਹਿਰ ਜਿੱਥੇ ਸੂਰਜ ਸੌਂ ਜਾਂਦਾ ਹੈ ਅਤੇ ਜਾਗ ਵੀ ਉੱਠਦਾ ਹੈ, ਪਰ ਪੱਥਰਾਂ ਦਾ ਇਹ ਸ਼ਹਿਰ ਖ਼ੁਦ ਕਦੇ ਸੌਂਦਾ ਹੀ ਨਹੀਂ...।

'ਇਸ਼ਕੇ ਦਾ ਰੰਗ' ਕਵਿਤਾ ਵਿੱਚ ਸੁਖਪ੍ਰੀਤ ਨੇ ਮਨ ਦੇ ਵਲਵਲਿਆਂ ਨੂੰ ਰੋਮਾਂਸ ਵਿੱਚ ਰੰਗਿਆ ਹੈ। ਖ਼ੂਬਸੂਰਤ ਕਵਿਤਾ ਹੈ... ਜਿਸ ਦੀਆਂ ਕੁੱਝ ਲਾਈਨਾਂ ਵਿੱਚੋਂ ਪਾਠਕ ਨੂੰ ਲੇਖਿਕਾ ਦੇ ਸੰਵੇਦਨਸ਼ੀਲ ਕਾਵਿ ਮਨ ਦੀ ਝਲਕ ਪੈਂਦੀ ਹੈ।


ਤੂੰ ਖਿੱਚ ਖਿੱਚ ਮਾਰੇ
ਤੀਰ ਲੰਘੇ ਰੂਹੋਂ ਪਾਰ
ਪਿੱਛੇ ਮੁੜ ਤੱਕਿਆ ਨਾ ਤੂੰ
ਜਿਹੜੇ ਹੱਸ ਕੋਲੋਂ ਦੀ ਲੰਘੇ
ਉਨ੍ਹਾਂ ਯਾਰਾਂ ਕੋਲੋਂ ਪੁੱਛ...!!

ਪੁਸਤਕ ਦੇ ਟਾਈਟਲ ਵਾਲੀ ਕਵਿਤਾ 'ਯਾਰ ਰਬਾਬੀ' ਅਤੇ ਕੁਦਰਤ ਪ੍ਰਤੀ ਸਨੇਹ ਪ੍ਰਗਟਾਉਂਦੀਆਂ ਰਚਨਾਵਾਂ 'ਕੁਦਰਤ' ਅਤੇ 'ਬਸੰਤ' ਦੀਆਂ ਕੁਝ ਲਾਈਨਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਬਣਦੀਆਂ ਹਨ, ਜੋ ਸੁਖਪ੍ਰੀਤ ਬੱਡੋਂ ਦੀ ਬਹੁਪੱਖੀ ਸਿਰਜਣਾਤਮਿਕ ਸਮਰੱਥਾ ਦੀਆਂ ਪ੍ਰਮਾਣ ਵੀ ਹਨ।

ਪੰਜਵੀਂ ਅੱਗ ਇਹ ਕੈਸੀ... ਲੋਕੋ...
ਬਲਦੀ ਅੰਦਰ... ਅੰਦਰੋਂ ਹੀ ਵੱਢ ਖਾਵੇ
ਯਾਰ ਰਬਾਬੀ ਅੰਦਰ ਬੈਠਾ ਹੱਸੇ
ਬਾਹਰ ਤੱਕਾਂ ਤਾਂ... " ਮਹਿਕਾਂ ਬਰਸਾਵੇ
ਯਾਰ ਨੂੰ ਆਖੋ... ਸਾਹਮਣੇ ਆ ਲੁੱਟੇ
ਅੰਦਰ ਬੈਠ ਕੀ ਲੱਭਣਾ... ਸਾਹਮਣੇ ਬੈਠ...
ਅੱਖਾਂ ਨਾਲ ਪੀਵੇ.. . ਤੇ ਪਿਲਾਵੇ...!!
(ਯਾਰ ਰਬਾਬੀ)

ਲੈ ਰੰਗ ਬਰੰਗੀਆਂ ਚੁੰਨੀਆਂ
ਤਿਤਲੀਆਂ ਗ਼ਿੱਝਣ ਭੱਜੀਆਂ ਜਾਵਣ
ਦੇਖ ਨਜ਼ਾਰਾ ਖ਼ਲਕਤ ਦਾ
ਮਾਂ ਕੁਦਰਤ ਖਿੜ ਖਿੜ ਪਈ ਹੱਸੇ
ਚੁੱਪ ਬੈਠੇ ਕਿਸੇ ਫ਼ਕੀਰ ਦੀ ਕੁੱਲੀ 'ਚੋਂ
ਰੱਬ ਝੀਥਾਂ ਥਾਣੀ ਤੱਕੇ । (ਕੁਦਰਤ)

ਲੱਗਦਾ ਐ ਹੋਇਆ ਏ ਅੰਬਰ ਵੀ ਅੱਜ ਆਸ਼ਿਕ



ਰੰਗ ਬਰੰਗੀ ਚੁੰਨੀ ਧਰਤ ਨੂੰ ਹੈ ਉਸ ਨੇ ਪਹਿਨਾਈ
ਤੇ ਮਾਂ ਕੁਦਰਤ ਨੇ ਲਈ ਅੰਗੜਾਈ
ਬਸੰਤ ਰੁੱਤ ਦੇ ਆਗਮਨ ਤੇ ਸਭ ਰਲ ਮਿਲ ਦੇਣ ਵਧਾਈ
(ਬਸੰਤ)

ਮਨੁੱਖ ਦਾ ਜਮਾਂਦਰੂ ਸੁਭਾਅ ਹੈ ਕਿ ਜਿੱਥੇ ਤੱਕ ਉਹਦੀਆਂ ਚੰਮ ਦੀਆਂ ਚਲਦੀਆਂ ਹਨ ਉਹ ਚਲਾਉਣ ਤੋਂ ਬਾਜ ਨਹੀਂ ਆਉਂਦਾ! ਦੁਨਿਆਵੀ ਪਦਾਰਥਾਂ ਜਾਂ ਫਿਰ ਹੋਰ ਵਿਕਾਰਾਂ ਦਾ ਭਰਿਆ ਅਤੇ ਸਤਾਇਆ ਮਨੁੱਖ ਦੂਸਰਿਆਂ ਨੂੰ ਤੰਗ ਕਰਦਾ ਹੈ ਅਤੇ ਕਮਜ਼ੋਰਾਂ ਦਾ ਸ਼ੋਸ਼ਣ ਕਰਦਾ ਹੈ। ਸ਼ਾਇਦ ਇਸ ਲਈ ਪੁਸਤਕ ਦੇ ਆਖ਼ਰੀ ਸੁਨੇਹੇ ਵਿੱਚ ਸੁਖਪ੍ਰੀਤ ਬੱਡੋਂ 'ਰੱਬ ਦਾ ਡੰਡਾ' ਪਾਠਕਾਂ ਨਾਲ ਸਾਂਝਿਆਂ ਕਰਨ ਤੋਂ ਨਹੀਂ ਖੁੰਝੀ ਅਤੇ ਭੁੱਲੀ ਵੀ ਨਹੀਂ...

ਨਾ ਹੱਥ ਉੱਠਿਆ, ਨਾ ਕੋਈ ਆਵਾਜ਼ ਆਈ
ਪਰ ਉਨ੍ਹੇ ਮਾਰਿਆ ਡੰਡਾ ਤੇਰੇ ਵਗਾਹ
ਹਿਸਾਬ ਕਿਤਾਬ ਕੀਤਾ ਬਰੋਬਰ
ਭੱਜਣ ਨੂੰ ਨਾ ਲੱਭਾ ਫਿਰ ਤੈਨੂੰ ਕੋਈ ਰਾਹ!!

ਮੈਂ ਗਲਤ ਵੀ ਹੋ ਸਕਦਾ ਹਾਂ, ਪਰ ਸਾਰੀ ਪੁਸਤਕ ਨੂੰ ਗਹੁ ਅਤੇ ਰੂਹ ਨਾਲ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਪਰਵਾਸੀ ਜੀਵਨ, ਮੁਹੱਬਤ ਅਤੇ ਨਾਰੀ ਸੰਘਰਸ਼ / ਚੇਤਨਾ ਦੇ ਵਿਸ਼ਿਆਂ ਵਾਲੀਆਂ ਕਵਿਤਾਵਾਂ ਵਿੱਚ ਕਵਿਤਾ ਸੁਖਪ੍ਰੀਤ ਬੱਡੋਂ ਨੂੰ ਹੀ ਲਿਖ-ਬੋਲ ਰਹੀ ਹੈ। ਜਦੋਂ ਕਵਿਤਾ ਕਵੀ ਅਤੇ ਕਵੀ ਕਵਿਤਾ ਬਣ ਜਾਂਦਾ ਹੈ ਤਾਂ ਇਹ ਸੰਗਮ ਖ਼ੂਬਸੂਰਤ ਕਾਫ਼ਲਾ ਬਣਦਿਆਂ ਇੱਕ ਵਿਲੱਖਣ ਪੈਂਡਾ ਅਖ਼ਤਿਆਰ ਕਰ ਲੈਂਦਾ ਹੈ। ਜਾਂ ਇੰਜ ਕਹਿ ਲਵੋ ਕਿ ਕਵੀ ਸਿਰਫ਼ ਕਵਿਤਾ ਲਿਖਦਾ ਹੀ ਨਹੀਂ ਬਲਕਿ ਕਵਿਤਾ ਨੂੰ ਜਿਉਂਦਾ ਵੀ ਹੈ, ਜਿਸ ਨਾਲ ਉਸ ਦੀ ਰੂਹ ਨੂੰ ਸੰਤੁਸ਼ਟੀ ਮਿਲਦੀ ਹੈ।

'ਯਾਰ ਰਬਾਬੀ' ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮੈਨੂੰ ਸੁਖਪ੍ਰੀਤ ਬੱਡੋਂ ਦੀ ਇਹ ਪਹਿਲੀ ਕੋਸ਼ਿਸ਼ ਬੜੀ ਚੰਗੀ ਲੱਗੀ। ਪੁਸਤਕ ਵਿੱਚ ਹੋਰ ਬਹੁਤ ਸਾਰੀਆਂ ਕਵਿਤਾਵਾਂ ਸ਼ਾਮਲ ਹਨ ਜੋ ਪਾਠਕ ਦਾ ਧਿਆਨ ਖਿੱਚਦੀਆਂ ਹਨ। ਮਾੜੀਆਂ ਮੋਟੀਆਂ ਊਣਤਾਈਆਂ ਤਾਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਹਰੇਕ ਸਿਰਜਣਾ ਵਿੱਚ ਰਹਿ ਜਾਂਦੀਆਂ ਹਨ। ਪੁਸਤਕ ਨੂੰ 'ਸਮੁੱਚੇ ਰੂਪ' ਅਤੇ 'ਖੁੱਲ੍ਹੇ ਮਨ' ਨਾਲ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮੈਨੂੰ ਬਹੁਤ ਹੀ ਖ਼ੂਬਸੂਰਤ ਸਿਰਜਣਾ ਲੱਗੀ ਜੋ ਲੇਖਕ ਦੇ ਮਨ ਦਾ ਸੁਨੇਹਾ ਪਾਠਕਾਂ ਦੀ ਰੂਹ ਤੱਕ ਅੱਪੜਦਾ ਕਰ ਰਹੀ ਹੈ। ਸੋਨਾ ਤਪਦਾ-ਤਪਦਾ ਕੁੰਦਨ ਬਣ ਹੀ ਜਾਏਗਾ...।

ਸੁਖਪ੍ਰੀਤ ਬੱਡੋਂ ਦੇ ਇਸ ਪਲੇਠੇ ਕਾਵਿ ਸੰਗ੍ਰਹਿ ਦਾ ਸਾਹਿਤ ਪ੍ਰੇਮੀਆਂ ਵੱਲੋਂ ਖੁੱਲ੍ਹੇ ਦਿਲ ਨਾਲ ਸਵਾਗਤ ਕਰਨਾ ਬਣਦਾ ਹੈ। ਆਸ ਅਤੇ ਉਮੀਦ ਵੀ ਹੈ ਕਿ ਆਪਣੇ ਸਾਹਿਤਕ ਪੈਂਡਿਆਂ 'ਤੇ ਚਲਦਿਆਂ ਸੁਖਪ੍ਰੀਤ ਬੱਡੋਂ ਨਿਵੇਕਲੀਆਂ ਪੈੜਾਂ ਪਾਵੇਗੀ!!

ਜ਼ਿੰਦਗੀ ਜ਼ਿੰਦਾਬਾਦ।

# ਨੋਬੇਲ ਸ਼ਾਂਤੀ ਪੁਰਸਕਾਰ ਦੀ ਦੁਰਗਤ



**ਹਰਜੀਤ ਸਿੰਘ ਗਿੱਲ**
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਨੋਬੇਲ ਪ੍ਰਾਈਜ਼ ਦੀ ਸਥਾਪਨਾ ਮਨੁੱਖਤਾ, ਅਮਨ ਅਤੇ ਗਿਆਨ ਦੀ ਸੇਵਾ ਲਈ ਹੋਈ ਸੀ। ਅਲਫਰੈਡ ਨੋਬੇਲ ਦੀ ਇੱਛਾ ਸੀ ਕਿ ਇਹ ਇਨਾਮ ਉਨ੍ਹਾਂ ਲੋਕਾਂ ਨੂੰ ਮਿਲੇ, ਜੋ ਵਿਸ਼ਵ ਅਮਨ ਲਈ ਅਤੇ ਜੰਗਾਂ ਨੂੰ ਘਟਾਉਣ ਲਈ ਕੰਮ ਕਰਨ, ਮਨੁੱਖੀ ਦਰਦ ਨੂੰ ਘਟਾਉਣ ਅਤੇ ਸੱਚ ਦੀ ਸੋਚ ਨੂੰ ਅੱਗੇ ਵਧਾਉਣ। ਪਰ ਅੱਜ ਇਹ ਸਵਾਲ ਪੁੱਛਣਾ ਲਾਜ਼ਮੀ ਹੋ ਗਿਆ ਹੈ ਕਿ ਕੀ ਨੋਬੇਲ ਪ੍ਰਾਈਜ਼ ਆਪਣੇ ਅਸਲ ਮਕਸਦ 'ਤੇ ਕਾਇਮ ਹੈ? ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਨੋਬੇਲ ਪ੍ਰਾਈਜ਼ ਹੁਣ ਕਈ ਵਾਰ ਨੈਤਿਕ ਮਾਪਦੰਡ 'ਤੇ ਖਰਾ ਨਹੀਂ ਉਤਰਦਾ ਸਗੋਂ ਜੀਓ ਪਾਲੇਟਿਕਸ ਅਤੇ ਭੂ-ਰਾਜਨੀਤਕ ਸੁਵਿਧਾ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰੱਖ ਕੇ ਦਿੱਤਾ ਜਾਣ ਲੱਗਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਨੋਬੇਲ ਸ਼ਾਂਤੀ ਇਨਾਮ ਅਕਸਰ ਵਿਵਾਦਾਂ ਦਾ ਕੇਂਦਰ ਬਣਿਆ ਰਿਹਾ ਹੈ। ਜਿਨ੍ਹਾਂ ਨੇਤਾਵਾਂ ਦੇ ਕਾਰਜਕਾਲ ਦੌਰਾਨ ਜੰਗਾਂ, ਫੌਜੀ ਦਖਲਅੰਦਾਜ਼ੀ ਜਾਂ ਰਾਜਨੀਤਕ ਧਰੁਵੀਕਰਨ ਵਧਿਆ, ਉਹ ਅਮਨ ਦੇ ਇਨਾਮ ਨਾਲ ਸਨਮਾਨਿਤ ਕੀਤੇ ਗਏ। ਇਸ ਨਾਲ ਜਿੱਥੇ ਅਮਨ ਦੀ ਪਰਿਭਾਸ਼ਾ ਹੀ ਧੁੰਦਲੀ ਹੋ ਗਈ, ਉਥੇ ਅਲਫਰੈਡ ਨੋਬੇਲ ਦੇ ਸੱਚੇ ਵਿਚਾਰਾਂ ਨੂੰ ਵੀ ਢਾਹ ਲੱਗੀ। ਸਾਹਿਤ ਦੇ ਨਾਂ 'ਤੇ ਦਿੱਤੇ ਜਾਣ ਵਾਲੇ ਨੋਬੇਲ ਇਨਾਮ ਵੀ ਇਸ ਆਲੋਚਨਾ ਤੋਂ ਬਚ ਨਹੀਂ ਸਕੇ। ਕਈ ਮਹਾਨ ਲੇਖਕ ਇਨਾਮ ਤੋਂ ਵਾਂਝੇ ਰਹਿ ਗਏ, ਜਦਕਿ ਕਈ ਵਾਰ ਵਿਚਾਰਧਾਰਕ ਪਸੰਦਾਂ ਨੇ ਲਿਖਤ ਦੀ ਗੁਣਵੱਤਾ ਤੋਂ ਵੀ ਵੱਧ ਭੂਮਿਕਾ ਨਿਭਾਈ। ਨੋਬੇਲ ਪ੍ਰਾਈਜ਼ ਦੀ ਅਸਲ ਦੁਰਗਤ ਅਜੋਕੇ ਸਮੇਂ ਦੀ ਵਿਸ਼ਵ ਰਾਜਨੀਤੀ ਨੇ ਸ਼ੁਰੂ ਕਰ ਦਿੱਤੀ ਹੈ। ਇਸ ਇਨਾਮ ਨੂੰ ਹਾਸਲ ਕਰਨ ਦੀ ਇੱਛਾ ਰੱਖਣ ਵਾਲੇ ਡੋਨਲਡ ਟਰੰਪ ਵਰਗੇ ਧੱਕੜ ਅਤੇ ਤਾਕਤਵਰ ਲੀਡਰਾਂ ਨੇ ਇਸ ਨੂੰ ਪ੍ਰਾਪਤ ਕਰਨ ਲਈ ਕੀ ਕੀ ਯਤਨ ਨਹੀਂ ਕੀਤੇ। ਨਾਰਵੇ ਦੀ ਨੋਬੇਲ ਇਨਾਮ ਕਮੇਟੀ ਦੇ ਫੈਸਲਿਆਂ 'ਤੇ ਆਲੋਚਨਾ ਭਰੀਆਂ ਤਿੱਖੀਆਂ ਹੈਡਲਾਈਨਾਂ ਬਣਦੀਆਂ ਰਹੀਆਂ ਹਨ।

ਜੇ ਵਿਸ਼ਵ ਅਮਨ ਲਈ ਦਿੱਤੇ ਜਾਣ ਵਾਲੇ ਨੋਬੇਲ ਇਨਾਮ ਦੀ ਹੀ ਗੱਲ ਕਰੀਏ ਤਾਂ 1973 ਵਿਚ ਹੈਨਰੀ ਕਿਸਿੰਜਰ ਅਤੇ ਲੇ ਡਕ ਥੋ, ਜੋ ਵੀਅਤਨਾਮੀ ਕਮਿਊਨਿਸਟ ਸਿਆਸਤਦਾਨ ਅਤੇ ਡਿਪਲੋਮੈਟ ਸੀ, ਨੂੰ ਸਾਂਝੇ ਰੂਪ ਵਿਚ ਦਿੱਤਾ ਗਿਆ ਸੀ। ਇਸ 1973 ਦੇ ਨੋਬੇਲ ਇਨਾਮ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਇਨ੍ਹਾਂ ਦੋਵਾਂ ਵੱਖਰੀ ਵਿਚਾਰਧਾਰਾ ਦੇ ਵਿਅਕਤੀਆਂ ਨੂੰ ਦਿੱਤਾ ਗਿਆ ਨੋਬੇਲ ਸ਼ਾਂਤੀ ਪੁਰਸਕਾਰ ਹੁਣ ਤੱਕ ਦੇ ਸਭ ਤੋਂ ਵਿਵਾਦਪੂਰਨ ਨੋਬੇਲ ਪੁਰਸਕਾਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਕਿਉਂਕਿ ਦੋਵਾਂ ਪੁਰਸਕਾਰ ਜੇਤੂਆਂ ਵਿਚੋਂ ਕਿਸੇ ਨੇ ਵੀ ਇਹ ਇਨਾਮ ਸਵੀਕਾਰ ਨਹੀਂ ਸੀ ਕੀਤਾ। ਲੇ ਡਕ ਥੋ ਨੇ ਇਹ ਐਵਾਰਡ ਲੈਣ ਤੋਂ ਸਿੱਧੀ ਨਾਂਹ ਕਰ ਦਿੱਤੀ ਤੇ ਦੂਜੇ ਹੈਨਰੀ ਕਿਸਿੰਜਰ, ਜੋ ਆਪਣੇ ਸਮਿਆਂ ਦਾ ਸਭ ਤੋਂ ਵਿਵਾਦਿਤ ਆਗੂ ਸੀ, ਉਹ ਜਨਤਕ ਵਿਰੋਧ ਦੇ ਚਲਦਿਆਂ ਓਸਲੋ ਜਾਣ ਦੀ ਹਿੰਮਤ ਹੀ ਨਹੀਂ ਸੀ ਕਰ ਸਕਿਆ। ਇਸ ਦੇ ਨਾਲ ਹੀ ਕਮੇਟੀ ਦੇ ਪੰਜ ਵਿਚੋਂ ਦੋ ਮੈਂਬਰਾਂ ਨੇ ਗੁੱਸੇ ਅਤੇ ਨਰਾਜ਼ਗੀ ਵਿਚ ਅਸਤੀਫਾ ਦੇ ਦਿੱਤਾ ਸੀ। ਨੋਬੇਲ ਸ਼ਾਂਤੀ ਲਈ ਦਿੱਤੇ ਜਾਣ ਵਾਲੇ ਇਨਾਮਾਂ ਵਿਚੋਂ ਇਸ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇ ਪੂਰੇ ਇਤਿਹਾਸ ਵਿਚ ਸਭ ਤੋਂ ਮਾੜਾ ਪੁਰਸਕਾਰ ਕਿਹਾ ਗਿਆ ਸੀ।

1994 ਵਿਚ ਮੱਧ ਪੂਰਬ ਸ਼ਾਂਤੀ ਪ੍ਰਕਿਰਿਆ ਲਈ ਯਾਸਰ ਅਰਾਫ਼ਾਤ ਨੂੰ ਦਿੱਤਾ ਗਿਆ ਨੋਬੇਲ ਪੁਰਸਕਾਰ ਵੀ ਉਸ 'ਤੇ ਲੱਗੇ ਆਤੰਕਵਾਦ ਦੇ ਦੋਸ਼ਾਂ ਕਰਕੇ ਭਾਰੀ ਵਿਵਾਦ ਵਿਚ ਆ ਗਿਆ ਸੀ। ਅਰਾਫ਼ਾਤ 'ਤੇ ਆਤੰਕੀ ਹਮਲਿਆਂ, ਹਵਾਈ ਜਹਾਜ਼ ਹਾਈਜੈਕਿੰਗ ਅਤੇ ਇਜ਼ਰਾਈਲੀ ਨਾਗਰਿਕਾਂ ਉੱਤੇ ਹਮਲਿਆਂ ਦੇ ਦੋਸ਼ ਲੱਗਦੇ ਰਹੇ ਸਨ।

1993 ਵਿਚ ਉਸ ਦੀ ਜਥੇਬੰਦੀ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ ਐਲ ਓ) ਨੇ ਪਹਿਲੀ ਵਾਰ ਇਜ਼ਰਾਈਲ ਦੀ ਹੋਂਦ ਨੂੰ ਸਵੀਕਾਰਿਆ ਸੀ। ਇਜ਼ਰਾਈਲ ਨੇ ਵੀ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੂੰ ਫ਼ਲਸਤੀਨੀਆ ਦੀ ਨੁਮਾਇੰਦਾ ਸੰਸਥਾ ਮੰਨ ਲਿਆ ਅਤੇ ਨਾਰਵੇ ਦੇ ਸ਼ਹਿਰ 'ਓਸਲੋ' ਵਿਚ ਗੁਪਤ ਵਾਰਤਾਵਾਂ ਦਾ ਸਿਲਸਿਲਾ ਅਰੰਭ ਹੋਇਆ। ਇਸਨੂੰ ਮੱਧ-ਪੂਰਬ ਵਿਚ ਅਮਨ ਦੀ ਇਤਿਹਾਸਕ ਸ਼ੁਰੂਆਤ ਵੱਜੋਂ ਪੇਸ਼ ਕੀਤਾ ਗਿਆ। ਪਰ ਓਸਲੋ ਸਮਝੌਤਾ ਲਾਗੂ ਨਾ ਹੋ ਸਕਿਆ, ਇਜ਼ਰਾਈਲ ਦੀਆਂ ਬਸਤੀਆਂ ਵਧਦੀਆਂ ਗਈਆਂ। ਫ਼ਲਸਤੀਨੀਆ ਦੀ ਆਜ਼ਾਦੀ ਲਈ ਲੜ ਰਹੇ ਗਰੁੱਪਾਂ ਵਿਚ ਫੁੱਟ ਪੈ ਗਈ, ਜਿਸ ਵਿਚੋਂ ਹਮਾਸ ਦਾ ਜਨਮ ਹੋਇਆ ਅਤੇ ਅਮਨ ਦੀ ਥਾਂ ਹਿੰਸਾ ਵਾਪਸ ਆ ਗਈ, ਜਿਸ ਦਾ ਖਮਿਆਜ਼ਾ ਫ਼ਲਸਤੀਨੀਆ ਨੂੰ ਬਰਬਾਦੀ ਵੱਲ ਲੈ ਗਿਆ। ਨਾਰਵੇ ਨੋਬੇਲ ਕਮੇਟੀ ਦੇ ਇੱਕ ਮੈਂਬਰ ਨੇ ਅਸਤੀਫ਼ਾ ਦੇ ਦਿੱਤਾ, ਕਿਉਂਕਿ ਉਹ ਅਰਾਫ਼ਾਤ ਨੂੰ ਅਮਨ ਦਾ ਪ੍ਰਤੀਕ ਨਹੀਂ ਮੰਨਦਾ ਸੀ। ਆਲੋਚਕਾਂ ਨੇ ਵੀ ਸੁਆਲ ਖੜ੍ਹੇ ਕੀਤੇ ਕਿ ਜਿਸ ਨੂੰ ਕੱਲ੍ਹ ਤੱਕ ਆਤੰਕਵਾਦੀ ਕਹਿੰਦੇ ਸੀ, ਅੱਜ ਅਮਨ ਦਾ ਨੋਬੇਲ ਪੁਰਸਕਾਰ ਉਸ ਨੂੰ ਕਿਉਂ? ਇਸ ਮਾਮਲੇ ਨੇ ਸਾਬਤ ਕੀਤਾ ਕਿ ਨੋਬੇਲ ਪ੍ਰਾਈਜ਼ ਕਈ ਵਾਰ ਅਮਨ ਦੀ ਹਕੀਕਤ ਨੂੰ ਵੇਖ ਕੇ ਨਹੀਂ, ਸਿਰਫ਼ ਅਮਨ ਦੀ ਆਸ ਨੂੰ ਹੀ ਦੇ ਦਿੱਤਾ ਜਾਂਦਾ ਹੈ। ਜਦੋਂ ਅਮਨ ਦੀ ਉਹ ਆਸ ਟੁੱਟਦੀ ਹੈ, ਨੋਬੇਲ ਦੀ ਭਰੋਸੇਯੋਗਤਾ ਵੀ ਸਵਾਲਾਂ 'ਚ ਆ ਜਾਂਦੀ ਹੈ।

2009 ਵਿਚ ਬਰਾਕ ਓਬਾਮਾ ਨੂੰ ਅਮਰੀਕਾ ਦਾ ਰਾਸ਼ਟਰਪਤੀ ਬਣਨ ਦੇ ਪਹਿਲੇ ਸਾਲ ਵਿਚ ਹੀ ਨੋਬੇਲ ਅਮਨ ਪੁਰਸਕਾਰ ਦੇ ਦਿੱਤਾ ਗਿਆ। ਬਾਅਦ ਵਿਚ ਬਰਾਕ ਓਬਾਮਾ ਅਮਰੀਕਨ ਇਤਿਹਾਸ ਦੇ ਹੋਰ ਰਾਸ਼ਟਰਪਤੀਆਂ ਦੀ ਨਿਆਈਂ ਯੁੱਧ ਛੇੜਦੇ ਰਹੇ। ਆਲੋਚਕਾਂ ਨੇ ਕਿਹਾ ਕਿ ਉਸ ਨੇ ਅਮਨ ਲਈ ਕੁਝ ਵੀ ਨਹੀਂ ਸੀ ਕੀਤਾ, ਪਰ ਨੋਬੇਲ ਅਮਨ ਪੁਰਸਕਾਰ ਦੇ ਦਿੱਤਾ ਗਿਆ। 2001ਵਿਚ ਜਾਰਜ ਬੁਸ਼ ਜੂਨੀਅਰ ਵੱਲੋ ਸ਼ੁਰੂ ਕੀਤੇ ਅਫ਼ਗਾਨਿਸਤਾਨ ਯੁੱਧ ਵਿਚ ਬਰਾਕ ਓਬਾਮਾ ਨੇ ਉਸੇ ਸਾਲ 2009 ਵਿਚ ਹੀ 30,000 ਵਾਧੂ ਸੈਨਿਕ ਭੇਜ ਕੇ ਯੁੱਧ ਨੂੰ ਹੋਰ ਭਖਾਇਆ। ਇਸ ਦੇ ਬਾਵਜੂਦ ਵੀ ਤਾਲਿਬਾਨ ਕਮਜ਼ੋਰ ਨਾ ਹੋਏ ਅਤੇ ਲੰਮਾ ਖੂਨੀ ਯੁੱਧ ਚੱਲਿਆ। 2014 ਦੇ ਦੌਰਾਨ ਆਈ.ਐਸ.ਆਈ.ਐਸ. ਖ਼ਿਲਾਫ਼ ਇਰਾਕ ਵਿਚ ਬਰਾਕ ਓਬਾਮਾ ਨੇ ਮੁੜ ਫੌਜੀ ਦਖਲ ਦਿੱਤਾ। 2011 ਨੂੰ ਲੀਬੀਆ ਵਿਚ ਮੁਅੱਮਰ ਗੱਦਾਫੀ ਵੱਲੋਂ ਮਾਨਵਤਾ ਖਿਲਾਫ਼ ਅਪਰਾਧ ਕਰਨ ਦੇ ਨਾਂ ਹੇਠ ਦਖਲ ਦੇ ਕੇ ਯੁੱਧ ਸ਼ੁਰੂ ਕੀਤਾ ਗਿਆ ਅਤੇ ਮੁਅੱਮਰ ਗੱਦਾਫੀ ਦੀ ਹੱਤਿਆ ਕੀਤੀ ਗਈ। ਓਬਾਮਾ ਨੇ ਖੁਦ ਇਸ ਅਮਰੀਕਨ ਦਖਲ ਨੂੰ ਗਲਤ ਮੰਨਦਿਆ ਕਿਹਾ ਕਿ ਲੀਬੀਆ ਵਿਚ ਗੱਦਾਫੀ ਵਿਰੁੱਧ ਯੁੱਧ ਮੇਰੀ ਸਭ ਤੋਂ ਵੱਡੀ ਗਲਤੀ ਸੀ। ਸੀਰੀਆ ਅਤੇ ਯਮਨ ਵਿਚ ਬਗਾਵਤੀ ਗਰੁੱਪਾਂ ਨੂੰ ਸਹਾਇਤਾ ਅਤੇ ਸਾਊਦੀ ਅਰਬ ਦੀ ਫੌਜੀ ਮਦਦ ਕੀਤੀ ਗਈ। ਨਤੀਜੇ ਵੱਜੋਂ ਅਨੇਕ ਬੱਚਿਆਂ ਦੀ ਭੁੱਖਮਰੀ ਨਾਲ ਮੌਤ ਹੋਈ ਅਤੇ ਇਨ੍ਹਾਂ ਯੁੱਧਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਮਨੁੱਖੀ ਤਬਾਹੀ ਕਰਾਰ ਦਿੱਤਾ ਗਿਆ। ਇਸੇ ਤਰਾਂ ਸੋਮਾਲੀਆ ਅਤੇ ਅਫ਼ਰੀਕਾ ਦੇ ਅਲ-ਸ਼ਬਾਬ ਖਿਲਾਫ਼ ਕਾਰਵਾਈ ਲਈ ਅਮਰੀਕੀ ਫੌਜ ਨੂੰ ਅਫ਼ਰੀਕਾ ਭੇਜਿਆ ਗਿਆ। ਓਬਾਮਾ ਦੇ ਦੌਰ ਵਿਚ ਚੱਲ ਰਹੇ ਯੁੱਧਾਂ ਦਾ ਅੰਤ ਨਹੀਂ, ਸਗੋਂ ਨਵੀਂ ਸ਼ੈਲੀ ਦੇ ਯੁੱਧ ਕਿਹਾ ਗਿਆ। ਇਸ ਕਰਕੇ ਓਬਾਮਾ ਨੂੰ ਦਿੱਤਾ 'ਨੋਬੇਲ ਸ਼ਾਂਤੀ ਪ੍ਰਾਈਜ਼' ਵੀ ਨੋਬੇਲ ਪੁਰਸਕਾਰ ਦੇ ਇਤਿਹਾਸ ਦਾ ਵੱਡਾ ਵਿਵਾਦ ਬਣਿਆ।

ਅਮਨ ਦੇ ਨੋਬੇਲ ਪੁਰਸਕਾਰ ਦੀ ਤਰ੍ਹਾਂ ਹੀ ਵਿਗਿਆਨ ਦੇ ਨੋਬੇਲ ਇਨਾਮ, ਸਾਹਿਤ ਦੇ ਖੇਤਰ ਦੇ ਨੋਬੇਲ ਪੁਰਸਕਾਰ ਅਤੇ ਅਰਥਸ਼ਾਸਤਰ ਦੇ ਨੋਬੇਲ ਪੁਰਸਕਾਰ ਵੀ ਵਿਵਾਦਾਂ ਵਿਚ ਆਉਂਦੇ ਰਹੇ ਹਨ। ਅੱਜ ਦੇ ਟਰੰਪ ਦੇ ਦੌਰ ਵਿਚ ਤਾਂ ਇਸ ਨੋਬੇਲ ਪੁਰਸਕਾਰ ਨੂੰ ਜਬਰੀ ਹਥਿਆਉਣ ਦੀ ਗੱਲ ਚਲਦੀ ਰਹੀ। ਟਰੰਪ ਦੀ ਨੋਬੇਲ ਸ਼ਾਂਤੀ ਪੁਰਸਕਾਰ ਜਿੱਤਣ (ਖੋਹ ਲੈਣ) ਦੀ ਲੰਬੇ ਸਮੇਂ ਤੋਂ ਇੱਛਾ ਨੂੰ ਸਭ ਜਾਣਦੇ ਹਨ, ਉਸ ਨੇ ਇਸ ਇੱਛਾ ਨੂੰ ਕਦੀ ਵੀ ਨਹੀਂ ਛੁਪਾਇਆ। 2025 ਦੇ ਪੁਰਸਕਾਰ ਦਾ ਐਲਾਨ ਹੋਣ ਤੋਂ ਪਹਿਲਾਂ, ਟਰੰਪ ਨੇ ਵਾਰ-ਵਾਰ ਸੁਝਾਅ ਦਿੱਤਾ



ਅਤੇ ਧਮਕੀ ਭਰੇ ਅੰਦਾਜ਼ ਵਿਚ ਕਿਹਾ ਸੀ ਕਿ ਉਹ ਇਸਨੂੰ ਜਿੱਤਣ (ਪ੍ਰਾਪਤ ਕਰਨ) ਦੇ ਇੱਕੋ-ਇੱਕ ਹੱਕਦਾਰ ਹਨ, ਅਤੇ ਦਾਅਵਾ ਕੀਤਾ ਕਿ ਜੇਕਰ ਨੋਬੇਲ ਸ਼ਾਂਤੀ ਪੁਰਸਕਾਰ ਕਮੇਟੀ ਵਾਲੇ ਅਜਿਹਾ ਨਹੀਂ ਕਰਦੇ ਤਾਂ ਇਹ ਅਮਰੀਕਾ ਲਈ ਵੱਡਾ ਅਪਮਾਨ ਹੋਵੇਗਾ। ਇਥੋਂ ਤੀਕ ਕਿ ਸਤੰਬਰ 2025 ਵਿਚ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਮਹਾਸਭਾ (UNGA) ਵਿਚ ਬੋਲਦਿਆਂ ਟਰੰਪ ਨੇ ਕਿਹਾ, ਹਰ ਕੋਈ ਕਹਿੰਦਾ ਹੈ ਕਿ ਮੈਨੂੰ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ ਹੈ। ਮੈਂ ਅੱਠ ਜੰਗਾਂ ਖਤਮ ਕੀਤੀਆਂ ਹਨ। ਕਿਸੇ ਵੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਨੇ ਹੁਣ ਤਕ ਇਸ ਦੇ ਨੇੜੇ-ਤੇੜੇ ਕੁਝ ਵੀ ਨਹੀਂ ਕੀਤਾ। ਪਰ ਜਦੋਂ ਪੁਰਸਕਾਰ ਦਾ ਐਲਾਨ ਵੈਨੇਜ਼ੁਏਲਾ ਦੀ ਮਚਾਡੋ ਦੇ ਹੱਕ ਵਿਚ ਹੋ ਗਿਆ ਤਾਂ ਟਰੰਪ ਨੇ ਨਾ ਜਿੱਤਣ 'ਤੇ ਆਪਣੀ ਨਿਰਾਸ਼ਾ ਖੁੱਲ੍ਹ ਕੇ ਪ੍ਰਗਟ ਕੀਤੀ ਸੀ। 7 ਜਨਵਰੀ ਨੂੰ ਟਰੰਪ ਨੇ ਇੱਕ ਟਰੂਥ ਸੋਸ਼ਲ ਪੋਸਟ ਵਿਚ ਲਿਖਿਆ: ਮੈਂ ਇਕੱਲੇ ਅੱਠ ਯੁੱਧਾਂ ਨੂੰ ਖਤਮ ਕੀਤਾ, ਅਤੇ ਨਾਰਵੇ, ਇੱਕ ਨਾਟੋ ਮੈਂਬਰ, ਨੇ ਮੂਰਖਤਾ ਨਾਲ ਮੈਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾ ਦੇਣ ਦੀ ਚੋਣ ਕੀਤੀ ਹੈ।

ਭਾਵੇਂ ਨਾਰਵੇ ਦੀ ਨੋਬੇਲ ਇਨਾਮ ਦੇਣ ਵਾਲੀ ਸੰਸਥਾ ਨੇ ਟਰੰਪ ਦਾ ਇਹ ਦਬਾਅ ਨਹੀਂ ਮੰਨਿਆ, ਪਰ ਨਰਾਜ਼ ਨਾ ਹੋ ਜਾਵੇ, ਇਸ ਨੂੰ ਖਿਆਲ ਵਿਚ ਰੱਖਦਿਆਂ 2025 ਦਾ ਨੋਬੇਲ ਪੁਰਸਕਾਰ ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਨੇਤਾ ਅਤੇ ਟਰੰਪ ਦੀ ਚਹੇਤੀ ਨੇਤਾ ਮਾਰੀਆ ਕੋਰੀਨਾ ਮਚਾਡੋ ਨੂੰ ਬਿਨਾ ਕਿਸੇ ਵੱਡੀ ਪ੍ਰਾਪਤੀ ਦੇ ਪ੍ਰਦਾਨ ਕਰ ਦਿੱਤਾ। ਟਰੰਪ ਨੇ ਉਸ ਸਮੇਂ ਮਾਰੀਆ ਕੋਰੀਨਾ ਮਚਾਡੋ ਵੱਲੋਂ ਮੈਡਲ ਸਵੀਕਾਰ ਕਰਨ ਤੇ ਉਸ ਦੀ ਆਲੋਚਨਾ ਕੀਤੀ ਸੀ। ਵਾਸ਼ਿੰਗਟਨ ਪੋਸਟ ਅਖਬਾਰ ਨੇ ਵ੍ਹਾਈਟ ਹਾਊਸ ਦੇ ਨੇੜੇ 4 ਜਨਵਰੀ ਨੂੰ, ਦੋ ਅਗਿਆਤ ਸਰੋਤਾਂ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ ਟਰੰਪ ਨੇ ਮਚਾਡੋ ਦਾ ਸਮਰਥਨ ਰੋਕ ਦਿੱਤਾ ਸੀ, ਕਿਉਂਕਿ ਉਸਨੇ ਇਨਕਾਰ ਕਰਨ ਦੀ ਬਜਾਏ ਨੋਬੇਲ ਸਵੀਕਾਰ ਕਰ ਲਿਆ ਸੀ, ਭਾਵੇਂ ਉਸਨੇ ਟਰੰਪ ਨੂੰ ਸਮਰਪਿਤ ਵੀ ਕੀਤਾ ਸੀ।

ਕਿਉਂਕਿ ਟਰੰਪ ਨੂੰ ਇਹ ਲਗਦਾ ਸੀ ਕਿ ਇਸ ਵਰ੍ਹੇ ਦੇ ਅਮਨ ਨੋਬੇਲ ਪੁਰਸਕਾਰ ਉੱਪਰ ਸਿਰਫ਼ ਉਸ ਦਾ ਹੀ ਹੱਕ ਬਣਦਾ ਹੈ। ਰਾਸ਼ਟਰਪਤੀ ਟਰੰਪ ਦੀ ਜਿਦ, ਗੁੱਸੇ ਅਤੇ ਆਪਣੇ ਰਾਜਨੀਤਕ ਹਿੱਤ ਨੂੰ ਸਾਧਦਿਆਂ ਮਚਾਡੋ ਨੇ ਪਹਿਲਾਂ ਤਾਂ ਇਹ ਪੁਰਸਕਾਰ ਟਰੰਪ ਨੂੰ ਸਮਰਪਿਤ ਦੱਸਿਆ, ਪਰ ਟਰੰਪ ਦੀ ਤਸੱਲੀ ਨਾ ਹੁੰਦੀ ਵੇਖ ਕੇ ਇਹ ਪੁਰਸਕਾਰ ਸਿੱਧਾ ਹੀ ਟਰੰਪ ਨੂੰ ਪੇਸ਼ ਕਰ ਦਿੱਤਾ ਹੈ। ਉਸ ਨੇ ਟਰੰਪ ਨੂੰ ਕਿਹਾ ਕਿ ਆਪਦੀ ਅਦਭੁੱਤ ਲੀਡਰਸ਼ਿਪ ਵਾਸਤੇ ਅਸੀਂ ਤੁਹਾਡੇ ਅਹਿਸਾਨਮੰਦ ਰਹਾਂਗੇ। ਆਪ ਨੇ ਆਪਣੀ ਤਾਕਤ ਨਾਲ ਸ਼ਾਂਤੀ ਨੂੰ ਬਣਾਇਆ ਅਤੇ ਵਧਾਇਆ ਹੈ। ਡਿਪਲੋਮੈਸੀ ਨੂੰ ਉਚੇ ਸਤੱਰ 'ਤੇ ਪਹੁੰਚਾਇਆ ਹੈ ਅਤੇ ਸੁਤੰਤਰਤਾ ਦੀ ਰੱਖਿਆ ਕੀਤੀ ਹੈ। ਇਹ ਪੁਰਸਕਾਰ ਵੈਨੇਜ਼ੁਏਲਾ ਦੇ ਲੋਕਾਂ ਵੱਲੋਂ ਉਨ੍ਹਾਂ ਦੀ ਅਜਾਦੀ ਬਹਾਲ ਕਰਨ ਲਈ, ਅਮਰੀਕਾ ਅਤੇ ਟਰੰਪ ਦੇ ਸਾਹਸ ਨੂੰ ਕਦੀ ਨਹੀਂ ਭੁੱਲ ਸਕਦਾ। ਰਾਸ਼ਟਰਪਤੀ ਟਰੰਪ ਨੇ ਆਪਣੇ ਟਰੂਥ ਸ਼ੋਸ਼ਲ 'ਤੇ ਮਚਾਡੋ ਨੂੰ ਇੱਕ ਸ਼ਾਨਦਾਰ ਔਰਤ ਕਹਿੰਦਿਆਂ ਪੁਰਸਕਾਰ ਭੇਟ ਕਰਨ ਨੂੰ ਆਪਸੀ ਸਤਿਕਾਰ ਦਾ ਸ਼ਾਨਦਾਰ ਸੰਕੇਤ (Wonderfull gesture) ਕਿਹਾ। ਟਰੰਪ ਨੇ ਕਿਹਾ ਕਿ ਮਾਰੀਆ ਨੇ ਮੇਰੇ ਕੀਤੇ ਕੰਮ ਲਈ ਮੈਨੂੰ ਆਪਣਾ ਨੋਬੇਲ ਸ਼ਾਂਤੀ ਪੁਰਸਕਾਰ ਭੇਟ ਕੀਤਾ ਹੈ। ਟਰੰਪ ਨੇ ਭਾਵੇਂ ਅਸਿੱਧੇ ਤੌਰ 'ਤੇ ਇਹ ਹਾਸਲ ਕਰਕੇ ਆਪਣੀ ਹਉਮੈ ਨੂੰ ਕੁਝ ਸ਼ਾਂਤ ਕਰ ਲਿਆ ਹੋਵੇ, ਪਰ ਮਾਰੀਆ ਕੋਰੀਨਾ ਮਚਾਡੋ ਦੀਆਂ ਉਮੀਦਾਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ। ਮਚਾਡੋ ਨੂੰ ਟਰੰਪ ਵੱਲੋ ਭਵਿੱਖ ਵਿਚ ਉਸ ਨੂੰ ਸੱਤਾ ਸੌਂਪਣ ਦੀ ਕੋਈ ਯਕੀਨ ਦਹਾਨੀ ਨਹੀਂ ਮਿਲੀ। ਟਰੰਪ ਨੇ ਮਾਰੀਆ ਮਚਾਡੋ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਾਸੇ ਕਰਦੇ ਹੋਏ ਉਸ ਵੱਲੋਂ ਦੇਸ਼ ਨੂੰ ਸੰਭਾਲਣ ਦੀ ਇੱਛਾ ਨੂੰ ਉਸ ਦੀ ਭਰੋਸੇਯੋਗਤਾ 'ਤੇ ਸੁਆਲ ਚੁੱਕ ਕੇ ਖਾਰਜ ਕਰ ਦਿੱਤਾ ਹੈ। ਉਸ ਨੇ ਜੋ ਸੋਚਿਆ ਸੀ ਕਿ ਇਹ ਤੋਹਫ਼ਾ ਰਾਸ਼ਟਰਪਤੀ ਨੂੰ ਇੱਕ ਸਪੱਸ਼ਟ ਸਮਰਥਨ ਪ੍ਰਦਾਨ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ, ਅਜਿਹਾ ਕੁਝ ਵੀ ਨਹੀਂ ਵਾਪਰਿਆ। ਟਰੰਪ ਨੇ ਉਸਦੇ ਰਾਜਨੀਤਿਕ ਭਵਿੱਖ ਬਾਰੇ ਸਪੱਸ਼ਟ ਕੁਝ ਵੀ ਨਹੀਂ ਕਿਹਾ। ਉਸ ਨੂੰ ਸਿਰਫ ਟਰੰਪ-ਬ੍ਰਾਂਡ ਵਾਲੀ ਕਾਲੇ ਰੰਗ ਦਾ ਸਵੈਗ ਬੈਗ ਦੇ ਕੇ ਤੋਰ ਦਿੱਤਾ। ਜਦੋਂ ਉਹ ਵ੍ਹਾਈਟ ਹਾਊਸ ਤੋਂ ਬਾਹਰ ਨਿਕਲੀ, ਉਸਦੀ ਫੋਟੋ ਟਰੰਪ-ਬ੍ਰਾਂਡ ਵਾਲੀ ਸਵੈਗ ਬੈਗ ਹੱਥ ਵਿਚ ਫੜੀ ਹੋਈ ਦੀ ਖਿੱਚੀ ਗਈ ਅਤੇ ਉਸ ਨੂੰ ਇਸ ਨਾਲ ਹੀ ਸਬਰ ਕਰਨਾ ਪਿਆ।

ਟਰੰਪ ਨੇ ਕਿਹਾ ਕਿ ਮਾਰੀਆ ਮਚਾਡੋ ਲਈ ਅਗਵਾਈ ਕਰਨਾ ਮੁਸ਼ਕਲ ਹੋਵੇਗਾ ਕਿਉਂਕਿ ਦੇਸ਼ ਦੇ ਅੰਦਰ ਉਸ ਦਾ ਸਮਰਥਨ ਅਤੇ ਸਤਿਕਾਰ ਨਹੀਂ ਹੈ। ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲਿਵਿਟ ਨੇ ਮਚਾਡੋ ਨੂੰ ਇੱਕ ਸ਼ਾਨਦਾਰ ਅਤੇ ਬਹਾਦਰ ਅਵਾਜ਼ ਕਿਹਾ ਪਰ ਇਹ ਵੀ ਕਿਹਾ ਕਿ ਇਸ ਮੀਟਿੰਗ ਦਾ ਮਤਲਭ ਇਹ ਨਹੀਂ ਕਿ ਟਰੰਪ ਦੀ ਉਸ ਬਾਰੇ ਰਾਏ ਬਦਲ ਗਈ ਹੈ। ਵ੍ਹਾਈਟ ਹਾਊਸ ਛੱਡਣ ਤੋਂ ਬਾਅਦ, ਮਚਾਡੋ ਨੇ ਬਾਹਰ ਇਕੱਠੇ ਹੋਏ ਸਮਰਥਕਾਂ ਨੂੰ ਸਪੈਨਿਸ਼ ਵਿਚ ਕਿਹਾ, 'ਅਸੀਂ ਰਾਸ਼ਟਰਪਤੀ ਟਰੰਪ 'ਤੇ ਭਰੋਸਾ ਕਰ ਸਕਦੇ ਹਾਂ। ਟਰੰਪ-ਮਾਚਾਡੋ ਦੀ ਬੰਦ ਦਰਵਾਜੇ ਪਿੱਛੇ ਹੋਈ ਮੀਟਿੰਗ ਤੋਂ ਬਾਅਦ ਟਰੰਪ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ, ਜਿਵੇਂ ਕਿ ਕਿਸੇ ਵੀ ਮੀਟਿੰਗ ਤੋਂ ਬਾਅਦ ਅਕਸਰ ਹੁੰਦਾ ਹੈ। ਹਾਲਾਂਕਿ ਮਾਚਾਡੋ ਨੇ ਆਪਣੀ ਗੱਲਬਾਤ ਨੂੰ ਸਕਾਰਾਤਮਕ ਦੱਸਿਆ ਹੈ।

ਮਾਰੀਆ ਮਚਾਡੋ ਦੇ ਟਰੰਪ ਨੂੰ ਆਪਣਾ ਨੋਬੇਲ ਮੈਡਲ ਸੌਂਪ ਦੇਣ ਨਾਲ ਮਿਲਦੀ ਇੱਕ ਮਿਸਾਲ ਨਾਰਵੇ ਦੇ ਨੂਟ ਹਮਸੂਨ (Knut Hamsun) ਦੀ ਹੈ। ਜਿਸ ਨੂੰ 1920 ਵਿਚ ਉਨ੍ਹਾਂ ਦੇ ਨਾਵਲ 'ਗ੍ਰੋਥ ਆਫ਼ ਦ ਸੋਇਲ' ਲਈ ਨੋਬੇਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸ ਸਮੇਂ, ਇਹ ਫੈਸਲਾ ਵਿਵਾਦਪੂਰਨ ਵੀ ਨਹੀਂ ਸੀ ਅਤੇ ਸਾਹਿਤਕ ਹਲਕਿਆਂ ਵਿਚ ਇਸਦੀ ਵਿਆਪਕ ਪ੍ਰਸ਼ੰਸਾ ਹੋਈ ਸੀ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਉਦਯੋਗਿਕ ਕ੍ਰਾਂਤੀ, ਸ਼ਹਿਰਾਂ ਵਿਚ ਵੱਸਦੇ ਲੋਕਾਂ ਦੀ ਬੇਗਾਨਗੀ ਦੀ ਭਾਵਨਾ ਅਤੇ ਸਮਾਜਿਕ ਉਥਲ-ਪੁਥਲ 'ਤੋਂ ਅੱਕ-ਥੱਕ ਗਿਆ ਸੀ। ਹਮਸੂਨ ਦਾ ਨਾਵਲ ਅਵਾਮ ਦੇ ਇਸ ਮੂਡ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਸੀ। ਕੁਦਰਤ ਨਾਲ ਸਾਂਝ, ਸਾਦਗੀ, ਪੇਂਡੂ ਜੀਵਨ ਅਤੇ ਨੈਤਿਕ ਨਵੀਨੀਕਰਨ ਦੇ ਪੱਖ ਵਿਚ ਇਹ ਨਾਵਲ ਇੱਕ ਮਜ਼ਬੂਤ ਬੌਧਿਕ ਮਨੋਦਸ਼ਾ ਦੀ ਪੇਸ਼ਕਾਰੀ ਸੀ। ਨੂਟ ਹਮਸੂਨ ਦਾ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਸਤਿਕਾਰ ਸੀ ਅਤੇ ਉਸਨੂੰ ਆਧੁਨਿਕ ਸਾਹਿਤ ਦਾ ਮੋਢੀ ਮੰਨਿਆ ਜਾਂਦਾ ਸੀ। 1920 ਵਿਚ ਤਾਂ ਸਭ ਕੁਝ ਠੀਕ ਰਿਹਾ। ਉਸ ਸਮੇਂ ਉਸ ਦੇ ਰਾਜਨੀਤਿਕ ਵਿਚਾਰ ਅਜੇ ਜਨਤਕ ਤੌਰ 'ਤੇ ਸਾਹਮਣੇ ਨਹੀਂ ਸਨ ਆਏ। ਹਮਸੂਨ ਦੀ ਵਿਰਾਸਤ ਦੀ ਤ੍ਰਾਸਦੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਾਹਮਣੇ ਆਈ। ਜਦੋਂ 1945 ਵਿਚ, ਵਿਸ਼ਵ ਯੁੱਧ ਤੋਂ ਬਾਅਦ ਉਸ ਦੀਆਂ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਗੋਏਬਲਜ਼ ਨਾਲ ਕੁਝ ਨਿੱਜੀ ਮੁਲਾਕਾਤਾਂ ਹੋਈਆਂ, ਜੋ ਖਨੂਟ ਅਮਸੂਨ ਨਾਲ ਬਹੁਤ ਸਤਿਕਾਰ ਨਾਲ ਪੇਸ਼ ਆਉਂਦਾ ਅਤੇ ਉਸਨੂੰ ਆਪਣੇ ਪ੍ਰਾਪੇਗੰਡਾ ਲਈ ਵਰਤਦਾ। ਬਾਅਦ ਦਾ ਇਤਿਹਾਸ ਬਹੁਤ ਹੀ ਪਰੇਸ਼ਾਨ ਕਰਨ ਵਾਲਾ ਅਤੇ ਦੁਖਦਾਈ ਬਣ ਗਿਆ। ਨੂਟ ਹਮਸੂਨ ਮਾਨਸਿਕ ਦੁਬਿਧਾ ਦੀ ਇੱਕ ਸ਼ਾਨਦਾਰ ਉਦਾਹਰਣ ਬਣ ਗਿਆ ਅਤੇ ਨਾਜ਼ੀ ਜਰਮਨੀ ਦਾ ਪੱਕਾ ਵਚਨਬੱਧ ਸਮਰਥਕ ਬਣ ਗਿਆ ਸੀ। ਉਹ ਹਿਟਲਰ ਦੀ ਪ੍ਰਸ਼ੰਸਾ ਕਰਦਾ ਸੀ ਅਤੇ ਉਸ ਦਾ ਵਿਸ਼ਵਾਸ ਸੀ ਕਿ ਜਰਮਨੀ ਬ੍ਰਿਟੇਨ ਅਤੇ ਉਦਾਰ ਲੋਕਤੰਤਰ ਦੇ ਵਿਰੁੱਧ ਯੂਰਪ ਦੀ ਰੱਖਿਆ ਕਰ ਰਿਹਾ ਸੀ। ਇਸ ਉਪਰੰਤ ਇਹ ਪਤਾ ਲੱਗਾ ਕਿ 1943 ਵਿਚ, ਨੂਟ ਹਮਸੂਨ ਨੇ ਆਪਣਾ ਨੋਬੇਲ ਪੁਰਸਕਾਰ ਮੈਡਲ ਨਾਜ਼ੀ ਜਰਮਨੀ ਦੇ ਪ੍ਰਚਾਰ ਮੰਤਰੀ ਜੋਸਫ਼ ਗੋਏਬੇਲਜ਼ ਨੂੰ ਭੇਟ ਕਰ ਦਿੱਤਾ ਸੀ। ਉਸ ਦੀ ਇਸ ਕਾਰਵਾਈ ਨੂੰ ਬਾਅਦ ਵਿਚ ਨਾਰਵੇ ਵਿਚ, ਨਾਜ਼ੀਵਾਦ ਨਾਲ ਹਮਸੂਨ ਦੇ ਸਹਿਯੋਗ ਦੇ ਸਭ ਤੋਂ ਮਜ਼ਬੂਤ ਸਬੂਤਾਂ ਵਿਚੋਂ ਇੱਕ ਮੰਨਿਆ ਗਿਆ। ਗੋਏਬਲਜ਼ ਨੂੰ ਨੋਬੇਲ ਮੈਡਲ ਦੇਣਾ ਉਸਦੇ ਨੈਤਿਕ ਪਤਨ ਦਾ ਪ੍ਰਤੀਕ ਬਣ ਗਿਆ। ਉਸ ਦੇ ਬੁਢਾਪੇ ਅਤੇ ਮਾਨਸਿਕ ਹਾਲਤ ਕਰਕੇ ਹਾਮਸੂਨ ਨੂੰ ਭਾਵੇਂ ਕੈਦ ਨਹੀਂ ਕੀਤਾ ਗਿਆ ਸੀ, ਪਰ ਉਸ 'ਤੇ ਮੁਕੱਦਮਾ ਚਲਾਇਆ ਗਿਆ, ਭਾਰੀ ਜੁਰਮਾਨਾ ਲਗਾਇਆ ਗਿਆ, ਨਾਰਵੇ ਦੇ ਲੋਕਾਂ ਨੇ ਸਮਾਜਿਕ ਤੌਰ 'ਤੇ ਉਸ ਦਾ ਬਾਈਕਾਟ ਕੀਤਾ, ਉਸ ਨੂੰ ਭਾਰੀ ਬਦਨਾਮੀ ਦਾ ਦੁੱਖ ਝੱਲਣਾ ਪਿਆ।

ਵਰਨਣਯੋਗ ਹੈ ਵੈਨੇਜ਼ੁਏਲਾ ਦੇ ਅਧਿਕਾਰੀਆਂ ਵਲੋਂ ਲਗਾਈ ਇੱਕ ਦਹਾਕੇ ਪੁਰਾਣੀ ਯਾਤਰਾ ਪਾਬੰਦੀ ਦੀ ਉਲੰਘਣਾ ਕਰਕੇ ਅਤੇ ਇੱਕ ਸਾਲ ਤੋਂ ਵੱਧ ਸਮਾਂ ਲੁਕ-ਛਿਪ ਕੇ ਬਿਤਾਉਣ ਬਾਅਦ, ਮਚਾਡੋ ਦਸੰਬਰ ਵਿਚ ਗੁਪਤ ਰੂਪ ਵਿਚ ਵੈਨੇਜ਼ੁਏਲਾ ਛੱਡ ਕੇ ਆਪਣਾ ਇਨਾਮ ਲੈਣ ਲਈ ਓਸਲੋ ਗਈ ਸੀ। ਜਦੋਂ ਮਚਾਡੋ ਨੇ ਹਾਲੇ ਇਹ ਨੋਬੇਲ ਪੁਰਸਕਾਰ ਟਰੰਪ ਨੂੰ ਸਮਰਪਿਤ ਹੀ ਕੀਤਾ ਸੀ, ਤਾਂ ਨਾਰਵੇ ਦੇ ਨੋਬੇਲ ਇੰਸਟੀਚਿਊਟ ਨੇ ਸਪਸ਼ਟ ਕਰ ਦਿੱਤਾ ਸੀ ਕਿ ਇਹ ਇਨਾਮ ਨਾ ਹੀ ਰੱਦ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਨੂੰ ਟਰਾਂਸਫਰ ਕੀਤਾ ਜਾ ਸਕਦਾ ਹੈ। ਨਾਰਵੇ ਦੀ ਸਮਾਜਵਾਦੀ ਖੱਬੇ-ਪੱਖੀ ਪਾਰਟੀ ਦੀ ਨੇਤਾ ਅਤੇ ਪਾਰਟੀ ਦੀ ਵਿਦੇਸ਼ ਨੀਤੀ ਦੀ ਬੁਲਾਰਾ ਕ੍ਰਿਸਟੀ ਬਰਗਸਟੋ ਨੇ ਕਿਹਾ ਹੈ ਕਿ ਮਾਰੀਆ ਕੋਰੀਨਾ ਮਚਾਡੋ ਦਾ ਇਹ ਸਭ ਤੋਂ ਬੇਤੁਕਾ ਫੈਸਲਾ ਹੈ। ਉਸ ਕਿਹਾ ਕਿ ਵੈਨੇਜ਼ੁਏਲਾ 'ਤੇ ਟਰੰਪ ਦੀ ਕਾਰਵਾਈ ਅਤੇ ਗਰੀਨਲੈਂਡ ਬਾਰੇ ਟਰੰਪ ਦੀਆਂ ਧਮਕੀਆਂ ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਜੇਕਰ ਟਰੰਪ ਨੂੰ ਇਹ ਇਨਾਮ ਦੇ ਦਿੱਤਾ ਜਾਂਦਾ ਤਾਂ ਇਹ ਇੱਕ ਕਿਸਮ ਦਾ ਪਾਗਲਪਨ ਹੀ ਹੋ ਸਕਦਾ ਸੀ। ਨਾਰਵੇ ਦੀ ਹੀ ਸੈਂਟਰ ਪਾਰਟੀ ਦੇ ਨੇਤਾ ਟ੍ਰਾਈਗਵੇ ਸਲੈਗਸਵੋਲਡ ਵੇਦੁਮ ਨੇ ਇੱਕ ਬਿਆਨ ਰਾਹੀਂ ਕਿਹਾ, ਕਿ ਇਨਾਮ ਜਿਸ ਨੂੰ ਮਿਲੇ, ਉਸ ਦਾ ਹੀ ਹੁੰਦਾ ਹੈ। ਪਰ ਇਹ ਵੀ ਇੱਕ ਤੱਥ ਹੈ ਕਿ ਟਰੰਪ ਅਜਿਹੀ ਵੱਖਰੀ ਕਿਸਮ ਦੇ ਵਿਅਕਤੀ ਹਨ, ਜੋ ਦੂਸਰਿਆਂ ਲੋਕਾਂ ਦੇ ਸਨਮਾਨ ਅਤੇ ਕੰਮ ਨਾਲ ਆਪਣੇ ਆਪ ਨੂੰ ਸ਼ਿੰਗਾਰਨਾ ਚਾਹੁੰਦੇ ਹਨ। ਨਾਰਵੇ ਪੀਪਲ ਏਡ ਦੇ ਸਕੱਤਰ ਰੇਮੰਡ ਜੋਹਾਨਸਨ ਨੇ ਕਿਹਾ ਕਿ ਇਹ ਸਥਿਤੀ ਅਵਿਸ਼ਵਾਸ਼ਯੋਗ, ਸ਼ਰਮਨਾਕ ਅਤੇ ਨੁਕਸਾਨਦੇਹ ਹੈ। ਮਚਾਡੋ ਦੀ ਇਹ ਕਾਰਵਾਈ ਨੋਬੇਲ ਸ਼ਾਂਤੀ ਪੁਰਸਕਾਰ ਅਤੇ ਨੋਬੇਲ ਕਮੇਟੀ ਦੀ ਸਾਖ ਨੂੰ ਨੁਕਸਾਨ ਪਹੁੰਚਾਣ ਵਾਲੀ ਹੈ। ਉਸ ਨੇ ਫੇਸਬੁੱਕ 'ਤੇ ਲਿਖਿਆ ਕਿ ਇਨਾਮ ਦੇਣ ਦਾ ਹੋਇਆ ਰਾਜਨੀਤੀਕਰਨ ਖਤਰਨਾਕ ਹੈ, ਕਿ ਇੱਕ ਸ਼ਾਂਤੀ ਵਿਰੋਧੀ ਆਦਮੀ ਵੀ ਆਸਾਨੀ ਨਾਲ ਇਸ ਸਭ ਕੁਝ ਨੂੰ ਜਾਇਜ਼ ਠਹਿਰਾ ਸਕਦਾ ਹੈ। ਉਸ ਨੇ ਲਿਖਿਆ ਕਿ ਮੈਨੂੰ ਵਿਸ਼ਵਾਸ਼ ਨਹੀਂ ਹੋ ਰਿਹਾ ਕਿ ਮਚਾਡੋ ਨੇ ਜੋ ਕੀਤਾ, ਹੁਣ ਨੋਬੇਲ ਕਮੇਟੀ ਧਰਤੀ 'ਤੇ ਲੋਕਾਂ ਨੂੰ ਕੀ ਕਹਿਣ ਜਾ ਰਹੀ ਹੈ।

# ਸਾਂਢੂ ਦੀ ਸਕੀਰੀ ਖੋਏ ਦੀ ਪੰਜੀਰੀ...



ਇਸ ਹਫ਼ਤੇ ਲਈ ਆਰਟੀਕਲ ਲਿਖ ਰਿਹਾ ਸੀ। ਮੈਨੂੰ ਪਤਾ ਨਹੀਂ ਸੀ ਕਿ ਜੋ ਮੈਂ ਲਿਖ ਰਿਹਾ ਹਾਂ ਇਸ ਨੂੰ ਵਿਚੇ ਹੀ ਛੱਡ ਕੇ ਸਾਂਢੂ ਦੀ ਬੇ-ਵਕਤੀ ਮੌਤ ਦੀ ਮਨਹੂਸ ਖਬਰ ਮਿਲ ਜਾਵੇਗੀ ਤੇ ਉਸ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਮੈਨੂੰ ਇਹ ਲੇਖ ਲਿਖਣਾ ਪੈ ਜਾਵੇਗਾ। ਬਾਣੀ ਦਾ ਫੁਰਮਾਨ ਹੈ ਕਿ- ਫਰੀਦਾ ਦਰੀਆਵੈ ਕੰਨੀ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ॥ ਇਸ ਤਰ੍ਹਾਂ ਹੀ ਮੇਰੇ ਭਰਾਵਾਂ ਵਰਗੇ ਸਾਂਢੂ ਭੁਪਿੰਦਰ ਸਿੰਘ ਭੱਠਲ ਦੀ ਅਚਾਨਕ ਮੌਤ ਦੀ ਖ਼ਬਰ ਮਿਲੀ। ਯਕੀਨ ਨਹੀਂ ਹੋ ਰਿਹਾ ਸੀ ਕਿ ਬਾਰਾਂ ਫਰਵਰੀ ਦੀ ਸ਼ਾਮ ਨੂੰ 6.45 'ਤੇ ਗੱਲ ਹੁੰਦੀ ਹੈ ਤੇ 13 ਫਰਵਰੀ ਦੀ ਸਵੇਰੇ ਛੇ ਵਜੇ ਉਸਦੇ ਜਹਾਨੋਂ ਤੁਰ ਜਾਣ ਦੀ ਖ਼ਬਰ ਮਿਲ ਜਾਂਦੀ ਹੈ। ਖ਼ਬਰ ਸੁਣ ਕੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਕਿ ਇਹ ਕੀ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਭਾਣਾ ਵਰਤ ਗਿਆ। ਬਾਈ ਨਾਲ ਬਿਤਾਇਆ ਵਕਤ ਫਿਲਮ ਵਾਂਗ ਅੱਖਾਂ ਅੱਗੇ ਘੁੰਮਣ ਲੱਗ ਗਿਆ। ਮੇਰੇ ਚਾਚੇ ਵੱਲੋਂ ਸੁਣਾਈ ਇੱਕ ਮਖੌਲੀਆ ਜਿਹੀ ਕਹਾਵਤ ਕਿ 'ਸਾਂਢੂ ਦੀ ਸਕੀਰੀ ਤੇਲ ਦੀ ਪੰਜੀਰੀ' ਪਰ ਅਸੀਂ ਦੋਵਾਂ ਨੇ ਇਹ ਕਹਾਵਤ ਬਦਲ ਦਿੱਤੀ ਹੋਈ ਸੀ। 'ਸਾਂਢੂ ਦੀ ਸਕੀਰੀ ਖੋਏ ਦੀ ਪੰਜੀਰੀ' ਵੈਸੇ ਤਾਂ ਸਾਂਢੂਆਂ ਦੀ ਬਹੁਤੀ ਬਣਦੀ ਨਹੀਂ ਹੁੰਦੀ, ਦੋਵਾਂ ਦੇ ਦਿਲਾਂ ਵਿਚ ਬੇ-ਵਿਸ਼ਵਾਸੀ ਹੁੰਦੀ ਹੈ। ਰੌਲਾ ਹੁੰਦਾ ਹੈ ਕਿ ਸਾਲੀ ਅੱਧੇ ਘਰਵਾਲੀ ਦਾ, ਇਸ ਰੁਤਬੇ ਦਾ ਮਨ ਵਿਚ ਗ਼ਲਤ ਖਿਆਲ ਰੱਖ ਕੇ ਫਿਰ ਇੱਕ ਦੂਜੇ ਦੀਆਂ ਘਰਵਾਲੀਆਂ ਨੂੰ ਦੋ ਅਰਥੀ ਟਿੱਚਰਾਂ ਮਖੌਲ ਹੁੰਦੇ ਰਹਿੰਦੇ ਹਨ। ਜਿਨ੍ਹਾਂ ਕਰਕੇ ਸਾਂਢੂਆਂ ਵਿਚ ਨਿੱਕੀ-ਨਿੱਕੀ ਗੱਲ ਲੜਾਈ ਦਾ ਮੁੱਦਾ ਪੈਦਾ ਕਰ ਦਿੰਦੀ ਹੈ। ਫਿਰ ਦੋਵਾਂ ਦੀ ਆਪਸ ਵਿਚ ਬਣਨੋਂ ਹਟ ਜਾਂਦੀ ਹੈ। ਸੱਸ ਸਹੁਰੇ ਕੋਲ ਫਿਰ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਹਨ। ਚੰਗੀ ਭਲੀ ਰਿਸ਼ਤੇਦਾਰੀ ਮੂੰਹ ਮੋਟਾ ਕਰਕੇ ਬੈਠ ਜਾਂਦੀ ਹੈ। ਬਸ ਜਿਵੇਂ ਤੇਲ ਦੀ ਪੰਜੀਰੀ ਦਾ ਕੋਈ ਸਵਾਦ ਨਹੀਂ ਹੁੰਦਾ, ਇਸੇ ਤਰ੍ਹਾਂ ਸਾਂਢੂ ਦੀ ਸਕੀਰੀ ਦਾ ਵੀ ਕੋਈ ਮਤਲਬ ਨਹੀਂ ਰਹਿ ਜਾਂਦਾ। ਪਰ ਸਾਡੇ ਦੋਵਾਂ ਵਿਚ ਇਹ ਗੱਲ ਨਹੀਂ ਸੀ। ਸਾਡੀ ਪੰਜੀਰੀ ਵਿਚ ਵਿਸ਼ਵਾਸ, ਪਿਆਰ, ਹਮਦਰਦੀ, ਮਦਦ ਦਾ ਮੇਵਾ ਪਾਇਆ ਹੋਇਆ ਸੀ। ਭਰਾਵਾਂ ਵਰਗੇ ਘਿਉ ਦੀ ਥਿੰਦਿਆਈ ਸੀ। ਮੁਹੱਬਤਾਂ ਦਾ ਮਿੱਠਾ ਪਾਇਆ ਹੋਇਆ ਸੀ। ਦੋਵਾਂ ਸਕੀਰੀਆਂ ਦੀ ਇੱਕਜੁੱਟਤਾ ਦਾ ਖੋਇਆ ਪਾ ਕੇ ਇਸ ਨੂੰ 'ਸਾਂਢੂ ਦੀ ਸਕੀਰੀ ਖੋਏ ਦੀ ਪੰਜੀਰੀ' ਬਣਾ ਕੇ ਰੱਖਿਆ ਹੋਇਆ ਸੀ। ਮੇਰੇ ਸਹੁਰਾ ਸਾਬ੍ਹ ਦੇ ਚਾਰ ਧੀਆਂ ਹੀ ਸਨ। ਸੱਸ ਨੇ ਦੂਜੇ ਨੰਬਰ ਵਾਲੀ ਧੀ ਆਪਣੇ ਭਰਾ ਨੂੰ ਦੇ ਕੇ ਉਸ ਦਾ ਦੂਜੇ ਨੰਬਰ ਵਾਲਾ ਪੁੱਤਰ ਲੈ ਲਿਆ ਸੀ। ਇਹ ਤਬਾਦਲਾ ਦੋਵਾਂ ਦੇ ਬਚਪਨ ਵਿਚ ਹੀ ਹੋ ਗਿਆ ਸੀ। ਯਾਨੀ ਹੁਣ ਮੇਰੇ ਦੋ ਸਾਲੀਆਂ ਤੇ ਇੱਕ ਸਾਲਾ ਹੈ। ਭੁਪਿੰਦਰ ਸਿੰਘ ਤੀਜੇ ਨੰਬਰ ਵਾਲੀ ਦਾ ਪਤੀ ਪਰਮੇਸ਼ਵਰ ਸੀ। ਮੇਰੇ ਘਰਵਾਲੀ ਚੌਥੇ ਨੰਬਰ ਵਾਲੀ ਹੈ। ਜਦ ਮੈਨੂੰ ਮੇਰੇ ਸਹੁਰੇ ਦੇਖਣ ਆਏ ਸੀ, ਤਾਂ ਉਹ ਤੀਜੇ ਨੰਬਰ ਵਾਲੀ ਲਈ ਮੈਨੂੰ ਪਸੰਦ ਕਰ ਗਏ ਸੀ। ਮੇਰੇ ਦਾਦਾ ਜੀ ਨੇ ਵਿਚੋਲੇ ਨੂੰ ਪੁੱਛਿਆ 'ਸੱਤਪਾਲ ਸਿਆਂ! ਲੜਕੀ ਦਾ ਕੱਦ ਕਿੰਡਾ ਹੈ'। ਵਿਚੋਲੇ ਨੇ ਵਿਹੜੇ ਵਿਚ ਫਿਰਦੀ ਮੇਰੇ ਚਾਚੇ ਦੀ ਕੁੜੀ ਵੱਲ ਹੱਥ ਕਰਕੇ ਕਿਹਾ ਕਿ ਆ ਰਾਣੀ ਜਿੱਡਾ ਹੈ। ਦਾਦਾ ਜੀ ਇਕਦਮ ਉੱਠ ਕੇ ਕਹਿਣ ਲੱਗੇ ਕਿ 'ਸੱਤਪਾਲ ਸਿਆਂ ਤੇਰਾ ਦਿਮਾਗ਼ ਠੀਕ ਹੈ, ਪੋਤਾ ਮੇਰਾ ਛੇ ਫੁੱਟ ਲੰਮਾ ਤੇ ਕੁੜੀ ਪੰਜ ਫੁੱਟ ਦੀ। ਨਹੀਂ ਭਾਈ ਮੈਨੂੰ ਪੋਤ ਨੂੰਹ ਮੇਰੇ ਪੋਤੇ ਜਿੱਡੀ ਚਾਹੀਦੀ ਹੈ। ਇਹ ਸੁਣ ਕੇ ਸੱਤਪਾਲ ਚਾਚਾ ਜੀ ਕੁੜੀ ਵਾਲਿਆਂ ਦੇ ਪਿੰਡ ਜਾ ਪਹੁੰਚੇ ਕਿ ਭਾਈ ਆਪਣੀ ਬੋਪਾਰਾਏ ਗੱਲ ਨਹੀਂ ਬਣਨੀ, ਕਿਉਂਕਿ ਉਨ੍ਹਾਂ ਨੂੰ ਕੁੜੀ ਲੰਮੀ ਚਾਹੀਦੀ ਹੈ। ਸਾਰਾ ਟੱਬਰ ਸੋਚੀਂ ਪੈ ਗਿਆ ਕਿ ਮੁੰਡਾ, ਘਰ-ਬਾਰ ਤੇ ਖ਼ਾਨਦਾਨ ਵੀ ਚੰਗਾ ਹੈ। ਮੁੰਡਾ ਨਸ਼ਿਆਂ ਤੋਂ ਰਹਿਤ ਹੈ ਤੇ ਧਾਰਮਿਕ ਖਿਆਲਾਂ ਨਾਲ ਅਗਾਂਹ-ਵਧੂ ਸੋਚ ਰੱਖਦਾ ਹੈ, ਉਨ੍ਹਾਂ ਦਾ ਪਾਸਾ ਨਹੀਂ, ਬਲਕਿ ਪੂਰਾ ਪਿੰਡ ਮੁੰਡੇ ਦੀ ਸਾਊ ਪੱਖੀ ਹਾਮੀ ਭਰਦਾ ਹੈ। ਫਿਰ ਸਹੁਰਾ ਸਾਬ੍ਹ ਨੇ ਸੋਚ-ਵਿਚਾਰ ਕੇ ਆਪਣੇ ਸਾਲੇ ਨਾਲ ਵਿਚਾਰ ਕੀਤੀ॥ ਉਹ ਅੱਗੋਂ ਕਹਿੰਦਾ ਇਹ ਕਿਹੜੀ ਵੱਡੀ ਗੱਲ ਆ, ਆਪਾਂ ਛੋਟੀ ਦਾ ਰਿਸ਼ਤਾ ਕਰ ਦਿੰਦੇ ਆ, ਉਸ ਦਾ ਕੱਦ ਤਾ ਪੰਜ ਫੁੱਟ ਸੱਤ ਇੰਚ ਹੈ। ਇਹ ਸੁਣ ਕੇ ਸਹੁਰਾ ਸਾਬ੍ਹ ਸੋਚੀਂ ਪੈ ਗਏ। ਪਰ ਮੇਰੀ ਸੱਸ ਆਪਣੇ ਭਰਾ ਨਾਲ ਲੜਾਈ ਕਰਨ ਲੱਗੀ ਕਿ ਤੀਜੇ ਨੰਬਰ ਵਾਲੀ ਨੂੰ ਪਸੰਦ ਕੀਤਾ ਵਰ ਮੈਂ ਚੌਥੀ ਨੂੰ ਕਿਉਂ ਤੋਰਾਂ। ਲੋਕ ਕੀ ਕਹਿਣਗੇ ਕਿ ਤੀਜੀ ਵਿਆਹੀ ਨਹੀਂ, ਚੌਥੀ ਦੇ ਹੱਥ ਪੀਲੇ ਕਰ'ਤੇ, ਕੁੜੀ ਵਿਚ ਕੋਈ ਕਮੀ ਪੇਸ਼ੀ ਹੋਏਗੀ। ਫਿਰ ਰੌਲੇ-ਰੱਪੇ ਤੋਂ ਬਾਅਦ ਇਹ ਗੱਲ ਮੁੱਕੀ ਕਿ ਦੋ ਸਾਲਾਂ ਨੂੰ ਚੌਥੀ ਦਾ ਵਿਆਹ ਕਰਨਾ ਹੀ ਸੀ। ਚਲੋ ਇਸ ਲਈ ਵਰ ਲੱਭ ਗਿਆ ਸਮਝੋ। ਤੀਜੀ ਲਈ ਵਰ ਲੱਭ ਕੇ ਪਹਿਲਾਂ ਉਸ ਦਾ ਹੀ ਵਿਆਹ ਕੀਤਾ ਜਾਵੇਗਾ। ਫਿਰ ਮੇਰੀ ਸੱਸ ਦੀ ਸਲਾਹ ਨਾਲ ਇੰਜ ਹੀ ਹੋਇਆ। ਮੇਰੇ ਮੰਗਣੇ ਤੋਂ ਪੂਰੇ ਇੱਕ ਸਾਲ ਬਾਅਦ ਮੇਰੀ ਸਾਲ਼ੀ ਲਈ ਬਾਈ ਨੂੰ ਪਸੰਦ ਕਰ ਲਿਆ ਗਿਆ ਤੇ ਮਹੀਨੇ ਬਾਅਦ ਦੋਵਾਂ ਦਾ ਵਿਆਹ ਕਰ ਦਿੱਤਾ ਗਿਆ ਤੇ ਫਿਰ ਪੰਦਰਾਂ ਦਿਨਾਂ ਬਾਅਦ ਮੇਰੇ ਮੱਥੇ ਸਿਹਰਾ ਬੰਨ੍ਹ ਦਿੱਤਾ ਗਿਆ ਤੇ ਮੇਰਾ ਵੀ ਵਿਆਹ ਹੋ ਗਿਆ।

ਸਿਆਣਿਆਂ ਦੀ ਸਮਝ ਨਾਲ ਦੋਵੇਂ ਕਾਰਜ ਹੀ ਸਮੇਂ ਨਾਲ ਸੰਪੂਰਨ ਹੋਏ। ਫਿਰ ਸਮਾਂ ਸ਼ੁਰੂ ਹੋਇਆ ਤਾਜ਼ੇ-ਤਾਜ਼ੇ ਸਾਂਢੂਆਂ ਦੀ ਪਿਆਰ ਗਲਵਕੜੀ, ਆਪਸੀ ਜਾਣ-ਪਹਿਚਾਣ ਦਾ। ਮੁੱਢ ਤੋਂ ਸਾਡਾ ਰਿਸ਼ਤਾ ਭਰਾਵਾਂ ਵਰਗਾ ਹੀ ਰਿਹਾ। ਮੇਰਾ ਸੁਭਾਅ ਧਾਰਮਿਕ ਖਿਆਲਾਂ ਦਾ ਹੋਣ ਕਰਕੇ ਮੈਂ ਕਦੇ ਵੀ ਕੋਈ ਟਿੱਚਰ ਮਖੌਲ ਨਹੀਂ ਕਰਦਾ ਸੀ। ਨਾ ਹੀ ਕਦੇ ਬਾਈ ਨੇ ਕੋਈ ਟਿੱਚਰ ਮਖੌਲ ਕੀਤਾ ਸੀ। ਚੌਂਤੀ ਸਾਲ ਹੋ ਗਏ ਸਾਡੇ ਵਿਆਹਾਂ ਨੂੰ, ਪਰ ਕਦੇ ਵੀ ਸਾਡੇ ਵਿਚ ਤੂੰ-ਤੂੰ ਮੈਂ-ਮੈਂ ਨਹੀਂ ਸੀ ਹੋਈ। ਹੁਣ ਦੁੱਖ ਇਹੀ ਹੈ ਕਿ ਪਰਮਾਤਮਾ ਨੇ ਬੇ-ਵਕਤੀ ਮੇਰਾ ਵੱਡਾ ਭਰਾ ਖੋ ਲਿਆ ਹੈ। ਚੰਗੇ ਭਲੇ ਤੰਦਰੁਸਤ ਬੰਦੇ ਨੂੰ ਹਾਰਟ ਅਟੈਕ ਦਾ ਬਹਾਨਾ ਜਿਹਾ ਬਣਾ ਕੇ ਪਰਮਾਤਮਾ ਕਿਉਂ ਲੈ ਜਾਂਦਾ ਹੈ। ਸੱਸ ਸਹੁਰੇ ਦੇ ਘਰ ਪਰਮਾਤਮਾ ਨੇ ਪੁੱਤਰ ਦੀ ਦਾਤ ਨਹੀਂ ਦਿੱਤੀ ਸੀ, ਪਰ ਉਨ੍ਹਾਂ ਦੀਆਂ ਚਾਰਾਂ ਧੀਆਂ ਨੂੰ ਦੋ-ਦੋ ਪੁੱਤਰਾਂ ਦੀਆਂ ਖੁਸ਼ੀਆਂ ਬਖ਼ਸ਼ੀਆ ਨੇ, ਸਿਰਫ਼ ਵੱਡੀ ਭੈਣ ਕੋਲ ਇੱਕ ਪੁੱਤ ਤੇ ਧੀ ਹੈ। ਤਕਰੀਬਨ ਸਾਰਿਆਂ ਦੇ ਨਿਆਣੇ ਹਮਉਮਰ ਹਨ। ਜਦੋਂ ਕਿਸੇ ਦਿਨ-ਦਿਹਾਰ 'ਤੇ ਸਾਰੇ ਆਪਣੇ ਨਾਨਕੀ ਇੱਕਠੇ ਹੁੰਦੇ ਤਾਂ ਸਹੁਰਾ ਸਾਬ੍ਹ ਨੇ ਕਹਿਣਾ ਕਿ ਇੱਕਠੇ ਬਾਹਰ ਨਾ ਜਾਇਓ, ਨਜ਼ਰ ਲੱਗ ਜਾਵੇਗੀ। ਲੋਕ ਕਹਿਣਗੇ, ਮਹਿੰਦਰ ਸਿਉਂ ਨੂੰ ਰੱਬ ਨੇ ਪੁੱਤ ਤਾਂ ਨਹੀਂ ਦਿੱਤਾ ਸੀ ਪਰ ਸੱਤ ਦੋਹਤੇ ਦਿੱਤੇ ਨੇ। ਸੱਚ ਬੱਚਿਆਂ ਦਾ ਨਾਨਾ ਦੋਹਤਿਆਂ ਨੂੰ ਬੁਰੀਆਂ ਨਜ਼ਰਾਂ ਤੋਂ ਲੁਕੋ-ਲੁਕੋ ਕੇ ਰੱਖਦਾ ਸੀ। ਪਰਮਾਤਮਾ ਨੇ ਸਹੁਰੇ ਨੂੰ ਪੁੱਤਰ ਦੀ ਦਾਤ ਨਾਲ ਤਾਂ ਨਹੀ ਨਿਵਾਜਿਆ ਸੀ, ਪਰ ਧੀਆਂ ਦੇ ਨਸੀਬ ਚੰਗੇ ਦਿੱਤੇ ਸੀ। ਚਾਰੇ ਧੀਆਂ ਆਪਣੇ ਘਰਾਂ ਵਿਚ ਸੌਖੀਆਂ ਵੱਸਦੀਆਂ ਸਨ। ਸਭ ਤੋਂ ਵੱਡੀ ਦਾ ਪਰਿਵਾਰ ਕੈਨੇਡਾ ਦੂਜੀ ਦਾ ਇੰਗਲੈਂਡ ਤੀਜੀ ਦਾ ਇੱਕ ਪੁੱਤ ਕੈਨੇਡਾ ਤੇ ਇੱਕ ਅਮਰੀਕਾ ਹੈ। ਚੌਥੀ ਦਾ ਸਾਰਾ ਪਰਿਵਾਰ ਅਮਰੀਕਾ ਹੈ। ਇੱਕ ਸਧਾਰਨ ਕਿਸਾਨ ਨੇ ਦਸਾਂ ਨੌਹਾਂ ਦੀ ਮਿਹਨਤ ਨਾਲ ਆਪਣੀਆਂ ਧੀਆਂ ਨੂੰ ਵਿਆਹ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਮੈਨੂੰ ਜਵਾਈਆਂ ਦੇ ਰੂਪ ਵਿਚ ਚਾਰ ਪੁੱਤਰ ਮਿਲ ਗਏ।

ਬਾਈ ਦਾ ਇਸ ਤਰ੍ਹਾਂ ਅਚਾਨਕ ਚਲੇ ਜਾਣਾ ਪਰਿਵਾਰ ਨੂੰ ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬਾਈ ਕਿਸਾਨ ਵੀ ਚੋਟੀ ਦਾ ਸੀ। ਜਿੰਨਾ ਚਿਰ ਖੇਤੀ-ਬਾੜੀ ਕੀਤੀ, ਪੂਰੇ ਸ਼ੌਕ ਨਾਲ ਕੀਤੀ। ਖੇਤੀ-ਬਾੜੀ ਦੇ ਸੰਦਾਂ ਦੀ ਸਾਂਭ-ਸੰਭਾਲ ਤਾਂ ਕੋਈ ਬਾਈ ਵਰਗੀ ਕਰ ਹੀ ਨਹੀਂ ਸਕਦਾ ਸੀ। ਬਾਈ ਟਰੱਕ ਡਰਾਈਵਰ ਵੀ ਵਧੀਆ ਸੀ। ਤੀਹ ਸਾਲ ਦੀ ਡਰਾਈਵਰੀ ਵਿਚ ਕਦੇ ਕੋਈ ਐਕਸੀਡੈਂਟ ਨਹੀਂ ਹੋਇਆ ਸੀ। ਰਿਸ਼ਤੇਦਾਰਾਂ ਨਾਲ ਵਰਤਣਾ ਵੀ ਉਸਨੂੰ ਆਉਂਦਾ ਸੀ। ਕਿਸੇ ਦਾ ਦੁੱਖ ਆਪਣਾ ਦੁੱਖ ਸਮਝਦਾ ਸੀ। ਬਹੁਤ ਘੱਟ ਬੰਦੇ ਅਜਿਹੇ ਹੁੰਦੇ ਹਨ, ਜੋ ਆਪਣਾ ਨੁਕਸਾਨ ਕਰਵਾ ਕੇ ਦੂਜੇ ਕੰਮ ਸੰਵਾਰਨ ਤੁਰ ਪੈਂਦੇ ਹਨ। ਲੰਘੀਂ 19 ਫਰਵਰੀ ਨੂੰ ਬਾਈ ਦਾ ਭੋਗ ਪੈ ਗਿਆ। ਭੋਗ ਦੇ ਇੱਕਠ ਤੋਂ ਪਤਾ ਲੱਗਦਾ ਸੀ ਕਿ ਬਾਈ ਲੋਕਾਂ ਦੇ ਦਿਲਾਂ ਵਿਚ ਵਸਦਾ ਸੀ। ਜੋ ਇੱਕ ਵਾਰ ਬਾਈ ਨੂੰ ਮਿਲ ਲੈਂਦਾ, ਉਹ ਬਾਈ ਦਾ ਬਣ ਕੇ ਰਹਿ ਜਾਂਦਾ ਸੀ। 20 ਫਰਵਰੀ ਨੂੰ ਬਾਈ ਦੇ ਫੁੱਲ ਕੀਰਤਪੁਰ ਸਾਹਿਬ ਜਲ ਪ੍ਰਵਾਹ ਕਰ ਦਿੱਤੇ ਹਨ। ਸੱਤ ਦਿਨਾਂ ਵਿਚ ਹੀ ਬਾਈ ਹੈ ਤੋਂ ਸੀ ਹੋ ਗਿਆ। ਕੈਨੇਡਾ ਤੋਂ ਪਿੰਡ ਗਈ ਛੇ ਮਹੀਨਿਆਂ ਦੀ ਪੋਤੀ ਨਾਲ ਤਾਂ ਅਜੇ ਲਾਡ ਵੀ ਨਹੀਂ ਲਡਾਏ ਸਨ ਕਿ ਆਹ ਭਾਣਾ ਵਾਪਰ ਗਿਆ। ਇਨਸਾਨ ਦੇ ਜਾਣ ਤੋਂ ਬਾਅਦ ਸਭ ਕੁੱਝ ਹੋਈ ਤਾਂ ਜਾਂਦਾ ਹੈ, ਪਰ ਉਸ ਦੇ ਵਿਛੋੜੇ ਦੀ ਚੀਸ ਸੀਨੇ ਵਿਚ ਖੰਜਰ ਵਾਂਗ ਖੁੱਭਦੀ ਰਹਿੰਦੀ ਹੈ। ਬਾਈ ਦਾ ਸੱਠ ਸਾਲ ਦੀ ਉਮਰ ਵਿਚ ਜਹਾਨੋਂ ਤੁਰ ਜਾਣਾ ਬੁੱਢੀ ਮਾਂ ਲਈ ਹੋਰ ਵੀ ਦੁਖਦਾਈ ਹੈ। ਇਹ ਲੇਖ ਬਾਈ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਲਿਖਣ ਦਾ ਮੇਰਾ ਇਹੀ ਮਕਸਦ ਹੈ ਕਿ ਆਪਾਂ ਆਪਣੇ ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਸਕੇ-ਸੰਬੰਧੀਆਂ ਨੂੰ ਸਮਾਂ ਕੱਢ ਕੇ ਮਿਲ-ਗਿਲ ਲਈਏ ਜਾਂ ਫੋਨ 'ਤੇ ਦੁੱਖ-ਸੁੱਖ ਸਾਂਝਾ ਕਰ ਲਈਏ। ਦੁਨਿਆਵੀ ਗਿਲੇ-ਸ਼ਿਕਵੇ ਭੁੱਲ ਕੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਰਹੀਏ। ਪਤਾ ਨਹੀਂ ਕਦੋਂ ਕਿੱਥੇ ਕਿਸ ਦਾ ਇਸ ਜਹਾਨ ਤੋਂ ਦਾਣਾ-ਪਾਣੀ ਮੁੱਕ ਜਾਵੇ। ਵਾਹਿਗੁਰੂ ਬਾਈ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਰੱਬ ਰਾਖਾ॥

# 'ਕਦੇ-ਕਦਾਈਂ ਇੱਕ ਬੱਚੇ ਦੀ ਮਦਦ ਕਰਨੀ ਹੀ ਕਾਫੀ ਹੁੰਦੀ ਹੈ'

ਉਸਨੇ ਸਿਰਫ 15 ਡਾਲਰ ਦੇ ਕੇ ਇੱਕ ਅਜਨਬੀ ਬੱਚੇ ਨੂੰ ਬਚਾਇਆ।

ਦਹਾਕਿਆਂ ਬਾਅਦ ਉਸਨੂੰ ਪਤਾ ਲੱਗਾ ਕਿ ਉਹ ਬੱਚਾ ਉਸਨੂੰ ਕਿਉਂ ਲੱਭ ਰਿਹਾ ਸੀ।

1982 ਵਿਚ, ਕੀਨੀਆ ਦਾ ਇੱਕ ਮੁੰਡਾ—ਕ੍ਰਿਸ ਮਬੁਰੂ—ਸਭ ਕੁਝ ਗੁਆਉਣ ਦੀ ਕਗਾਰ 'ਤੇ ਖੜ੍ਹਾ ਸੀ।

ਉਹ ਆਪਣੇ ਪੇਂਡੂ ਜ਼ਿਲ੍ਹੇ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਸੀ। ਮਿੱਟੀ ਦੇ ਘਰ ਵਿਚ, ਬਿਨਾਂ ਬਿਜਲੀ ਦੇ, ਲਾਲਟੈਨ ਦੀ ਰੌਸ਼ਨੀ ਵਿਚ ਪੜ੍ਹਾਈ ਕਰਦਾ ਸੀ।

ਪਰ ਉਸਦਾ ਪਰਿਵਾਰ ਸਕੂਲ ਦੀ ਫੀਸ ਨਹੀਂ ਭਰ ਸਕਦਾ ਸੀ। ਬਿਨਾਂ ਮਦਦ ਦੇ ਉਸਦੀ ਪੜ੍ਹਾਈ ਖਤਮ ਹੋ ਜਾਂਦੀ ਅਤੇ ਉਸਦੇ ਨਾਲ ਖਤਮ ਹੋ ਜਾਂਦਾ ਖੇਤਾਂ ਵਿਚ ਕੌਫੀ ਤੋੜਦਿਆਂ ਜ਼ਿੰਦਗੀ ਬਿਤਾਉਣ ਤੋਂ ਬਾਹਰ ਨਿਕਲਣ ਦਾ ਸੁਪਨਾ।

ਇਸੇ ਦੌਰਾਨ, ਦੁਨੀਆ ਦੇ ਦੂਜੇ ਕੋਨੇ ਵਿਚ ਸਵੀਡਨ ਵਿਚ ਰਹਿਣ ਵਾਲੀ 80 ਸਾਲਾ ਕਿੰਡਰਗਾਰਟਨ ਅਧਿਆਪਿਕਾ ਹਿਲਡੇ ਬੈਕ ਨੇ ਇੱਕ ਬਾਲ ਪ੍ਰਾਯੋਜਨਾ ਪ੍ਰੋਗਰਾਮ ਦਾ ਇਸ਼ਤਿਹਾਰ ਦੇਖਿਆ।

ਉਨ੍ਹਾਂ ਨੇ ਸੂਚੀ ਵਿਚੋਂ ਇੱਕ ਨਾਮ ਚੁਣਿਆ— 'ਕ੍ਰਿਸ ਮਬੁਰੂ, ਕੀਨੀਆ'

ਉਨ੍ਹਾਂ ਨੇ ਹਰ ਸਕੂਲ ਟਰਮ ਵਿਚ 15 ਡਾਲਰ ਭੇਜਣੇ ਸ਼ੁਰੂ ਕਰ ਦਿੱਤੇ।

ਨਾ ਕੋਈ ਪਛਾਣ, ਨਾ ਧੰਨਵਾਦ ਦੀ ਉਮੀਦ— ਬੱਸ ਇੱਕ ਚੁੱਪ ਫੈਸਲਾ ਕਿ ਉਹ ਉਸ ਬੱਚੇ ਦੀ ਮਦਦ ਕਰੇਗੀ, ਜਿਸ ਨਾਲ ਸ਼ਾਇਦ ਉਹ ਕਦੇ ਮਿਲੇ ਵੀ ਨਾ।

ਉਹ ਛੋਟੀ ਜਿਹੀ ਰਕਮ ਸਭ ਕੁਝ ਬਦਲ ਗਈ।

ਕ੍ਰਿਸ ਸਕੂਲ ਵਿਚ ਬਣਿਆ ਰਿਹਾ। ਸਮੇਂ ਦੇ ਨਾਲ ਉਸਨੇ ਅਤੇ ਹਿਲਡੇ ਨੇ ਪੱਤਰਾਂ ਦਾ ਆਦਾਨ-ਪ੍ਰਦਾਨ ਸ਼ੁਰੂ ਕੀਤਾ।

ਉਹ ਉਸਦੇ ਅਧਿਆਪਕਾਂ, ਪੜ੍ਹਾਈ ਅਤੇ ਸੁਪਨਿਆਂ ਬਾਰੇ ਪੁੱਛਦੀ ਸੀ।

ਉਨ੍ਹਾਂ ਦੇ ਸ਼ਬਦਾਂ ਤੋਂ ਕ੍ਰਿਸ ਨੂੰ ਅਹਿਸਾਸ ਹੋਇਆ ਕਿ ਉਹ ਸਿਰਫ ਕਿਸੇ ਸੰਸਥਾ ਦਾ ਹਿੱਸਾ ਨਹੀਂ, ਅਸਲੀ ਇਨਸਾਨ ਹੈ, ਜੋ ਉਸ 'ਤੇ ਵਿਸ਼ਵਾਸ ਕਰਦੀ ਹੈ ਅਤੇ ਉਸਨੇ ਉਸ ਨੂੰ ਕਦੇ ਨਹੀਂ ਭੁਲਾਇਆ।

ਕ੍ਰਿਸ ਨੇ ਨੈਰੋਬੀ ਯੂਨੀਵਰਸਿਟੀ ਤੋਂ ਕਾਨੂੰਨ ਵਿਚ ਚੋਟੀ ਦੇ ਅੰਕ ਪ੍ਰਾਪਤ ਕੀਤੇ।

ਬਾਅਦ ਵਿਚ ਉਸਨੂੰ ਹਾਰਵਰਡ ਵਿਚ ਫੁਲਬ੍ਰਾਈਟ ਸਕਾਲਰਸ਼ਿਪ ਮਿਲੀ।

ਅੱਗੇ ਚੱਲ ਕੇ ਉਹ ਸੰਯੁਕਤ ਰਾਸ਼ਟਰ ਦਾ ਮਨੁੱਖੀ ਅਧਿਕਾਰ ਵਕੀਲ ਬਣਿਆ, ਜਿਸਨੇ ਦੁਨੀਆ ਭਰ ਵਿਚ ਨਸਲਕੁਸ਼ੀ ਅਤੇ ਮਾਨਵਤਾ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿਚ ਕੰਮ ਕੀਤਾ। ਪਰ ਉਸਦੇ ਦਿਲ ਵਿਚ ਇੱਕ ਗੱਲ ਹਮੇਸ਼ਾ ਖਟਕਦੀ ਰਹੀ ਕਿ ਉਹ ਉਸ ਔਰਤ ਦਾ ਚੰਗੀ ਤਰ੍ਹਾਂ ਧੰਨਵਾਦ ਨਹੀਂ ਕਹਿ ਪਾਇਆ ਸੀ, ਜਿਸਨੇ ਉਸਦੀ ਜ਼ਿੰਦਗੀ ਬਦਲ ਦਿੱਤੀ।




ਸੱਚ ਤਾਂ ਇਹ ਸੀ ਕਿ ਉਹ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਨਹੀਂ ਸੀ।

2001 ਵਿਚ, ਕ੍ਰਿਸ ਨੇ ਆਪਣੇ ਵਰਗੇ ਪ੍ਰਤਿਭਾਸ਼ਾਲੀ ਪਰ ਗਰੀਬ ਵਿਦਿਆਰਥੀਆਂ ਲਈ ਇੱਕ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ।

ਉਸਨੇ ਕੀਨੀਆ ਵਿਚ ਸਵੀਡਨ ਦੇ ਰਾਜਦੂਤ ਤੋਂ ਬੇਨਤੀ ਕੀਤੀ ਕਿ ਉਹ ਉਸਦੇ ਰਹੱਸਮਈ ਪ੍ਰਾਯੋਜਕ ਨੂੰ ਲੱਭਣ ਵਿਚ ਮਦਦ ਕਰਨ— ਤਾਂਕਿ ਉਹ ਫਾਉਂਡੇਸ਼ਨ ਦਾ ਨਾਮ ਉਸ ਦੇ ਨਾਮ 'ਤੇ ਰੱਖ ਸਕੇ। ਉਹ ਉਨ੍ਹਾਂ ਨੂੰ ਲੱਭ ਲਿਆਏ - ਹਿਲਡੇ ਬੈਕ। ਉਹ ਅਜੇ ਵੀ ਜੀਵਿਤ ਸੀ। ਹਾਲੇ ਵੀ ਸਵੀਡਨ ਵਿਚ ਸ਼ਾਂਤ ਜੀਵਨ ਜੀ ਰਹੀ ਸੀ।

ਕ੍ਰਿਸ ਉਸ ਨੂੰ ਪਹਿਲੀ ਵਾਰ ਮਿਲਣ ਗਿਆ। ਉਸਨੇ ਸੋਚਿਆ ਸੀ ਕਿ ਉਹ ਕਿਸੇ ਅਮੀਰ ਪਰਉਪਕਾਰੀ ਔਰਤ ਨੂੰ ਮਿਲੇਗਾ, ਪਰ ਉਸਨੂੰ ਇੱਕ ਸਧਾਰਨ, ਸਨੇਹੀ ਅਤੇ ਵਿਨਮਰ ਔਰਤ ਮਿਲੀ— ਜੋ ਇਹ ਸੁਣ ਕੇ ਹੈਰਾਨ ਸੀ ਕਿ ਕੋਈ ਉਸ ਦੇ ਕੰਮ ਨੂੰ ਇੰਨਾ ਵੱਡਾ ਮੰਨ ਰਿਹਾ ਹੈ।

ਫਿਰ ਫਿਲਮ ਨਿਰਮਾਤਾ ਜੈਨਿਫਰ ਅਰਨੋਲਡ ਨੇ ਉਸ ਦੇ ਪੁਨਰ-ਮਿਲਣ 'ਤੇ ਇੱਕ ਡਾਕੂਮੈਂਟਰੀ ਬਣਾਉਣੀ ਸ਼ੁਰੂ ਕੀਤੀ।

ਖੋਜ ਦੌਰਾਨ ਇੱਕ ਸੱਚ ਸਾਹਮਣੇ ਆਇਆ, ਜੋ ਹਿਲਡੇ ਨੇ ਕਦੇ ਕ੍ਰਿਸ ਨੂੰ ਨਹੀਂ ਦੱਸਿਆ ਸੀ। ਹਿਲਡੇ ਬੈਕ ਦਾ ਜਨਮ 1922 ਵਿਚ ਨਾਜ਼ੀ ਜਰਮਨੀ ਵਿਚ ਇੱਕ ਯਹੂਦੀ ਪਰਿਵਾਰ ਵਿਚ ਹੋਇਆ ਸੀ।

ਜਦੋਂ ਹਿਟਲਰ ਦੇ ਨੂਰੇਮਬਰਗ ਕਾਨੂੰਨਾਂ ਨੇ ਯਹੂਦੀ ਬੱਚਿਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ, ਉਦੋਂ ਅਜਨਬੀਆਂ ਨੇ ਉਸ ਨੂੰ ਸਵੀਡਨ ਭੱਜਣ ਵਿਚ ਮਦਦ ਕੀਤੀ। ਉਸ ਦੇ ਮਾਤਾ-ਪਿਤਾ ਪਿੱਛੇ ਰਹਿ ਗਏ, ਕਿਉਂਕਿ ਸਵੀਡਨ ਦੀ ਸ਼ਰਨ ਨੀਤੀ ਬਜ਼ੁਰਗ ਯਹੂਦੀਆਂ ਨੂੰ ਦਾਖਲੇ ਦੀ ਇਜਾਜ਼ਤ ਨਹੀਂ ਦਿੰਦੀ ਸੀ। ਦੋਵਾਂ ਨੂੰ ਬਾਅਦ ਵਿਚ ਤਸੀਹੇ ਕੈਂਪਾਂ ਵਿਚ ਭੇਜ ਦਿੱਤਾ ਗਿਆ। ਉਸ ਦੇ ਪਿਤਾ ਉੱਥੇ ਹੀ ਮਾਰੇ ਗਏ। ਮਾਂ ਦਾ ਫਿਰ ਕਦੇ ਕੋਈ ਪਤਾ ਨਹੀਂ ਲੱਗਾ।

ਹਿਲਡੇ ਹੋਲੋਕਾਸਟ ਤੋਂ ਇਸ ਲਈ ਬਚੀ ਕਿਉਂਕਿ ਅਜਨਬੀਆਂ ਨੇ ਉਸ ਦੀ ਮਦਦ ਕੀਤੀ। ਪਰ ਉਸ ਨੇ ਆਪਣੀ ਖੁਦ ਦੀ ਸਿੱਖਿਆ ਗੁਆ ਦਿੱਤੀ।

ਪੰਜਾਹ ਸਾਲ ਬਾਅਦ, ਉਸ ਨੇ ਚੁੱਪਚਾਪ ਦੁਨੀਆ ਦੇ ਦੂਜੇ ਕੋਨੇ 'ਤੇ ਇੱਕ ਬੱਚੇ ਦੀ ਸਿੱਖਿਆ ਲਈ ਭੁਗਤਾਨ ਕੀਤਾ— ਉਹੀ ਬੱਚਾ, ਜੋ ਵੱਡਾ ਹੋ ਕੇ ਉਸੀ ਨਫ਼ਰਤ ਦੇ ਖ਼ਿਲਾਫ ਲੜੇਗਾ, ਜਿਸਨੇ ਉਨ੍ਹਾਂ ਦੇ ਪਰਿਵਾਰ ਨੂੰ ਤਬਾਹ ਕਰ ਦਿੱਤਾ ਸੀ। ਜਦੋਂ ਕ੍ਰਿਸ ਨੂੰ ਉਸ ਦੀ ਕਹਾਣੀ ਪਤਾ ਲੱਗੀ, ਤਾਂ ਉਹ ਰੋ ਪਿਆ।

ਅਤੇ ਹਿਲਡੇ ਨੂੰ ਇਹ ਵੀ ਨਹੀਂ ਪਤਾ ਸੀ ਕਿ ਜਿਸ ਬੱਚੇ ਨੂੰ ਉਨ੍ਹਾਂ ਨੇ ਪ੍ਰਾਯੋਜਿਤ ਕੀਤਾ, ਉਸਨੇ ਆਪਣਾ ਜੀਵਨ ਨਸਲਕੁਸ਼ੀ ਦੇ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਸਮਰਪਿਤ ਕਰ ਦਿੱਤਾ ਹੈ।

2003 ਵਿਚ, ਹਿਲਡੇ ਕੀਨੀਆ ਆਈ— 'ਹਿਲਡੇ ਬੈਕ ਐਜੂਕੇਸ਼ਨ ਫੰਡ' ਦੇ ਉਦਘਾਟਨ ਲਈ। ਪੂਰਾ ਪਿੰਡ ਉਸ ਦਾ ਸਨਮਾਨ ਕਰਨ ਲਈ ਉਮੜ ਪਿਆ।

2012 ਵਿਚ ਉਹ ਫਿਰ ਵਾਪਸ ਆਈ— ਆਪਣੇ 90ਵੇਂ ਜਨਮਦਿਨ 'ਤੇ। ਸੈਂਕੜੇ ਬੱਚਿਆਂ ਦੇ ਵਿਚਕਾਰ, ਜਿਨ੍ਹਾਂ ਦਾ ਭਵਿੱਖ ਉਸ ਦੀ ਉਦਾਰਤਾ ਨਾਲ ਬਦਲ ਚੁੱਕਾ ਸੀ।

13 ਜਨਵਰੀ 2021 ਨੂੰ, 98 ਸਾਲ ਦੀ ਉਮਰ ਵਿਚ ਹਿਲਡੇ ਬੈਕ ਦਾ ਦੇਹਾਂਤ ਹੋ ਗਿਆ। ਅੱਜ 'ਹਿਲਡੇ ਬੈਕ ਐਜੂਕੇਸ਼ਨ ਫੰਡ' ਲਗਭਗ 1,000 ਕੀਨੀਆਈ ਬੱਚਿਆਂ ਦੀ ਸਿੱਖਿਆ ਵਿਚ ਸਹਾਇਤਾ ਕਰ ਚੁੱਕਾ ਹੈ। ਕਈ ਵਿਦਿਆਰਥੀ ਦੁਨੀਆ ਦੀਆਂ ਯੂਨੀਵਰਸਿਟੀਆਂ ਤੋਂ ਗ੍ਰੈਜੂਏਟ ਹੋ ਚੁੱਕੇ ਹਨ, ਅਤੇ ਕਈ ਹੁਣ ਖੁਦ ਅਗਲੀ ਪੀੜ੍ਹੀ ਦੀ ਮਦਦ ਕਰ ਰਹੇ ਹਨ।

ਇੱਕ ਔਰਤ।
ਪੰਦਰਾਂ ਡਾਲਰ।
ਇੱਕ ਬੱਚਾ।

ਉਸ ਬੱਚੇ ਨੇ ਇੱਕ ਫਾਉਂਡੇਸ਼ਨ ਬਣਾਈ। ਉਸ ਫਾਉਂਡੇਸ਼ਨ ਨੇ ਸੈਂਕੜੇ ਜ਼ਿੰਦਗੀਆਂ ਬਦਲ ਦਿੱਤੀਆਂ ਅਤੇ ਉਹ ਜ਼ਿੰਦਗੀਆਂ ਹੁਣ ਹੋਰਾਂ ਦੀ ਜ਼ਿੰਦਗੀ ਬਦਲ ਰਹੀਆਂ ਹਨ।

ਕ੍ਰਿਸ ਨੇ ਇੱਕ ਵਾਰ ਕਿਹਾ ਸੀ:

'ਤੁਸੀਂ ਪੂਰੀ ਦੁਨੀਆ ਨਹੀਂ ਬਦਲ ਸਕਦੇ। ਕਦੇ-ਕਦਾਈਂ ਇੱਕ ਬੱਚੇ ਦੀ ਮਦਦ ਕਰਨੀ ਹੀ ਕਾਫੀ ਹੁੰਦੀ ਹੈ।'

ਹਿਲਡੇ ਨੇ ਇੱਕ ਬੱਚੇ ਦੀ ਮਦਦ ਕੀਤੀ।

ਅਤੇ ਉਹ ਇੱਕ ਛੋਟਾ ਜਿਹਾ ਕਰੁਣਾ ਦਾ ਕਾਰਜ ਪੀੜ੍ਹੀਆਂ ਤੱਕ ਗੂੰਜਦਾ ਰਹੇਗਾ।

# ਵਿਹੜੇ ਦੀਆਂ ਰੌਣਕਾਂ

ਮਨਿੰਦਰ ਆਪਣੇ ਘਰ ਦੇ ਵਿਹੜੇ ਵਿਚ ਮੰਜੇ 'ਤੇ ਆਪਣੀ ਚਾਰ ਮਹੀਨਿਆਂ ਦੀ ਬੱਚੀ ਨਾਲ ਬੈਠੀ ਹੋਈ ਸੀ। ਉਸਦੀ ਸੱਸ ਰਸੋਈ ਵਿੱਚ ਕੰਮ ਕਰ ਰਹੀ ਸੀ, ਸਹੁਰਾ ਪਸ਼ੂਆਂ ਦੇ ਕੰਮੀਂ ਲੱਗਾ ਹੋਇਆ ਸੀ। ਉਸਦੀ ਨਨਾਣ ਜਿਸਦੀ ਉਮਰ ਤੇਈ ਕੁ ਸਾਲ ਦੀ ਸੀ ਕੁਰਸੀ 'ਤੇ ਬੈਠੀ ਆਪਣੇ ਫ਼ੋਨ 'ਤੇ ਕੁਝ ਦੇਖ ਰਹੀ ਸੀ। ਉਸਦੇ ਨੇੜੇ ਹੀ ਮਨਿੰਦਰ ਦੀ ਦੂਸਰੀ ਬੇਟੀ ਜੋ ਚਾਰ ਕੁ ਸਾਲ ਦੀ ਸੀ ਆਪਣੇ ਖਿਡੌਣਿਆਂ ਨਾਲ ਖੇਡ ਰਹੀ ਸੀ। ਘਰ ਵਿਚ ਖੁਸ਼ੀਆਂ ਦਾ ਮਾਹੌਲ ਸੀ, ਹੋਵੇ ਵੀ ਕਿਉਂ ਨਾ ਰੱਬ ਨੇ ਘਰ ਵਿੱਚ ਫਿਰ ਧੀ ਦੀ ਦਾਤ ਬਖ਼ਸ਼ੀ ਸੀ। ਸਾਰੇ ਬਹੁਤ ਖੁਸ਼ ਸਨ, ਇੱਕ ਜੀਅ ਦੇ ਆਉਣ ਨਾਲ ਵਿਹੜੇ ਦੀ ਰੌਣਕ ਹੋਰ ਵੀ ਵਧ ਗਈ ਸੀ। ਇੰਨੇ ਨੂੰ ਦੋ ਗੁਆਂਢਣਾਂ ਨਵ-ਜੰਮੀ ਬੱਚੀ ਨੂੰ ਵੇਖਣ ਵਾਸਤੇ ਆਈਆਂ। ਮਨਿੰਦਰ ਦੀ ਨਨਾਣ ਨੇ ਉਨ੍ਹਾਂ ਨੂੰ ਬੈਠਣ ਲਈ ਕੁਰਸੀਆਂ ਦਿੱਤੀਆਂ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।



ਮੋਨਿਕਾ ਕਟਾਰੀਆ
ਫੋਨ: 62390-27026

ਗੁਆਂਢਣਾਂ ਮਨਿੰਦਰ ਕੋਲ ਆਈਆਂ ਤੇ ਬੋਲੀਆਂ ਵਧਾਈਆਂ ਧੀਏ ਤੈਨੂੰ, ਪਰ ਜੇ ਰੱਬ ਜੀਅ ਦੇ ਦਿੰਦਾ ਤਾਂ ਗੱਲ ਕੁਝ ਹੋਰ ਹੀ ਹੋਣੀ ਸੀ, ਪਹਿਲਾਂ ਵੀ ਇੱਕ ਕੁੜੀ ਆ ਰੱਬ ਹੁਣ ਹੀ ਸੁਣ ਲੈਂਦਾ। ਮਨਿੰਦਰ ਕੁਝ ਕਹਿੰਦੀ ਇੰਨੇ ਨੂੰ ਉਸਦੀ ਸੱਸ ਰਸੋਈ ਵਿੱਚੋਂ ਨਿਕਲੀ ਤੇ ਬੋਲੀ, ਨਹੀਂ ਨਹੀਂ ਭੈਣਜੀ ਸਾਨੂੰ ਕੋਈ ਫਰਕ ਨਹੀਂ ਪੈਂਦਾ, ਧੀ ਹੋਵੇ ਪੁੱਤ ਹੋਵੇ ਸਭ ਰੱਬ ਦੀਆਂ ਦਾਤਾਂ ਨੇ। ਅਸੀਂ ਤਾਂ ਬਹੁਤ ਖੁਸ਼ ਆਂ, ਪਰ ਓਹ ਗੁਆਂਢਣਾਂ ਕਿੱਥੇ ਮੰਨਣ ਵਾਲੀਆਂ ਸੀ, ਓਹ ਕਹਿਣ ਲੱਗੀਆਂ ਇਹ ਤਾਂ ਆਪਣੇ ਦਿਲ ਨੂੰ ਸਮਝਾਉਣ ਵਾਲੀ ਗੱਲ ਹੋਈ, ਮੁੰਡੇ ਕੁੜੀ 'ਚ ਫਰਕ ਤਾਂ ਹੁੰਦਾ ਹੀ ਆ, ਤੁਸੀਂ ਵੀ ਤਾਂ ਪੋਤੇ ਨੂੰ ਝੂਰਦੇ ਹੋਣੇ। ਖੈਰ ਮਨਿੰਦਰ ਦੀ ਸੱਸ ਨੇ ਉਨ੍ਹਾਂ ਦੀ ਗੱਲ ਨੂੰ ਅਨਸੁਣਿਆ ਜਿਹਾ ਕੀਤਾ ਤੇ ਗੱਲ ਹੋਰ ਪਾਸੇ ਪਾ ਲਈ। ਓਹ ਗੁਆਂਢਣਾਂ ਅੱਧਾ ਪੌਣਾਂ ਘੰਟਾ ਬੈਠ ਕੇ ਚਲੀਆਂ ਗਈਆਂ। ਮਨਿੰਦਰ ਦੀ ਸੱਸ ਉਸ ਕੋਲ ਆਈ ਤੇ ਬੋਲੀ ਧੀਏ ਤੂੰ ਇਨ੍ਹਾਂ ਦੀਆਂ ਗੱਲਾਂ ਨੂੰ ਦਿਲ 'ਤੇ ਨਾ ਲਾਈਂ, ਇਹ ਕੀ ਜਾਣਨ ਸਾਡੀਆਂ ਪੋਤੀਆਂ ਹੀ ਸਾਡੇ ਪੋਤੇ ਹਨ। ਇੰਝ ਆਖ ਉਸਦੀ ਸੱਸ ਆਪਣੀ ਛੋਟੀ ਪੋਤੀ ਨੂੰ ਖਿਡਾਉਣ ਲੱਗੀ।

ਥੋੜੇ ਸਮੇਂ ਬਾਅਦ ਉਨ੍ਹਾਂ ਦੇ ਘਰ ਹੋਰ ਰਿਸ਼ਤੇਦਾਰ ਬੱਚੀ ਨੂੰ ਵੇਖਣ ਲਈ ਆਏ, ਉਨ੍ਹਾਂ ਵਿੱਚ ਤਿਨ ਔਰਤਾਂ ਅਤੇ ਦੋ ਮਰਦ ਸਨ। ਘਰ ਵਾਲਿਆਂ ਨੇ ਉਨ੍ਹਾਂ ਦੀ ਚੰਗੀ ਆਓ-ਭਗਤ ਕੀਤੀ। ਦੋਨੋਂ ਮਰਦ ਮਨਿੰਦਰ ਦੇ ਸਹੁਰੇ ਕੋਲ ਬੈਠ ਗੱਪ-ਸ਼ੱਪ ਮਾਰਨ ਲੱਗੇ। ਤਿਨੋਂ ਰਿਸ਼ਤੇਦਾਰ ਔਰਤਾਂ, ਮਨਿੰਦਰ ਦੀ ਸੱਸ, ਨਨਾਣ ਇੱਕ ਪਾਸੇ ਧੁੱਪੇ ਬੈਠ ਗਈਆਂ। ਇੱਕ ਰਿਸ਼ਤੇਦਾਰ ਔਰਤ ਨੇ ਬੱਚੀ ਨੂੰ ਗੋਦੀ ਵਿੱਚ ਲਿਆ ਤੇ ਖਿਡਾਉਂਦੀ ਹੋਈ ਬੋਲੀ, ਕੁੜੀ ਤਾਂ ਸਾਡੇ ਪਹਿਲਾਂ ਹੀ ਸੀ, ਜੇ ਤੂੰ ਰੱਬ ਕੋਲੋਂ ਮੁੰਡਾ ਬਣ ਕੇ ਆ ਜਾਂਦੀ ਤਾਂ ਕਿੰਨਾ ਚੰਗਾ ਹੁੰਦਾ, ਸਾਡੇ ਘਰ ਨੂੰ ਵੀ ਚਿਰਾਗ ਮਿਲ ਜਾਂਦਾ, ਤੇਰੇ ਪਿਓ ਦਾ ਵੀ ਜੱਗ 'ਤੇ ਨਾਮ ਹੋ ਜਾਂਦਾ। ਇਹ ਸਭ ਸੁਣ ਮਨਿੰਦਰ ਦੀ ਨਨਾਣ ਬੋਲੀ ਤਾਈ ਜੀ ਕੀ ਧੀਆਂ ਰੱਬ ਦਾ ਜੀਅ ਨਹੀਂ ਹੁੰਦੀਆ, ਕੀ ਧੀਆਂ ਨਾਲ ਪਿਓ ਦਾ ਜਗ 'ਤੇ ਨਾਮ ਨਹੀਂ ਹੁੰਦਾ, ਕਿ ਧੀਆਂ ਘਰ ਨੂੰ ਨਹੀਂ ਰਸ਼ਨਾਉਂਦੀਆਂ।

ਤਾਂ ਓਹ ਔਰਤ ਬੋਲੀ 'ਨਾ-ਨਾ ਕੁੜੀਏ ਤੈਨੂੰ ਨਹੀਂ ਪਤਾ, ਧੀਆਂ ਤਾਂ ਹੁੰਦੀਆਂ ਹੀ ਬੇਗਾਨੀਆਂ, ਇਨ੍ਹਾਂ ਨੂੰ ਪੜ੍ਹਾਓ-ਲਿਖਾਓ, ਫਿਰ ਵਿਆਹ ਦਾ ਖਰਚਾ, ਦਾਜ ਬਣਾਉਣਾ, ਧੀਆਂ ਦਾ ਕਾਹਦਾ ਸੁੱਖ।' ਇਹ ਗੱਲਾਂ ਸੁਣ ਮਨਿੰਦਰ, ਉਸਦੀ ਸੱਸ, ਤੇ ਨਨਾਣ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਰਿਸ਼ਤੇਦਾਰੀ ਦਾ ਮਾਮਲਾ ਕਰਕੇ ਓਹ ਕੌੜਾ ਘੁੱਟ ਪੀ ਕੇ ਚੁੱਪ ਰਹੀਆਂ। ਇੰਨੇ ਨੂੰ ਮਨਿੰਦਰ ਦੀ ਵੱਡੀ ਧੀ ਵੀ ਕੋਲ ਆ ਕੇ ਬੈਠ ਗਈ ਤੇ ਬੋਲੀ ਮੰਮੀ ਮੈਂ ਵੱਡੀ ਹੋ ਕੇ ਡਾਕਟਰ ਬਣਾਂਗੀ, ਉਸਦੀ ਗੱਲ ਸੁਣ ਦੂਜੀ ਰਿਸ਼ਤੇਦਾਰ ਔਰਤ ਬੋਲੀ, ਡਾਕਟਰ ਬਣਨ ਲਈ ਲੱਖਾਂ ਲੱਗਦੇ ਆ, ਲੱਖਾਂ ਤੇਰੀ ਪੜ੍ਹਾਈ 'ਤੇ ਲਾ ਕੇ ਵਿਆਹ ਕਾਹਦੇ ਨਾਲ ਕਰਨਾ ਤੇਰਾ?

ਹੁਣ ਮਨਿੰਦਰ ਦੀ ਨਨਾਣ ਕੋਲੋਂ ਰਿਹਾ ਨਾ ਗਿਆ, ਉਸਨੇ ਸੋਚਿਆ ਇਨ੍ਹਾਂ ਨੂੰ ਕਰਾਰਾ ਜਵਾਬ ਤਾਂ ਦੇਣ ਪਵੇਗਾ, ਕੁਝ ਦੇਰ ਸੋਚਣ ਤੋਂ ਬਾਅਦ ਓਹ ਆਪਣਾ ਫ਼ੋਨ ਚੁੱਕ ਕੇ ਲਿਆਈ ਤੇ ਬੋਲੀ ਮੰਮੀ ਤੁਹਾਨੂੰ ਪਤਾ ਮੈਂ ਸਵੇਰੇ ਫੋਨ 'ਤੇ ਮੋਨਿਕਾ ਦੀਦੀ ਦੀ ਨਵੀਂ ਕਵਿਤਾ 'ਦੋ ਫੁੱਲ' ਪੜ੍ਹ ਰਹੀ ਸੀ ਜੋ ਉਨ੍ਹਾਂ ਮੈਨੂੰ ਮੈਸੇਜ ਕੀਤੀ ਸੀ, ਮੈਂ ਤੁਹਾਨੂੰ ਵੀ ਸੁਣਾਂਦੀ ਹਾਂ, ਫਿਰ ਓਹ ਥੋੜੇ ਉੱਚੀ ਸੁਰ ਵਿੱਚ ਕਵਿਤਾ ਬੋਲਣ ਲੱਗੀ,

ਸਾਡੇ ਇੱਕ ਖਿੜਿਆ ਫੁੱਲ ਵਿਹੜੇ
ਝੂਮ ਉੱਠੇ ਅਸੀਂ ਨਾਲ ਖੁਸ਼ੀਆਂ ਖੇੜੇ
ਚਾਰ ਲੋਕੀਂ ਘਰ ਸਾਡੇ ਆਏ, ਬੋਲੇ
ਫੁੱਲ ਨਹੀਂ, ਇਹ ਤਾਂ ਹੈ ਕਲੀ
ਹੁਣ ਤਾਂ ਰੱਬ ਜੀਅ ਦੇ ਦਿੰਦਾ
ਹੋਗੀ ਦੂਸਰੀ ਵੀ ਤੁਹਾਡੇ ਧੀ
ਮਾਂ ਖੁਸ਼ ਹੈ, ਪਿਓ ਖੁਸ਼ ਹੈ
ਨਾ ਜਾਵੇ ਸਾਂਭੀ ਸੱਸ ਸਹੁਰੇ ਦੀ ਖੁਸ਼ੀ
ਕਿਉ ਦੁਖੀ ਨੇ ਲੋਕ, ਕੀ ਹੈ ਇਨ੍ਹਾਂ ਦੀ ਸੋਚ



ਸੋਚ ਸੋਚ ਮੈਨੂੰ ਹੋਈ ਹੈਰਾਨੀ ਬੜੀ
ਕੀ ਇਨ੍ਹਾਂ ਕੰਨਿਆ ਦਾਨ ਕਰਨਾ
ਜਾਂ ਪੜ੍ਹਾਉਣੀ ਹੈ ਮੇਰੀ ਕੁੜੀ
ਮਾਪਿਆਂ ਲਈ ਕੋਈ ਬੋਝ ਨਹੀਂ ਹੁੰਦੀਆਂ
ਲੋਕ ਬਣਾਉਂਦੇ ਨੇ ਬੋਝ ਬੇਗਾਨੀ ਕਹਿ ਕੇ
ਸਾਡੇ ਘਰ ਦੀ ਤਾਂ ਫੁਲਵਾੜੀ
ਮੇਰੀਆਂ ਦੋ ਧੀਆਂ ਨਾਲ ਮਹਿਕੇ
ਹੱਸਦੀਆਂ ਨੇ, ਜਦ ਖੇਡਦੀਆਂ ਨੇ
ਮੈਨੂੰ ਰੱਬ ਵੀ ਕੋਲ ਜਾਪੇ
ਅਗਲੇ ਜਨਮ ਵੀ ਬਣਾਈ ਰੱਬਾ
ਸਾਨੂੰ ਧੀਆਂ ਦੇ ਮਾਪੇ।


ਇਹ ਸਤਰਾਂ ਸੁਣ ਓਹ ਰਿਸ਼ਤੇਦਾਰ ਔਰਤਾਂ ਉਤਰਿਆ ਜਿਹਾ ਮੂੰਹ ਲੈ ਬੋਲੀਆਂ, ਚੰਗਾ ਭੈਣ ਜੀ ਹੁਣ ਅਸੀਂ ਚੱਲਦੇ ਹਾਂ। ਉਨ੍ਹਾਂ ਦੇ ਜਾਣ ਤੋਂ ਬਾਅਦ ਮਨਿੰਦਰ, ਉਸਦੀ ਸੱਸ, ਸਹੁਰਾ, ਨਨਾਣ ਆਪਸ ਵਿੱਚ ਗੱਲਾਂ ਕਰਨ ਲੱਗੇ ਕਿ ਲੋਕ ਕਿਹੋ ਜਿਹੇ ਨੇ, ਕਿਉਂ ਸਾਨੂੰ ਮਲੋ-ਮੱਲੀ ਦੁਖੀ ਕਰਨ 'ਤੇ ਲੱਗੇ ਹੋਏ ਹਨ, ਕਿਉਂ ਸਾਡੇ ਖੁਸ਼ੀਆਂ ਦੇ ਰੰਗ ਵਿੱਚ ਭੰਗ ਪਾ ਰਹੇ ਨੇ, ਸਾਨੂੰ ਆਪਣੀਆਂ ਦੋਵਾਂ ਧੀਆਂ ਨਾਲ ਪਿਆਰ ਹੈ ਅਸੀਂ ਖੁਸ਼ ਹਾਂ, ਫਿਰ ਰਿਸ਼ਤੇਦਾਰਾਂ ਨੂੰ ਕਿਉਂ ਅਜਿਹਾ ਲੱਗਦਾ ਹੈ ਕਿ ਜੇ ਸਾਡੇ ਮੁੰਡਾ ਨਹੀਂ ਤਾਂ ਸਾਡੇ ਘਰ ਕਮੀ ਹੈ। ਕਿ ਓਹ ਸਾਡੀ ਖੁਸ਼ੀ 'ਚ ਖੁਸ਼ ਨਹੀਂ ਹੋ ਸਕਦੇ ਆਖਰ ਕਿਉਂ? ਤਾਂ ਕਾਫੀ ਸਮੇਂ ਤੋਂ ਚੁੱਪ ਬੈਠੀ ਮਨਿੰਦਰ ਬੋਲੀ, ਮੰਮੀ ਜੀ ਤੁਸੀਂ ਹੀ ਕਹਿੰਦੇ ਹੋ ਕਿ ਅਸੀਂ ਕਿਸੇ ਨੂੰ ਓਹੀ ਦੇ ਸਕਦੇ ਹਾਂ ਜੋ ਸਾਡੇ ਕੋਲ ਹੁੰਦਾ ਹੈ, ਇਨ੍ਹਾਂ ਕੋਲ ਓਹ ਸਮਝ , ਪਿਆਰ ਹੀ ਨਹੀਂ ਜੋ ਸਾਡੇ ਦਿਲਾਂ 'ਚ ਹੈ। ਇਹ ਲੋਕ ਅੱਜ ਵੀ ਧੀ ਨੂੰ ਪੁੱਤ ਨਾਲੋਂ ਘੱਟ ਸਮਝਦੇ ਨੇ। ਐਸੇ ਵੀ ਲੋਕ ਨੇ ਦੁਨੀਆਂ 'ਤੇ ਜੋ ਸਿਰਫ਼ ਔਲਾਦ ਲਈ ਤਰਸਦੇ ਹਨ। ਹਸਪਤਾਲਾਂ ਦੇ ਚੱਕਰ ਕੱਟਦੇ ਹਨ, ਪੁੱਤ ਨਹੀਂ ਓਹ ਬੱਸ ਰੱਬ ਕੋਲੋਂ ਔਲਾਦ ਮੰਗਦੇ ਨੇ, ਜੋ ਉਨ੍ਹਾਂ ਨੂੰ ਮਾਂ-ਪਿਓ ਆਖ ਸਕੇ।

ਮਨਿੰਦਰ ਆਪਣੀਆਂ ਨਮ ਅੱਖਾਂ ਨਾਲ ਬੋਲੀ, ਅੱਜ ਮੈਨੂੰ ਮਾਣ ਹੈ ਤੁਹਾਡੇ ਸਾਰਿਆ 'ਤੇ, ਮੈਂ ਭਾਗਾਂ ਵਾਲੀ ਹਾਂ ਜੋ ਤੁਹਾਡੇ ਘਰ ਦੀ ਨੂੰਹ ਹਾਂ, ਤੁਹਾਡੀ ਉੱਚੀ-ਸੁੱਚੀ ਸੋਚ ਦੇ ਮੈਂ ਵਾਰੇ ਜਾਂਦੀ ਹਾਂ। ਸੱਚੀਂ ਬਾਪੂ ਜੀ ਕਿਸੇ ਨੇ ਸੱਚ ਹੀ ਕਿਹਾ ਹੈ ਕਿ ਧੀਆਂ ਰੱਬ ਉਨ੍ਹੀਂ ਘਰੀਂ ਹੀ ਭੇਜਦਾ ਹੈ, ਜੋ ਦਿਲ ਤੋਂ ਰਾਜੇ ਹੁੰਦੇ ਨੇ ਤੇ ਜਿਨ੍ਹਾਂ ਦੀ ਹੈਸੀਅਤ ਹੁੰਦੀ ਹੈ ਉਨ੍ਹਾਂ ਨੂੰ ਫੁੱਲਾਂ ਵਾਂਗ ਰੱਖਣ ਦੀ। ਇਹ ਗੱਲਾਂ ਚੱਲ ਹੀ ਰਹੀਆਂ ਸਨ ਕਿ ਚਿੜੀਆਂ ਦੀ ਇੱਕ ਡਾਰ ਆਈ ਅਤੇ ਉਨ੍ਹਾਂ ਦੇ ਵਿਹੜੇ ਵਿੱਚੋਂ ਦਾਣੇ ਚੁਗਣ ਲੱਗੀ, ਉਦੋਂ ਲੱਗਾ ਜਿਵੇਂ ਰੱਬ ਵੀ ਉਨ੍ਹਾਂ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋ ਗਿਆ। ਸਭ ਚਿੜੀਆਂ ਨੂੰ ਵੇਖ ਬਹੁਤ ਖੁਸ਼ ਹੋਏ, ਅਤੇ ਦੋਨੋਂ ਬੱਚੀਆਂ ਨੂੰ ਗੋਦ ਵਿੱਚ ਲੈ ਗਾਉਣ ਲੱਗੇ

ਸਾਡੇ ਵਿਹੜੇ ਲੱਗੀਆਂ ਰੌਣਕਾਂ ਨੇ
ਰੱਬ ਦਿੱਤੀ ਧੀਆਂ ਦੀ ਦਾਤ
ਉਨ੍ਹਾਂ ਦਾ ਮਿੱਠਾ ਜਿਹਾ ਹਾਸਾ
ਪਾਵੇ ਪਰੀਆਂ ਨੂੰ ਮਾਤ
ਉਨ੍ਹਾਂ ਦੀ ਮਾਸੂਮੀਅਤ ਨੇ
ਸਾਨੂੰ ਬਖ਼ਸ਼ੀ ਹੈ ਰੂਹਾਨੀਅਤ
ਜਿਸ ਘਰ ਧੀਆਂ ਹੱਸਦੀਆਂ ਨੇ
ਰਹਿਮਤਾਂ ਉਸ ਘਰ ਵੱਸਦੀਆਂ ਨੇ।

# ਆਓ ਜ਼ਿੰਦਗੀ ਨੂੰ ਖੁਸ਼ੀ ਨਾਲ ਜਿਉਣ ਦੀ ਕਲਾ ਸਿੱਖੀਏ !

ਮੈਨੂੰ ਦੌਲਤ ਕਮਾਉਣ ਦੀ ਇੱਛਾ ਨਹੀਂ ਹੈ ਪਰ ਮੈਨੂੰ ਜ਼ਿੰਦਗੀ ਦਾ ਆਨੰਦ ਲੈਣ ਦੀ ਇੱਛਾ ਜ਼ਰੂਰ ਹੈ। ਜੇਕਰ ਤੁਸੀਂ ਜਿਉਣ ਦੀ ਕਲਾ ਤੋਂ ਜਾਣੂ ਨਹੀਂ ਹੋ, ਤਾਂ ਤੁਸੀਂ ਜ਼ਿੰਦਗੀ ਨਹੀਂ ਜੀ ਰਹੇ ਹੋ, ਸਗੋਂ ਜ਼ਿੰਦਗੀ ਤੁਹਾਨੂੰ ਜੀ ਰਹੀ ਹੈ। ਹਾਲਾਤ ਦੇ ਸਾਹਮਣੇ ਬੇਵੱਸ ਹੋਣ ਦੀ ਬਜਾਏ, ਇਸਨੂੰ ਆਪਣੀ ਪਕੜ ਵਿਚ ਰੱਖਣ ਦੀ ਕਲਾ ਨੂੰ ਅਪਨਾਓ। ਉਦਾਹਰਣ ਬਣ ਕੇ ਇਤਿਹਾਸ ਬਣਾਓ, ਸਬਕ ਨਹੀਂ। ਸਿਰਫ ਸਿਹਤਮੰਦ ਨਸਾਂ ਦਾ ਯੁੱਗ ਹੀ ਤੁਹਾਡੀ ਵਿੱਤੀ ਤਰੱਕੀ ਨੂੰ ਹਕੀਕਤ ਬਣਾਉਂਦਾ ਹੈ ਕਿਉਂਕਿ ਪਰਮਾਤਮਾ ਤੁਹਾਡੇ ਪਾਪਾਂ ਨੂੰ ਮਾਫ਼ ਕਰ ਸਕਦਾ ਹੈ, ਪਰ ਤੁਹਾਡੀ ਦਿਮਾਗੀ ਪ੍ਰਣਾਲੀ ਤੁਹਾਨੂੰ ਕਦੇ ਵੀ ਦੁਰਵਰਤੋਂ ਲਈ ਮਾਫ਼ ਨਹੀਂ ਕਰਦੀ। ਇਸ ਲਈ, ਆਪਣੀਆਂ ਨਸਾਂ ਨੂੰ



ਜ਼ਫ਼ਰ ਇਕਬਾਲ ਜ਼ਫ਼ਰ

ਨੁਕਸਾਨਦੇਹ ਸਿਹਤ ਵਰਤੋਂ ਤੋਂ ਬਚਾਓ ਅਤੇ ਉਨ੍ਹਾਂ ਨੂੰ ਸ਼ਾਂਤ ਕਰਨ ਵਾਲੇ ਉਪਾਵਾਂ ਵਿਚ ਨਿਵੇਸ਼ ਕਰੋ ਤਾਂ ਜੋ ਜਦੋਂ ਤੁਸੀਂ ਘਬਰਾਹਟ ਦੀ ਕਮਜ਼ੋਰੀ ਤੋਂ ਪੀੜਤ ਹੋ, ਤਾਂ ਤੁਹਾਡੀ ਸਹੀ ਰਣਨੀਤੀ ਤੁਹਾਡੇ ਲਈ ਕਮਾਈ ਕਰਦੀ ਰਹੇ।

ਇਹ ਦੁਨੀਆ ਸਫਲ ਵਿਅਕਤੀ ਵਿਚ ਵਿਸ਼ਵਾਸ ਕਰਦੀ ਹੈ ਜਿਸ ਵਿਚ ਦੌਲਤ ਅਤੇ ਵਪਾਰਕ ਨਿਵੇਸ਼ ਇੱਕੋ ਇੱਕ ਸਾਧਨ ਹੈ ਜੋ, ਜੇਕਰ ਸਹੀ ਦਿਸ਼ਾ ਵਿਚ ਕੀਤਾ ਜਾਵੇ, ਤਾਂ ਪੀੜ੍ਹੀਆਂ ਦੇ ਨਾਲ-ਨਾਲ ਸਮਾਜ ਦੇ ਮਜ਼ਦੂਰ ਵਰਗ ਨੂੰ ਪੋਸ਼ਣ ਦਿੰਦਾ ਹੈ। ਵਿਕਸਤ ਦੇਸ਼ ਆਪਣੇ ਲੋਕਾਂ ਨੂੰ ਆਰਥਿਕ ਵਿਕਾਸ ਲਈ ਸਰੋਤ ਪ੍ਰਦਾਨ ਕਰਦੇ ਹਨ ਅਤੇ ਸਿਖਲਾਈ ਲਈ ਅਜਿਹੇ ਪਲੇਟਫਾਰਮ ਪ੍ਰਦਾਨ ਕਰਦੇ ਹਨ ਜੋ ਝਿਜਕ ਅਤੇ ਅਵਿਸ਼ਵਾਸ ਦੀ ਬਜਾਏ ਲੋਕਾਂ ਵਿਚ ਹਿੰਮਤ ਅਤੇ ਆਤਮ-ਵਿਸ਼ਵਾਸ ਪੈਦਾ ਕਰਦੇ ਹਨ।

ਲੋਕਾਂ ਨੂੰ ਬੌਧਿਕ ਗੁਲਾਮ ਬਣਾਉਣ ਦੀ ਬਜਾਏ, ਕੁਦਰਤ ਦੁਆਰਾ ਉਨ੍ਹਾਂ ਅੰਦਰ ਰੱਖੇ ਗਏ ਲੀਡਰਸ਼ਿਪ ਗੁਣਾਂ ਨੂੰ ਬਾਹਰ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਬੋਲਣ ਦੀ ਕਲਾ ਨਾਲ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ, ਅਤੇ ਜੋ ਲੋਕ ਆਪਣੇ ਦਿਮਾਗ ਅਤੇ ਭਾਸ਼ਾ ਨੂੰ ਸਹੀ ਢੰਗ ਨਾਲ ਵਰਤਦੇ ਹਨ, ਉਨ੍ਹਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਲੀਡਰਸ਼ਿਪ ਉਨ੍ਹਾਂ ਲੋਕਾਂ ਦੇ ਪੈਰ ਚੁੰਮਦੀ ਹੈ ਜੋ ਆਪਣੇ ਉਪਯੋਗੀ ਵਿਚਾਰਾਂ ਨੂੰ ਨਿਡਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨਾ ਜਾਣਦੇ ਹਨ।

ਜੇ ਕੱਲ੍ਹ ਅਤੇ ਕੱਲ੍ਹ ਦਾ ਸਾਂਝਾ ਬੋਝ ਚੁੱਕਿਆ ਜਾਵੇ, ਤਾਂ ਅੱਜ ਸਭ ਤੋਂ ਤਾਕਤਵਰ ਵਿਅਕਤੀ ਵੀ ਬਰਬਾਦ ਹੋ ਜਾਵੇਗਾ। ਆਪਣੇ ਅਤੀਤ ਵਾਂਗ, ਤੁਹਾਡਾ ਆਪਣੇ ਭਵਿੱਖ 'ਤੇ ਕੋਈ ਕੰਟਰੋਲ ਨਹੀਂ ਹੈ। ਅੱਜ ਜੋ ਤੁਹਾਡੇ ਕੋਲ ਹੈ ਉਸਦਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੋ। ਜੀਵਨ ਦਾ ਉਦੇਸ਼ ਦੂਰ-ਦੁਰਾਡੇ ਦ੍ਰਿਸ਼ਾਂ ਵਿਚ ਦੇਖਣਾ ਨਹੀਂ ਹੈ, ਸਗੋਂ ਜੋ ਤੁਹਾਡੇ ਸਾਹਮਣੇ ਹੈ ਉਸਨੂੰ ਪੂਰਾ ਕਰਨਾ ਹੈ। ਅਤੀਤ ਵਾਂਗ, ਭਵਿੱਖ ਨੂੰ ਕੱਸ ਕੇ ਬੰਦ ਕਰੋ। ਭਵਿੱਖ ਬਾਰੇ ਚਿੰਤਤ ਵਿਅਕਤੀ ਮਾਨਸਿਕ ਤਾਕਤ ਨੂੰ ਬਰਬਾਦ ਕਰ ਰਿਹਾ ਹੈ। ਘਬਰਾਹਟ ਦੀਆਂ ਸਮੱਸਿਆਵਾਂ ਉਸ ਦੇ ਰਾਹ ਵਿਚ ਰੁਕਾਵਟਾਂ ਬਣ ਕੇ ਖੜ੍ਹੀਆਂ ਹਨ। ਸਾਡੇ ਇੱਕ ਪਾਸੇ ਅਨੰਤ ਅਤੀਤ ਹੈ ਜੋ ਅਨੰਤ ਕਾਲ ਤੋਂ ਚੱਲ ਰਿਹਾ ਹੈ, ਅਤੇ ਦੂਜੇ ਪਾਸੇ ਭਵਿੱਖ ਹੈ ਜੋ ਹਮੇਸ਼ਾ ਲਈ ਜਾਰੀ ਰਹੇਗਾ। ਫਿਰ ਸਾਨੂੰ ਆਪਣੇ ਅੱਜ ਵਿਚ ਰਹਿਣ ਨਾਲ ਸੰਤੁਸ਼ਟ ਕਿਉਂ ਨਹੀਂ ਹੋਣਾ ਚਾਹੀਦਾ? ਉਨ੍ਹਾਂ ਮਨਾਂ ਲਈ ਪ੍ਰਬੰਧ ਕਰੋ ਜੋ ਖੁਦਕੁਸ਼ੀ ਬਾਰੇ ਸੋਚ ਰਹੇ ਹਨ ਕਿ ਉਹ ਜੀਵਨ ਦੇਣ ਵਾਲੇ ਮਾਹੌਲ ਵਿਚ ਡੂੰਘੇ ਸਾਹ ਲੈਣ। ਇਕੱਲਤਾ ਅਤੇ ਵਾਂਝੇਪਣ ਦੇ ਕੈਦੀ ਨੂੰ ਇਮਾਨਦਾਰ ਸਹਾਇਤਾ ਅਤੇ ਸਾਧਨ ਪ੍ਰਦਾਨ ਕਰੋ। ਵਾਧੂ ਅਤੇ ਨੁਕਸਾਨ ਤੋਂ ਪ੍ਰਭਾਵਿਤ ਵਿਅਕਤੀ ਨੂੰ ਇਸ ਗੱਲੋਂ ਬੇਪਰਵਾਹ ਬਣਾਓ ਕਿ ਜ਼ਿੰਦਗੀ ਕਿਸੇ ਨੂੰ ਕੁਝ ਨਹੀਂ ਦਿੰਦੀ। ਆਪਣੀਆਂ ਕੋਸ਼ਿਸ਼ਾਂ ਅਤੇ ਮਿਹਨਤਾਂ ਆਪਣੀ ਜ਼ਿੰਦਗੀ ਵਿਚ ਰੰਗ ਭਰਦੀਆਂ ਹਨ। ਮਨੁੱਖੀ ਸੁਭਾਅ ਨੂੰ ਬਦਲੋ ਜੋ ਜ਼ਿੰਦਗੀ ਦੇ ਅਨੰਦ ਨੂੰ ਮੁਲਤਵੀ ਕਰ ਦਿੰਦਾ ਹੈ। ਮਨ ਨੂੰ ਮਰੇ ਹੋਏ ਸਿਰੇ ਵਾਂਗ ਆਪਣੇ ਮੋਢੇ 'ਤੇ ਬਿਠਾਉਣ ਵਾਲੇ ਵਿਚਾਰਾਂ ਨੂੰ ਆਪਣੇ ਇਕੱਲੇ ਮੋਢੇ 'ਤੇ ਚੁੱਕੋ ਅਤੇ ਇਸਨੂੰ ਚਾਰ ਕਬਰਾਂ ਜਿੰਨੇ ਡੂੰਘੇ ਟੋਏ ਵਿਚ ਦੱਬ ਦਿਓ। ਉਨ੍ਹਾਂ ਵਿਚਾਰਾਂ ਦੇ ਵਾਇਰਸ ਕਾਰਨ, ਸਾਰੇ ਸਰੀਰ ਵਿਚ ਨਿਰਾਸ਼ਾ ਦੇ ਛੋਟੇ-ਛੋਟੇ ਫੋੜੇ ਦਿਖਾਈ ਦਿੰਦੇ ਹਨ, ਜੋ ਤੁਹਾਨੂੰ ਉਮੀਦ ਦੇ ਬਿਸਤਰੇ 'ਤੇ ਲੇਟਦੇ ਹੀ ਬੇਵੱਸੀ ਦੇ ਦਰਦ ਤੋਂ ਪੀੜਤ ਕਰਦੇ ਸਨ।

ਕਈ ਵਾਰ ਮੁਸੀਬਤ ਵਿਚ ਘਿਰੇ ਵਿਅਕਤੀ ਦੀ ਉਦਾਸੀਨਤਾ ਇੱਕ ਇਲਾਜ ਹੋ ਸਕਦੀ ਹੈ। ਮਨੁੱਖੀ ਪ੍ਰੇਰਣਾ ਵਿਚ ਬਹੁਤ ਸ਼ਕਤੀ ਹੁੰਦੀ ਹੈ, ਪਰ ਕਈ ਵਾਰ ਜ਼ਾਲਮ ਹਾਲਾਤ ਵੀ ਵਿਅਕਤੀ ਨੂੰ ਜੀਵਨ ਦੇ ਰਾਹ 'ਤੇ ਪਾ ਸਕਦੇ ਹਨ। ਇੱਕ ਵਿਅਕਤੀ ਨੂੰ ਵਿੱਤੀ ਨੁਕਸਾਨ ਦੁਆਰਾ ਗਰੀਬੀ ਦੇ ਮੌਤ ਦੇ ਬਿਸਤਰੇ 'ਤੇ ਪਾ ਦਿੱਤਾ ਗਿਆ ਸੀ। ਸਰੀਰ ਤੋਂ ਸਿਹਤ ਦਾ ਵਿਛੋੜਾ ਦਿਨੋ-ਦਿਨ ਤੇਜ਼ ਹੋ ਰਿਹਾ ਸੀ। ਡਾਕਟਰ ਨੇ ਆਪਣੇ ਆਪ ਨੂੰ ਮਾਫ਼ ਕਰ ਦਿੱਤਾ ਅਤੇ ਸੰਕੇਤ ਦਿੱਤਾ ਕਿ ਜ਼ਿੰਦਗੀ ਕੁਝ ਦਿਨਾਂ ਲਈ ਮਹਿਮਾਨ ਹੋਵੇਗੀ। ਹੁਣ ਮੌਤ ਦੀ ਉਡੀਕ ਕਰ ਰਿਹਾ ਇਹ ਵਿਅਕਤੀ ਸੋਚਦਾ ਹੈ ਕਿ ਸੰਘਰਸ਼ ਜਾਂ ਚਿੰਤਾ ਵਿਚ ਰਹਿਣ ਦਾ ਕੋਈ ਫਾਇਦਾ ਨਹੀਂ ਹੈ। ਉਸਨੇ ਚਿੰਤਾ ਕਰਨ ਤੋਂ ਪਰਹੇਜ਼ ਕੀਤਾ, ਆਪਣੇ ਸਰੀਰ ਨੂੰ ਆਰਾਮ ਦਿੱਤਾ ਅਤੇ ਸੌਂ ਗਿਆ। ਉਸਦੀ ਆਤਮਾ ਥੱਕ ਗਈ, ਥਕਾਵਟ ਘੱਟਣ ਲੱਗੀ, ਭੁੱਖ ਵਾਪਸ ਆ ਗਈ ਅਤੇ ਤਾਕਤ ਵਧਣ ਲੱਗੀ। ਕੁਝ ਹਫ਼ਤਿਆਂ ਬਾਅਦ, ਉਸਨੇ ਬੈਸਾਖੀਆਂ ਦੀ ਮਦਦ ਨਾਲ ਤੁਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਮਹੀਨਿਆਂ ਵਿਚ, ਉਸਦੀ ਸਰੀਰਕ ਤਾਕਤ ਨੇ ਸਖ਼ਤ ਮਿਹਨਤ ਦੇ ਹਥਿਆਰਾਂ ਨਾਲ ਸਰੋਤਾਂ ਦੇ ਪਹਾੜ ਤੋੜ ਕੇ ਆਪਣੀ ਪੁਰਾਣੀ ਸ਼ਾਨ ਨੂੰ ਬਹਾਲ ਕਰ ਦਿੱਤਾ। ਆਪਣੀ ਚੇਤਨਾ ਦੀ ਅਗਵਾਈ ਹੇਠ, ਇਸ ਵਿਅਕਤੀ ਨੇ ਵਿਕਾਸ ਦੇ ਯਾਦਗਾਰੀ ਪੜਾਵਾਂ ਨੂੰ ਪਾਰ ਕਰਕੇ ਇਤਿਹਾਸ ਰਚਿਆ। ਸਭ ਤੋਂ ਵੱਡੇ ਨੁਕਸਾਨ ਦੀ ਕੀਮਤ ਇਹ ਨਹੀਂ ਹੈ ਕਿ ਉਹ ਤੁਹਾਡੀ ਜ਼ਿੰਦਗੀ ਨੂੰ ਨਿਗਲ ਲੈਣ। ਸਫਲਤਾ ਵਾਂਗ, ਨੁਕਸਾਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ ਤਾਂ ਜੋ ਤੁਸੀਂ ਚੁੱਪਚਾਪ ਸਭ ਤੋਂ ਮਾੜੇ ਦਾ ਸਾਹਮਣਾ ਕਰ ਸਕੋ। ਆਪਣਾ ਸਮਾਂ, ਊਰਜਾ ਅਤੇ ਤਾਕਤ ਇਸਦਾ ਸਭ ਤੋਂ ਵਧੀਆ ਬਣਾਉਣ ਵਿਚ ਲਗਾ ਕੇ, ਤੁਸੀਂ ਸਥਿਤੀ ਨੂੰ ਬਦਲ ਸਕਦੇ ਹੋ। ਜੇਕਰ ਤੁਸੀਂ ਚਿੰਤਾਵਾਂ ਅਤੇ ਚਿੰਤਾਵਾਂ ਵਿਚ ਰੁੱਝੇ ਰਹਿੰਦੇ ਹੋ, ਤਾਂ ਤੁਸੀਂ ਕਦੇ ਵੀ ਅਸਫਲਤਾ ਨੂੰ ਉਲਟਾ ਨਹੀਂ ਸਕਦੇ। ਚਮਤਕਾਰ ਕਿਸੇ ਪਰੇਸ਼ਾਨ ਵਿਅਕਤੀ ਲਈ ਉੱਪਰੋਂ ਨਹੀਂ ਹੁੰਦੇ, ਪਰ ਚਮਤਕਾਰ ਅੰਦਰੋਂ ਫੁੱਟਦੇ ਹਨ। ਇਹ ਸੱਚ ਹੈ ਕਿ ਚਿੰਤਾ ਦੇ ਸਮੇਂ, ਅਸੀਂ ਆਪਣੇ ਮਨਾਂ ਨੂੰ ਕੇਂਦਰਿਤ ਨਹੀਂ ਰੱਖ ਸਕਦੇ। ਸਾਡਾ ਮਨ ਇੱਥੇ ਅਤੇ ਉੱਥੇ ਠੋਕਰ ਖਾਂਦਾ ਹੈ। ਅਸੀਂ ਇੱਕ ਬਿਹਤਰ ਫੈਸਲੇ 'ਤੇ ਪਹੁੰਚਣ ਦੀ ਸ਼ਕਤੀ ਗੁਆ ਦਿੰਦੇ ਹਾਂ। ਹਾਲਾਂਕਿ, ਪਹਿਲਾਂ ਤੋਂ ਕੀਤੀ ਗਈ ਮਾਨਸਿਕ ਤਿਆਰੀ ਨਾ ਸਿਰਫ਼ ਮਨ ਨੂੰ ਤਬਾਹ ਕਰਨ ਵਾਲੇ ਹਾਦਸਿਆਂ ਦੇ ਪ੍ਰਭਾਵਾਂ ਨੂੰ ਘਟਾਉਂਦੀ ਹੈ, ਸਗੋਂ ਤੁਹਾਡਾ ਧਿਆਨ ਮਾਮਲੇ 'ਤੇ ਵੀ ਕੇਂਦ੍ਰਿਤ ਕਰਦੀ ਹੈ ਅਤੇ ਇਸਨੂੰ ਹੱਲ ਵੱਲ ਲੈ ਜਾਂਦੀ ਹੈ। ਜੋ ਹੋਇਆ ਹੈ ਉਸ ਨਾਲ ਸੰਤੁਸ਼ਟ ਰਹੋ, ਕਿਉਂਕਿ ਬਦਕਿਸਮਤੀ ਦਾ ਸਾਹਮਣਾ ਕਰਨ ਦਾ ਪਹਿਲਾ ਕਾਰਨ ਮਾੜੇ ਨਤੀਜਿਆਂ 'ਤੇ ਅਧਾਰਤ ਸਥਿਤੀਆਂ ਨੂੰ ਸਵੀਕਾਰ ਕਰਨਾ ਅਤੇ ਇਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਅਤੇ ਰਣਨੀਤੀ ਨੂੰ ਛੱਡਣਾ ਹੈ। ਜੇਕਰ ਸਫਲਤਾ ਨੇ ਤੁਹਾਨੂੰ ਇਨਕਾਰ ਕਰ ਦਿੱਤਾ ਹੈ, ਤਾਂ ਤੁਹਾਡੇ ਕੋਲ ਅਸਫਲਤਾ ਨੂੰ ਇਨਕਾਰ ਕਰਨ ਲਈ ਕਾਫ਼ੀ ਇੱਛਾ ਸ਼ਕਤੀ ਵੀ ਹੋਣੀ ਚਾਹੀਦੀ ਹੈ। ਮਨ ਦੀ ਸੱਚੀ ਸ਼ਾਂਤੀ ਸਭ ਤੋਂ ਮਾੜੇ ਨੂੰ ਸਵੀਕਾਰ ਕਰਨ ਨਾਲ ਆਉਂਦੀ ਹੈ। ਮਨੋਵਿਗਿਆਨਕ ਤੌਰ 'ਤੇ, ਇਸਦਾ ਅਰਥ ਹੈ ਦਰਦਨਾਕ ਊਰਜਾ ਦੀ ਰਿਹਾਈ। ਕੁਝ ਵੀ ਜਾਣਨਾ ਹਾਲਾਤਾਂ ਦਾ ਮਾਮਲਾ ਹੈ, ਕਿਸਮਤ ਦਾ ਫੈਸਲਾ ਨਹੀਂ, ਅਤੇ ਇੱਕ ਵਿਅਕਤੀ ਜਿਸ ਕੋਲ ਕਿਸਮਤ ਨੂੰ ਬਦਲਣ ਦੀ ਸਮਰੱਥਾ ਹੈ, ਉਹ ਮਾੜੀਆਂ ਸਥਿਤੀਆਂ ਨੂੰ ਬਦਲਣ ਵਿਚ ਆਪਣੀ ਬੁੱਧੀ ਅਤੇ ਕੰਮਾਂ ਦੀ ਸਫਲਤਾ ਦਾ ਅਨੁਭਵ ਕਰਦਾ ਹੈ। ਜਿਹੜੇ ਲੋਕ ਮਾੜੀਆਂ ਸਥਿਤੀਆਂ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ ਅਤੇ ਜਿਨ੍ਹਾਂ ਨੂੰ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਹੈ, ਉਹ ਨੁਕਸਾਨ ਦੇ ਨਤੀਜੇ ਦੇਖਦੇ ਹਨ ਅਤੇ ਆਪਣੀਆਂ ਕੀਮਤੀ ਜਾਨਾਂ ਚਿੰਤਾਵਾਂ ਅਤੇ ਉਲਝਣਾਂ ਲਈ ਕੁਰਬਾਨ ਕਰ ਦਿੰਦੇ ਹਨ। ਤੁਹਾਨੂੰ ਨਾ ਸਿਰਫ਼ ਤਬਾਹੀ ਦੀ ਦਲਦਲ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਸਗੋਂ ਆਪਣੀ ਕਿਸਮਤ ਨੂੰ ਦੁਬਾਰਾ ਬਣਾਉਣ ਦੀ ਕਲਾ ਵੀ ਸਿੱਖਣੀ ਚਾਹੀਦੀ ਹੈ। ਸਾਡੇ ਹਸਪਤਾਲਾਂ ਵਿਚ ਜ਼ਿਆਦਾਤਰ ਬਿਸਤਰੇ ਘਬਰਾਹਟ ਵਾਲੇ ਮਰੀਜ਼ਾਂ ਨਾਲ ਭਰੇ ਹੋਏ ਹਨ, ਜਦੋਂ ਕਿ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਪੋਸਟ-ਮਾਰਟਮ ਵਿਚ, ਇੱਕ ਸ਼ਕਤੀਸ਼ਾਲੀ ਮਾਈਕ੍ਰੋਸਕੋਪ ਨਾਲ ਇੱਕ ਨਿਊਰੋਲੋਜੀਕਲ ਜਾਂਚ ਕੀਤੀ ਜਾਂਦੀ ਹੈ, ਅਤੇ ਬਹੁਗਿਣਤੀ ਦੀਆਂ ਨਾੜੀਆਂ ਤੰਦਰੁਸਤ ਅਤੇ ਤੰਦਰੁਸਤ ਹੁੰਦੀਆਂ ਹਨ, ਜਿਵੇਂ ਕਿ ਇੱਕ ਪਹਿਲਵਾਨ ਦੀਆਂ। ਉਨ੍ਹਾਂ ਦੀਆਂ ਨਿਊਰੋਲੋਜੀਕਲ ਬਿਮਾਰੀਆਂ ਉਨ੍ਹਾਂ ਦੇ ਸਰੀਰਕ ਅੰਗਾਂ ਦੀ ਅਸਫਲਤਾ ਕਾਰਨ ਨਹੀਂ ਹੁੰਦੀਆਂ, ਸਗੋਂ ਨਿਰਾਸ਼ਾ, ਅਸਫਲਤਾ, ਹਾਰ, ਚਿੰਤਾ, ਸੋਗ, ਦੁੱਖ, ਡਰ ਅਤੇ ਡਰ ਦੀਆਂ ਭਾਵਨਾਵਾਂ ਕਾਰਨ ਹੁੰਦੀਆਂ ਹਨ। ਪਲੈਟੋ ਕਹਿੰਦਾ ਹੈ ਕਿ ਡਾਕਟਰਾਂ ਦੀ ਸਭ ਤੋਂ ਵੱਡੀ ਗਲਤੀ ਇਹ ਹੈ ਕਿ ਉਹ ਮਨ ਵੱਲ ਧਿਆਨ ਦਿੱਤੇ ਬਿਨਾਂ ਸਰੀਰ ਦਾ ਇਲਾਜ ਕਰਦੇ ਹਨ, ਪਰ ਸਰੀਰ ਅਤੇ ਮਨ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਨਾ ਹੀ ਉਨ੍ਹਾਂ ਦਾ ਵੱਖਰਾ ਇਲਾਜ ਕੀਤਾ ਜਾ ਸਕਦਾ ਹੈ। ਅਧਿਆਤਮਿਕ ਸਿਹਤ ਲਈ, ਅੱਲ੍ਹਾ ਵਿਚ ਪੂਰਾ ਵਿਸ਼ਵਾਸ ਰੱਖੋ, ਪੂਜਾ ਅਤੇ ਪੂਜਾ ਨੂੰ ਇੱਕ ਨਿਯਮਤ ਅਭਿਆਸ ਬਣਾਓ, ਅਤੇ ਸਰੀਰਕ ਸਿਹਤ ਲਈ, ਡੂੰਘੀ, ਆਰਾਮਦਾਇਕ ਨੀਂਦ ਲਓ। ਚੰਗੇ ਸੰਗੀਤ ਦਾ ਆਨੰਦ ਮਾਣੋ, ਜ਼ਿੰਦਗੀ ਦੇ ਹਾਸੇ-ਮਜ਼ਾਕ ਵਾਲੇ ਪਾਸੇ 'ਤੇ ਨਜ਼ਰ ਰੱਖੋ। ਹਾਸਾ, ਮੁਸਕਰਾਹਟ ਅਤੇ ਹਾਸਾ ਇੱਕ ਖੁਸ਼ਹਾਲ ਜੀਵਨ ਦੇ ਰੰਗ ਹਨ, ਅਤੇ ਚੰਗੇ ਲੋਕਾਂ ਨਾਲ ਰਹਿਣਾ ਹਾਲਾਤਾਂ ਦੇ ਜ਼ਖ਼ਮਾਂ 'ਤੇ ਇਲਾਜ ਕਰਨ ਵਾਲੇ ਮਲਮ ਦਾ ਕੰਮ ਕਰਦਾ ਹੈ।

# ਫ਼ਿਲਮ ਲੋਕ

## ਮਾਧੁਰੀ ਦੀਕਸ਼ਤ – ਮੁਸਕਰਾਹਟ ਪਿੱਛੇ ਛੁਪਿਆ ਰਹੱਸ !



ਦਿਲ ਨੂੰ ਮੁਸਕਰਾਹਟ ਅਤੇ ਮਨਮੋਹਕ ਅਦਾਵਾਂ ਨਾਲ ਮਦਹੋਸ਼ ਕਰਨ ਵਾਲੀ ਅਭਿਨੇਤਰੀ ਮਾਧੁਰੀ ਦੀਕਸ਼ਤ ਹੁਣ ਵੈੱਬ ਸੀਰੀਜ਼ 'ਮਿਸੇਜ਼ ਦੇਸ਼ਪਾਂਡੇ' 'ਚ ਸੀਰੀਅਲ ਕਿਲਰ ਦੀ ਭੂਮਿਕਾ 'ਚ ਹੈ। ਇਸ ਵਿਚ ਉਸ ਨੂੰ ਬਾਖ਼ੂਬੀ ਨਿਰਦੇਸ਼ਿਤ ਕੀਤਾ ਹੈ ਨਾਗੇਸ਼ ਕੁਕੂਨੂਰ ਨੇ। ਅੱਜ ਜਿਓ ਹਾਟਸਟਾਰ 'ਤੇ ਪ੍ਰਦਰਸ਼ਿਤ ਹੋਣ ਵਾਲੀ ਇਹ ਸੀਰੀਜ਼ ਫਰੈਂਚ ਸ਼ੋਅ 'ਲਾਮਾਨਟੇ' ਦਾ ਇਕ ਰੂਪ ਹੈ। ਪੇਸ਼ ਹੈ ਨਾਗੇਸ਼ ਅਤੇ ਮਾਧੁਰੀ ਨਾਲ ਹੋਈ ਗੱਲਬਾਤ ਦੇ ਕੁਝ ਵੇਰਵੇ-

**– ਇਸ ਸਾਲ ਸਭ ਤੋਂ ਖ਼ੂਬਸੂਰਤ ਯਾਦਾਂ ਕੀ ਰਹੀਆਂ ਹਨ?**

ਮਾਧੁਰੀ ਇਸ ਬਾਰੇ ਕਹਿੰਦੀ ਹੈ, 'ਮੇਰੇ ਵੱਡੇ ਬੇਟੇ ਦਾ ਇਸ ਸਾਲ ਗਰੈਜੂਏਸ਼ਨ ਹੋਇਆ ਹੈ। ਇਹ ਮੇਰੇ ਲਈ ਬਹੁਤ ਵੱਡਾ ਖ਼ੁਸ਼ੀ ਦਾ ਮੌਕਾ ਸੀ। ਇਸ ਤੋਂ ਬਿਨਾਂ ਇਸ ਸੀਰੀਜ਼ ਨੂੰ ਖ਼ਤਮ ਕੀਤਾ ਗਿਆ ਹੈ। ਬਾਕੀ ਸਭ ਵੀ ਚੰਗਾ ਰਿਹਾ ਹੈ ਇਸ ਸਾਲ।

ਨਾਗੇਸ਼ ਆਖਦੇ ਹਨ ਕਿ ਜੁਲਾਈ ਵਿਚ ਮੇਰਾ ਸ਼ੋਅ 'ਦ ਹੰਟ: ਦ ਰਾਜੀਵ ਗਾਂਧੀ ਅਸੈਸੀਨੇਸ਼ਨ ਕੇਸ' ਪ੍ਰਦਰਸ਼ਿਤ ਹੋਇਆ ਸੀ। ਉਹ ਮੇਰੇ ਲਈ ਬਹੁਤ ਖ਼ਾਸ ਸ਼ੋਅ ਸੀ। ਹੋਰ ਵੀ ਚੰਗੇ ਅਨੁਭਵ ਹੋਏ ਹਨ।

ਇਸ ਸਾਲ ਸਿਤਾਰਿਆਂ ਦੀ ਮੋਟੀ ਫੀਸ ਅਤੇ ਪੈਪਰਾਜ਼ੀ ਦਾ ਮੁੱਦਾ ਬਹੁਤ ਛਾਇਆ ਰਿਹਾ। ਤੁਸੀਂ ਜਦੋਂ ਅਮਰੀਕਾ ਤੋਂ ਵਾਪਸ ਆਏ, ਤਦ ਤੁਹਾਡੇ ਨਾਲ ਪੈਪਰਾਜ਼ੀ ਕਲਚਰ ਦਾ ਕਿਵੇਂ ਦਾ ਅਨੁਭਵ ਰਿਹਾ ਸੀ ?

ਮਾਧੁਰੀ ਕਹਿੰਦੀ ਹੈ, 'ਤੁਸੀਂ ਜੇਕਰ ਜਨਤਕ ਸ਼ਖ਼ਸੀਅਤ ਹੋ ਤਾਂ ਸਾਰਿਆਂ ਨੂੰ ਤੁਹਾਨੂੰ ਜਾਨਣ ਦੀ ਜਗਿਆਸਾ ਤਾਂ ਰਹਿੰਦੀ ਹੈ। ਉਹ ਤੁਹਾਡੇ ਨਾਲ ਸਨਮਾਨ ਨਾਲ ਪੇਸ਼ ਆਉਣ ਅਤੇ ਤੁਸੀਂ ਉਨ੍ਹਾਂ ਨਾਲ ਤਾਂ ਸਭ ਠੀਕ ਹੈ। ਜਿਵੇਂ ਅਸੀਂ ਇੰਸਟਾਗ੍ਰਾਮ 'ਤੇ ਕੁਝ ਪਾਉਂਦੇ ਹਾਂ ਤਾਂ ਉਸ ਦੀ ਚੰਗੀ-ਬੁਰੀ ਪ੍ਰਤਿਕਿਰਿਆ ਤਾਂ ਸਾਹਮਣੇ ਆਉਂਦੀ ਹੀ ਹੈ। ਇਹ ਗੱਲ ਮੈਂ ਆਪਣੇ ਲਈ ਆਖ ਰਹੀ ਹਾਂ। ਰਹੀ ਗੱਲ ਫੀਸ ਦੀ ਤਾਂ ਹਰ ਕਲਾਕਾਰ ਆਪਣੀ ਫੀਸ ਦੱਸਦਾ ਹੈ। ਨਿਰਮਾਤਾ ਉਸ 'ਤੇ ਸਹਿਮਤ ਹੋਣਗੇ ਤਾਂ ਠੀਕ ਹੈ, ਵਰਨਾ ਕੋਈ ਗੱਲ ਨਹੀਂ। ਇਹ ਹਰ ਕਿਸੇ ਦਾ ਨਿੱਜੀ ਮੁੱਦਾ ਹੁੰਦਾ ਹੈ।'

ਨਾਗੇਸ਼ ਇਸ ਬਾਰੇ ਆਖਦੇ ਹਨ ਕਿ ਕਲਾਕਾਰਾਂ ਦੀ ਫੀਸ ਦੇ ਬਾਰੇ ਵਿਚ ਮੈਂ ਹਮੇਸ਼ਾ ਕਿਹਾ ਹੈ ਕਿ ਲੋਕ ਤਾਂ ਮੰਗਣਗੇ ਹੀ। ਜੇ ਮਾਰਕੀਟ ਦੇ ਸਕਦਾ ਹੈ ਤਾਂ ਉਨ੍ਹਾਂ ਨੂੰ ਮਿਲਣਾ ਚਾਹੀਦਾ। ਨਿਸ਼ਚਿਤ ਰੂਪ ਵਿਚ ਇਹ ਖੁੱਲ੍ਹਾ ਬਾਜ਼ਾਰ ਹੈ। ਕੀਮਤ ਮੰਗਣ ਵਿਚ ਇਹ ਕੋਈ ਬੁਰਾਈ ਨਹੀਂ ਹੈ। (ਹੱਸਦੇ ਹੋਏ), ਜਿਥੋਂ ਤਕ ਪੈਪਰਾਜ਼ੀ ਦੀ ਗੱਲ ਹੈ, ਤਾਂ ਮੈਂ ਇੰਟਰਨੈਂਟ ਮੀਡੀਆ ਉਤੇ ਨਹੀਂ ਹਾਂ। ਬਹੁਤ ਘੱਟ ਲੋਕ ਮੇਰੇ ਪਿਛੇ ਪੈਂਦੇ ਹਨ।



ਮਾਧੁਰੀ, ਸ਼ੋਅ ਵਿਚ ਕਾਫੀ ਖਾਣਾ ਬਣਾਇਆ ਅਸਲ ਵਿਚ ਵੀ ਸੈੱਟ ਉਤੇ ਕੁਝ ਪਕਾਇਆ?

ਲੰਬੀ ਜਿਹੀ ਮੁਸਕਰਾਹਟ ਦੇ ਨਾਲ ਮਾਧੁਰੀ ਕਹਿੰਦੀ ਹੈ, 'ਖਾਣਾ ਤਾਂ ਬਣਾਇਆ ਹੀ, ਇਕ ਦਿਲਚਸਪ ਕਿੱਸਾ ਹੋਇਆ। ਸੀਨ ਲਈ ਪ੍ਰੋਡਕਸ਼ਨ ਵਾਲੇ ਮੋਦਕ ਬਣਾਉਣ ਵਾਲੀ ਇਕ ਮਾਹਿਰ ਲਿਆਏ ਸਨ। ਉਹ ਕੁਝ ਨਰਵਸ ਹੋ ਗਈ ਸ਼ਾਇਦ ਕੋਈ ਹੋਰ ਕਾਰਨ ਰਿਹਾ ਪਰ ਉਸ ਕੋਲੋਂ ਮੋਦਕ ਨਹੀਂ ਬਣੇ ਤਾਂ ਮੈਂ ਕਿਹਾ ਕਿ ਚਲੋ, ਮੈਂ ਬਣਾ ਦਿੰਦੀ ਹਾਂ ।'ਨਾਗੇਸ਼ ਇਸ ਬਾਰੇ ਆਖਦੇ ਹਨ ਕਿ ਇਸ ਨਾਲ ਜੁੜਿਆ ਕਿੱਸਾ ਹੈ। ਸ਼ੋਅ ਵਿਚ ਮੋਦਕ ਵਾਲਾ ਸੀਨ ਕਰਦੇ ਸਮੇਂ ਇਕ ਦੋ ਟੇਕਹੋ ਗਏ ਸਨ। ਮੈਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਕੈਟਰਿੰਗ ਵਿਭਾਗ ਨੇ ਸੀਨ ਲਈ ਕੱਚੇ ਮੋਦਕ ਬਣਾ ਕੇ ਰੱਖ ਦਿੱਤੇ ਹਨ। ਅਗਲੇ ਅਤੇ ਤੁਸੀਂ ਉਨ੍ਹਾਂ ਨਾਲ ਤਾਂ ਸਭ ਠੀਕ ਹੈ ।

ਟੇਕ ਵਿਚ ਜਦੋਂ ਕਲਾਕਾਰ ਨੇ ਮੋਦਕ ਖਾਂਦੇ ਹੋਏ ਲਾਈਨ ਬੋਲੀ ਤਾਂ ਉਸ ਦਾ ਸਵਾਦ ਵਿਗੜਿਆ ਹੋਵੇਗਾ, ਮੈਂ ਗੁੱਸੇ ਵਿਚ ਕਿਹਾ, 'ਤੁਹਾਡੀ ਸਮੱਸਿਆ ਕੀ ਹੈ, ਤਦ ਮੈਨੂੰ ਪਤਾ ਲੱਗਾ ਕਿ ਮੋਦਕ ਕੱਚੇ ਸਨ।'

**–'ਮਿਸੇਜ਼ ਦੇਸ਼ਪਾਂਡੇ' ਨੂੰ ਲੈ ਕੇ ਤੁਹਾਡਾ ਕੀ ਦ੍ਰਿਸ਼ਟੀਕੋਣ ਸੀ?**

ਮਾਧੁਰੀ ਇਸ ਬਾਰੇ ਕਹਿੰਦੀ ਹੈ ਕਿ ਇਸ ਸੀਰੀਜ਼ ਲਈ ਨਿਰਦੇਸ਼ਕ ਨਾਗੇਸ਼ ਅਤੇ ਅਪਲਾਜ਼ ਐਂਟਰਟੇਨਮੈਂਟ ਨੇ ਮੇਰੇ ਨਾਲ ਸੰਪਰਕ ਕੀਤਾ ਸੀ। ਮੈਨੂੰ ਲੱਗਾ ਕਿ ਇਕ 'ਸੀਰੀਅਲ ਕਿਲਰ ਅਤੇ ਮੈਂ (ਅੱਖਾਂ ਮਟਕਾਉਂਦੇ ਹੋਏ), ਜਦੋਂ ਸਕਰਿਪਟ ਪੜ੍ਹੀ ਤਾਂ ਸ਼ਾਨਦਾਰ ਲੱਗੀ। ਵੇਖਣ ਨੂੰ ਤਾਂ ਸਾਧਾਰਨ ਘਰੇਲੂ ਔਰਤ ਲੱਗਦੀ ਹੈ ਪਰ ਕਿਰਦਾਰ ਵਿਚ ਪਰਤਾਂ ਹਨ। ਮੈਨੂੰ ਲੱਗਾ ਕਿ ਵੱਖਰਾ ਕਿਰਦਾਰ ਰਰੇਗਾ।

ਇਸ ਬਾਰੇ ਨਾਗੇਸ਼ ਆਖਦੇ ਹਨ ਕਿ ਇਹ ਗੱਲ ਵੇਖਣੀ ਹੁੰਦੀ ਹੈ ਕਿ ਸੱਭਿਆਚਾਰਕ ਰੂਪ 'ਚ ਕੀ ਸਵੀਕਾਰ ਕਰਨਯੋਗ ਹੈ ਅਤੇ ਕੀ ਨਹੀਂ। ਮੂਲ ਸ਼ੋਅ ਵਿਚ ਹਿੰਸਾ ਬਹੁਤ ਸੀ ਪਰ ਭਾਰਤੀ ਸੰਸਕਰਨ ਵਿਚ ਮੈਨੂੰ ਇਹ ਕਿਰਦਾਰ ਪਰਤਦਾਰ ਵੀ ਰੱਖਣਾ ਸੀ ਅਤੇ ਪਸੰਦ ਕਰਨ ਵਾਲਾ ਵੀ । ਮੂਲ ਸ਼ੋਅ ਦਾ ਟੋਨ ਬਹੁਤ ਗੰਭੀਰ ਸੀ ਪਰ ਮੈਨੂੰ ਇਸ ਨੂੰ ਅਜਿਹਾ ਨਹੀਂ ਬਣਾਉਣਾ ਸੀ। ਮੈਨੂੰ ਅਜਿਹਾ ਰੱਖਣਾ ਸੀ ਕਿ ਉਹ ਖਾਣਾ ਬਣਾ ਰਹੀ ਹੈ, ਉਹ ਮੁਸਕਰਾ ਰਹੀ ਹੈ ਪਰ ਅਸੀਂ ਉਸ 'ਤੇ ਬਿਲਕੁਲ ਕੋਈ ਭਰੋਸਾ ਨਹੀਂ ਕਰ ਸਕਦੇ।

ਤੁਹਾਡੇ ਕੋ-ਸਟਾਰ ਰਹੇ ਸਲਮਾਨ ਖ਼ਾਨ ਦਾ ਜਨਮ ਦਿਨ ਆ ਰਿਹਾ। ਹੈ। ਉਹ ਕੀ ਖ਼ਾਸ ਗੱਲ ਹੈ, ਜਿਸ ਨੇ ਉਸ ਨੂੰ 60 ਸਾਲ ਦੀ ਉਮਰ ਵਿਚ ਵੀ ਸੁਪਰ ਸਟਾਰ ਬਣਾ ਰੱਖਿਆ ਹੈ ?

ਉਹ ਜ਼ਮੀਨ ਨਾਲ ਜੁੜੇ ਇਨਸਾਨ ਹਨ। ਉਹ ਅੱਜ ਵੀ 'ਵਨ ਬੈੱਡਰੂਮ' ਘਰ ਵਿਚ ਹੀ ਰਹਿੰਦੇ ਹਨ। ਤੁਸੀਂ ਉਨ੍ਹਾਂ ਨਾਲ ਗੱਲ ਕਰੋਗੇ ਤਾਂ ਤੁਹਾਨੂੰ ਆਪ ਇਹ ਲੱਗੇਗਾ ਕਿ ਉਹ ਬਹੁਤ ਵਧੀਆ ਇਨਸਾਨ ਹਨ।ਉਸ ਦੇ ਪ੍ਰਸੰਸਕ ਕਮਾਲ ਦੇ ਹਨ।

**–ਨਾਗੇਸ਼ ਜੀ, ਤੁਸੀਂ ਲਾਈਮਲਾਈਟ ਤੋਂ ਦੂਰੀ ਕਿਉਂ ਬਣਾਉਂਦੇ ਹੋ?**

(ਠਹਾਕਾ ਮਾਰਦੇ ਹੋਏ), ਇਹ ਜੋ 'ਲਾਈਮਲਾਈਟ' ਹੈ, ਉਸ ਸ਼ਖ਼ਸੀਅਤ ਨੂੰ ਰਾਸ ਵੀ ਤਾਂ ਆਉਣੀ ਚਾਹੀਦੀ ਹੈ। ਇਮਾਨਦਾਰੀ ਨਾਲ ਆਖਾਂ ਤਾਂ ਜਿਵੇਂ ਮਾਧੁਰੀ ਦੀਕਸ਼ਤ 'ਲਾਈਮਲਾਈਟ' ਨਾਲ ਨਜਿੱਠਦੀ ਹੈ, ਮੈਂ ਬਹੁਤ ਹੀ ਘੱਟ ਲੋਕਾਂ ਨੂੰ ਉਸ ਤਰ੍ਹਾਂ ਕਰਦੇ ਵੇਖਿਆ ਹੈ। ਵਰਨਾ ਇਹ ਸਭ ਘਰ ਲੈ ਜਾਣਾ ਵੱਡੀ ਸਮੱਸਿਆ ਹੈ।

**ਮਾਧੁਰੀ ਕਹਿੰਦੀ ਹੈ:–**

"ਤੁਸੀ ਜੇਕਰ ਜਨਤਕ ਸ਼ਖ਼ਸੀਅਤ ਹੋ ਤਾਂ ਸਾਰਿਆਂ ਨੂੰ ਤੁਹਾਨੂੰ ਜਾਨਣ ਦੀ ਜਗਿਆਸਾ ਤਾਂ ਰਹਿੰਦੀ ਹੈ। ਉਹ ਤੁਹਾਡੇ ਨਾਲ ਸਨਮਾਨ ਨਾਲ ਪੇਸ਼ ਆਉਣ ਅਤੇ ਤੁਸੀਂ ਉਨ੍ਹਾਂ ਨਾਲ ਤਾਂ ਸਭ ਠੀਕ ਹੈ।"

## ਅਭਿਨੈ ਹੀ ਜ਼ਿੰਦਗੀ ਦਾ ਮਨੋਰਥ: ਰਜਨੀਕਾਂਤ



ਬੀਤੇ ਦਿਨੀਂ ਗੋਆ ਵਿਚ ਸਮਾਪਤ ਹੋਵੇ 56ਵੇਂ ਇੰਟਰਨੈਸ਼ਨਲ ਫਿਲਮ ਫੈਸਟੀਵਲ ਆਫ਼ ਇੰਡੀਆ ਵਿਚ ਰਜਨੀਕਾਂਤ ਨੂੰ ਸਿਨੇਮਾ ਵਿਚ 50 ਸਾਲ ਦੇ ਯੋਗਦਾਨ ਬਦਲੇ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਸੀ ਕਿ ਸਿਨੇਮਾ ਵਿਚ ਅਭਿਨੈ ਦੇ 50 ਸਾਲ ਮੈਨੂੰ ਕੇਵਲ 10-15 ਸਾਲ ਵਾਂਗ ਲੱਗਦੇ ਹਨ। ਜੇਕਰ 100 ਹੋਰ ਜਨਮ ਲਵਾਂ ਤਾਂ ਹਰ ਵਾਰ ਰਜਨੀਕਾਂਤ ਅਤੇ ਅਭਿਨੇਤਾ ਦੇ ਰੂਪ ਵਿਚ ਹੀ ਜਨਮ ਲੈਣਾ ਚਾਹਾਂਗਾ। ਰਜਨੀਕਾਂਤ ਦੇ ਨਾਂ ਨਾਲ ਪ੍ਰਸਿੱਧੀ ਉਨ੍ਹਾਂ ਨੂੰ ਸਿਨੇਮਾ ਵਿਚ ਆਉਣ 'ਤੇ ਹੀ ਮਿਲੀ। ਉਨ੍ਹਾਂ ਦਾ ਅਸਲੀ ਨਾਂ ਸ਼ਿਵਾਜੀ ਹੈ।

ਸ਼ਿਵਾਜੀ ਨੂੰ ਅਭਿਨੈ ਦੀ ਦੁਨੀਆ ਵਿਚ ਕਦਮ ਰੱਖਣ ਦੀ ਪ੍ਰੇਰਨਾ ਦਾ ਸਿਹਰਾ ਉਸ ਦੇ ਪਰਮ ਮਿੱਤਰ ਰਾਜਾ ਬਦਰ ਨੂੰ ਜਾਂਦਾ ਹੈ। ਦੋਵਾਂ ਨੇ ਇਕ ਹੀ ਦਿਨ ਬੰਗਲੌਰ ਟਰਾਂਸਪੋਰਟ ਸਰਵਿਸ ਵਿਚ ਨੌਕਰੀ ਆਰੰਭ ਕੀਤੀ ਸੀ। ਸ਼ਿਵਾਜੀ ਬੱਸ ਕੰਡਕਟਰ ਸੀ ਅਤੇ ਰਾਜਾ ਬਦਰ ਡਰਾਈਵਰ ਹੋਇਆ ਕਰਦੇ ਸਨ। ਇਸ ਦੌਰਾਨ ਰਜਨੀਕਾਂਤ ਨੇ ਕਈ ਨਾਟਕਾਂ ਵਿਚ ਹਿੱਸਾ ਲਿਆ ਸੀ। ਉਸ ਦੀ ਐਕਟਿੰਗ ਤੋਂ ਪ੍ਰਭਾਵਿਤ ਹੋ ਕੇ ਲੋਕ ਉਸ ਨੂੰ ਸਿਨੇਮਾ ਵਿਚ ਆਪਣਾ ਕਰੀਅਰ ਬਣਾਉਣ ਦੀ ਸਲਾਹ ਦਿੰਦੇ ਸਨ। ਸ਼ਿਵਾਜੀ ਦੀ ਐਕਟਿੰਗ ਵਿਚ ਰੁਚੀ ਨੂੰ ਵੇਖਦਿਆਂ ਹੀ ਰਾਜਾ ਬਦਰ ਨੇ ਉਸ ਨੂੰ ਨਵਗਠਿਤ ਮਦਰਾਸ ਫਿਲਮ ਇੰਸਟੀਚਿਊਟ ਵਿਚ ਦਾਖ਼ਲਾ ਲੈਣ ਦੀ ਸਲਾਹ ਦਿੱਤੀ ਸੀ। ਉਸ ਸਮੇਂ ਸ਼ਿਵਾਜੀ ਨੂੰ ਤਾਮਿਲ ਦਾ ਸਹੀ ਗਿਆਨ ਵੀ ਨਹੀਂ ਸੀ।



ਇੰਸਟੀਚਿਊਟ ਨੇ ਚਾਰ ਦੱਖਣੀ ਭਾਰਤੀ ਭਾਸ਼ਾਵਾਂ ਦੇ ਆਧਾਰ ਉਤੇ ਵਿਦਿਆਰਥੀਆਂ ਦੇ ਅਲੱਗ-ਅਲੱਗ ਗਰੁੱਪ ਬਣਾਏ ਸਨ। ਕਰਨਾਟਕ ਦੇ ਬੇਂਗਲੁਰੂ ਨਾਲ ਸਬੰਧਿਤ ਹੋਣ ਕਾਰਨ ਸ਼ਿਵਾਜੀ ਕਰਨਾਟਰ ਬੈਚ ਨਾਲ ਜੁੜੇ। ਉਥੇ ਉਨ੍ਹਾਂ ਦੀ ਮੁਖੀ ਦੀ ਭੂਮਿਕਾ ਵਿਚ ਪ੍ਰਸਿੱਧ ਕੰਨੜ ਨਿਰਦੇਸ਼ਕ ਐਸਆਰ ਪੁੱਤਨਾ ਕਨਾਗਲ ਸਨ। ਇੰਸਟੀਚਿਊਟ ਵਿਚ ਬਤੌਰ ਗੈਸਟ ਲੈਕਚਰਰ ਨਿਰਦੇਸ਼ਕ ਕੇ ਬਾਲਾ ਚੰਦਰ ਆਏ ਸਨ। ਉਸ ਦੌਰਾਨ ਸ਼ਿਵਾਜੀ ਨੇ ਉਨ੍ਹਾਂ ਨੂੰ ਮਿਲਣ ਦੀ ਆਗਿਆ ਆਪਣੇ ਇਕ ਸਿੱਖਿਆਰਥੀ ਦੇ ਜ਼ਰੀਏ ਮੰਗੀ। ਬਾਲਾ ਚੰਦਰ ਸ਼ਿਵਾਜੀ ਦੇ ਵਿਅਕਤੀਤਵ ਤੋਂਬਹੁਤ ਜ਼ਿਆਦਾ ਪ੍ਰਭਾਵਿਤ ਹੋਏ। ਉਨ੍ਹਾਂ ਸ਼ਿਵਾਜੀ ਨੂੰ ਕਿਹਾ ਕਿ ਉਨ੍ਹਾਂ ਦੀ ਫਿਲਮ 'ਆਪੂਰਵਾ ਰਾਗੰਗਲ' ਵਿਚ ਛੋਟੀ ਜਿਹੀ ਪਰ ਬਹੁਤ ਚੰਗੀ ਭੂਮਿਕਾ ਹੈ ਪਰ ਉਸ ਦੇ ਲਈ ਉਸ ਨੂੰ ਤਾਮਿਲ ਸਿੱਖਣੀ ਹੋਵੇਗੀ। ਸ਼ਿਵਾਜੀ ਨੇ ਇਸ ਸ਼ਰਤ ਨੂੰ ਵੀਹ ਦਿਨਾਂ ਵਿਚ ਪੂਰਾ ਕੀਤਾ। ਉਸ ਸਮੇਂ ਸ਼ਿਵਾਜੀ ਗਣੇਸ਼ਨ ਪ੍ਰਸਿੱਧ ਕਲਾਕਾਰ ਸਨ। ਅਜਿਹੇ ਵਿਚ ਬਾਲਾਚੰਦਰ ਉਸ ਦਾ ਨਾਂ ਵੱਡਾ ਨਾਂ ਸਕਰੀਨ ਉਤੇ ਨਹੀਂ ਵਿਖਾਉਣਾ ਚਾਹੁੰਦੇ ਸਨ ਤਾਂ ਉਨ੍ਹਾਂ ਨੇ ਆਪਣੀ ਫਿਲਮ ਮੇਜਰ ਚੰਦਰਕਾਂਤ ਵਿਚ ਏਵੀਐਸ. ਰਾਜਨ ਦੁਆਰਾ ਨਿਭਾਏ ਪਾਤਰ ਰਜਨੀਕਾਂਤ ਦਾ ਨਾਂ ਉਨ੍ਹਾਂ ਨੂੰ ਦਿੱਤਾ। ਰਜਨੀਕਾਂਤ ਦਾ ਅਰਥ ਹੁੰਦਾ ਹੈ- ਰਾਤ ਦਾ ਰੰਗ। ਇਹ ਉਨ੍ਹਾਂ ਦੇ ਰੰਗ ਉਤੇ ਇਕ ਤਰ੍ਹਾਂ ਟਿੱਪਣੀ ਹੀ ਸੀ।

ਦਰਅਸਲ ਉਸ ਸਮੇਂ ਕੋਈ ਨਿਰਦੇਸ਼ਕ ਗਹਿਰੇ ਰੰਗ ਦੇ ਕਲਾਕਾਰ ਨੂੰ ਕਾਸਟ ਨਹੀਂ ਕਰਦਾ ਸੀ। ਉਸ ਦੇ ਬਾਅਦ ਇਸ ਨਾਂ ਨੇ ਸਿਨੇਮਾ ਵਿਚ ਇਤਿਹਾਸ ਰਚ ਦਿੱਤਾ। ਰਜਨੀਕਾਂਤ ਅੱਜ ਵੀ ਨਵੀਂ ਤਕਨੀਕ ਸਿੱਖਦੇ ਰਹਿੰਦੇ ਹਨ ਅਤੇ ਆਪਣੀ ਐਕਟਿੰਗ ਦੇ ਦਾਇਰੇ ਨੂੰ ਵਧਾਉਂਦੇ ਰਹਿੰਦੇ ਹਨ। ਇਹ ਨਿਰੰਤਰਤਾ ਹੀ ਰਜਨੀਕਾਂਤ ਨੂੰ ਆਪਣੇ ਖੇਤਰ 'ਚ ਕਾਮਯਾਬ ਬਣਾ ਰਹੀ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 4201 Saturn way Union city CA 94587
2. 6746 Sapphire Street Dublin CA 94568
3. 7722 Curry Dr Gilroy CA 95020
4. 4643 Sloan St Fremont CA 94538
5. 5645 Evergreen terr Fremont CA 94536
6. 1916 Ticino Ct Pleasanton CA 94566
7. 776 Vereda ct San Jose CA 95123
8. 8455 Peachtree Ave Newark CA 94560
9. 2169 Charger Dr San Jose CA 95131
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 30252 Cedarbrook Dr Hayward ca 94544
14. 4452 Alice Way Union city CA 94587

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20